ਕੈਨੇਡਾ ਦਰਪਣ

ਨਵੰਬਰ 16, 1985

November 16, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Weekending November 16, 1985 Vol. 4 No. 44 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473

ਫੈਡਰੇਸ਼ਨ ਦੇ ਬੁਲਾਰੇ

ਮਨਮੋਹਨ ਸਿੰਘ ਦੇ ਘਰ ਛਾਪਾ

ਤਲਵਿੰਦਰ ਸਿੰਘ ਪ੍ਰਮਾਰ ਹਿਰਾਸਤ ਵਿਚ

ਕਈ ਹੋਰ ਘਰਾਂ ਵਿਚ ਛਾਪੇ ਮਾਰੇ ਗਏ

ਛਪਦੇ ਛਪਦੇ ......

ਵੈਨਕੂਵਰ — ਅਪੁਸ਼ਟ ਖਬਰਾਂ ਅਨੁਸਾਰ ਬੁੱਧਵਾਰ ਸ਼ਾਮ ਨੂੰ ਇੰਟਰਨੈਸ਼ਨਲ ਯੂਥ ਫੈਡਰੇਸ਼ਨ ਦੇ ਬੁਲਾਰੇ ਮਨਮੋਹਨ ਸਿੰਘ ਦੇ ਘਰ ਛਾਪਾ ਮਾਰਿਆ ਗਿਆ। ਉਸਦੇ ਪੰਜਾਬ ਰੈਸਟੋਰੈਂਟ ਦੀ ਵੀ ਤਲਾਸ਼ੀ ਲਈ ਗਈ। ਇਕ ਸੂਤਰ ਅਨੁਸਾਰ ਉਸ ਕੋਲੋਂ ਪੰਜ ਰਫਲਾਂ ਅਤੇ ਇਕ ਹੈਂਡ ਗੰਨ ਬਰਾਮਦ ਕੀਤਆਂ ਗਈਆਂ। ।ਵੈਨਕੂਵਰ ਵਿਚ ਪੁਲਸ ਕਾਫੀ ਸਰਗਰਮ ਦੱਸੀ ਗਈ ਹੈ।

ਤਲਵਿੰਦਰ ਸਿੰਘ ਪਰਮਾਰ ਗ੍ਰਿਫਤਾਰ

ਉਸੇ ਸੂਤਰ ਅਨੁਸਾਰ ਪਤਾ ਲੱਗਾ ਹੈ ਕਿ ਤਲਵਿੰਦਰ ਸਿੰਘ ਪਰਮਾਰ ਦੇ ਘਰ ਦੀ ਤਲਾਸ਼ੀ ਲਈ ਗਈ ਹੈ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਏਅਰ ਇੰਡੀਆ ਦੁਰਘਟਨਾ ਦੇ ਸਬੰਧ ਵਿਚ ਗ੍ਰਿਫਤਾਰ ਤਾਰੀ ਕੀਤੀ ਗਈ।

ਹੋਰ ਘਰਾਂ ਵਿਚ ਪੁਲਸ ਦੇ ਛਾਪੇ

ਇਕ ਸੂਚਨਾ ਅਨੁਸਾਰ ਕੁਝ ਹੋਰ ਬੰਦਿਆਂ ਦੇ ਘਰਾਂ ਵਿਚ ਵੀ ਪੁਲਸ ਵਲੋਂ ਛਾਪੇ ਮਾਰੇ ਗਏ ਹਨ।

ਪੁੱਛ-ਪੜਤਾਲ ਸ਼ੁਰੂ

ਹਿੰਸਾਤਮਕ ਘਟਨਾਵਾਂ ਵਿਚ ਸ਼ਾਮਲ ਲੋਕਾਂ ਦੀ ਪੁੱਛ-ਪੜਤਾਲ ਵੀ ਪੁਲਸ ਵਲੋਂ ਸ਼ੁਰੂ ਕੀਤੀ ਗਈ ਦੱਸੀ ਗਈ ਹੈ।

ਇੰਦਰਜੀਤ ਸਿੰਘ ਰਿਆੜ ਡੰਕਨ ਵਿਚ ਗ੍ਰਿਫਤਾਰ

ਡੰਕਨ ਵਿਚ ਪੁਲਸ ਨੇ ਇੰਦਰਜੀਤ ਸਿੰਘ ਰਿਆੜ ਨੂੰ ਗ੍ਰਿਫਤਾਰ ਕਰ ਲਿਆ ਹੈ। ਸ਼ੱਕ ਕੀਤਾ ਜਾਂਦਾ ਹੈ ਕਿ ਇਹ ਸਾਰੀਆਂ ਗ੍ਰਿਫਤਾਰੀਆਂ ਏਅਰ ਇੰਡੀਆ ਦੀ ਦੁਰਘਟਨਾ ਨਾਲ ਸਬੰਧਤ ਹਨ।

ਪੰਜਾਬ ਵਜ਼ਾਰਤ ਵਿਚ ਵਾਧਾ ਇਸ ਹਫਤੇ


ਚੰਡੀਗੜ੍ਹ — ਇਕ ਖਬਰ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਇਸੇ ਹਫਤੇ ਪੰਜਾਬ ਵਜ਼ਾਰਤ ਵਿਚ ਵਾਧਾ ਕਰਨ ਦੀ ਸੋਚ ਰਹੇ ਹਨ। ਪਤਾ ਲੱਗਾ ਹੈ ਕਿ ਬਾਰਾਂ ਮੰਤਰੀ ਹੋਰ ਸ਼ਾਮਲ ਕੀਤੇ ਜਾ ਰਹੇ ਹਨ।

ਸ਼ਰੋਮਣੀ ਕਮੇਟੀ ਦ ਦੀ ਇਲੈਕਸ਼ਨ ਸੰਯੁਕਤ ਦਲ ਦੇ ਨੇਤਾ ਭੰਨ ਤੋੜ ਵਿਚ ਸਰਗਰਮ ਹਨ ਪਰ ਆਸ ਕੀਤੀ ਜਾਂਦੀ ਹੈ ਕਿ ਗੁਰਚਰਨ ਸਿੰਘ ਨੌਂ ਟੌਹੜਾ ਮੁੜ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣਗੇ।

ਦੀਵਾਲੀ ਮੁਬਾਰਕ

ਕੈਨੇਡਾ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕ ਆਗੂ ਉਪਰ ਨਾਕਾਮ ਕਤਲਾਨਾ ਹਮਲਾ

ਹਮਲਾਵਰ ਦੌੜਨ ਵਿਚ ਸਫਲ



ਵੈਨਕੂਵਰ — 'ਦੀ ਸਨ' ਪੇਪਰ ਅਨੁਸਾਰ ਦੱਸਿਆ ਜਾਂਦਾ ਹੈ ਕਿ ਇਕ ਦਿ ਨ ਜਦੋਂ ਓ ਹਰਦਿਆਲ ਸਿੰਘ 'ਕਾਰ ਐਲੀਮੈਂਟਰੀ ਸਕੂਲ' ਵਿਚ ਜਿਥੇ ਕਿ ਉਹ ਇਜਨੀਅਰ ਵਜੋਂ ਕੰਮ ਕਰਦੇ ਹਨ ਝੰਡਾ ਚੜ੍ਹਾ ਰਹੇ ਸਨ ਤਾਂ ਤਿੰਨ ਵਿਅਕਤੀਆਂ ਨੇ ਉਹਨਾਂ ਨੂੰ ਘੇਰ ਲਿਆ ਅਤੇ ਲੋਹੇ ਦੀਆਂ ਛੜੀਆਂ ਨਾਲ ਕੁੱਟਣਾ ਸ਼ੁਰੂ ਕੀਤਾ। ਹਮਲਾਆਵਰਾਂ ਮੁਤਾਬਿਕ ਉਹ "ਹਰਦਿਆਲ ਜੌਲ ਨੂੰ ਕੇਂਦਰ ਅਕਾਲੀ ਸਮਝੌਤੇ ਦੀ ਵਧਾਈ ਦੇਣ ਆਏ ਸਨ।' ਜੌਹਲ ਹੋਰਾਂ ਨੂੰ ਲੱਤ ਅਤੇ ਮੋਢੇ ਉਤੇ ਸੱਟਾ ਲਗੀਆਂ। ਸ਼ਹੀਦ ਸੰਤ ਲੌਂਗੋਵਾਲ ਜੀ 1982 ਵਿਚ ਜਦੋਂ ਵੈਨਕੂਵਰ ਆਏ ਤਾਂ ਸ: ਹਰਦਿਆਲ ਸਿੰਘ ਜੌਹਲ ਹੋਰਾਂ ਦੇ ਘਰ ਹੀ ਠਹਿਰੇ ਸਨ।

ਹਰਦਿਆਲ ਸਿੰਘ ਜੌਹਲ ਹੋਰਾਂ ਨੇ ਫੋਨ ਤੇ ਦੱਸਿਆ ਕਿ ਮੈਂ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਸਾਢੇ ਛੇ ਵਜੇ ਘਰੋਂ ਤੁਰਿਆ ਅਤੇ 6 ਵੱਜ ਕੇ 40 ਮਿੰਟ ਉਤੇ ਡਿਊਟੀ ਤੇ ਜਾ ਹਾਜ਼ਰ ਹੋਇਆ। ਹੀਟਿੰਗ ਪਲਾਂਟ ਸਟਾਰਟ ਕਰਕੇ ਸਕੂਲ ਦੇ ਦਰਵਾਜੇ ਬਗੈਰਾ ਖੋਲ੍ਹ ਕੇ ਲਾਈਟਾਂ ਜਗਾ ਕੇ ਰੋਜ਼ਾਨਾ ਦੀ ਤਰ੍ਹਾਂ ਸਕੂਲ ਦੇ ਮੂਹਰੇ ਕੈਨੇਡੀਅਨ ਫਲੈਗ ਚੜ੍ਹਾਉਣ ਲਈ ਜਾ ਰਿਹਾ ਸੀ।

ਉਨ੍ਹਾਂ ਦੱਸਿਆ 'ਜਿਉਂ ਹੀ ਮੈਂ ਤਕਰੀਬਨ ਸੱਤ ਫੁੱਟ ਲੰਮੀ ਪੌੜੀ ਅਤੇ ਕੈਨੇਡੀਅਨ ਫਲੈਗ ਲੈ ਕੇ ਸਕੂਲ ਦੀ ਬੇਸਮੈਂਟ ਦੇ ਦਰਵਾਜ਼ੇ ਤੋਂ ਬਾਹਰ ਨਿਕਲਿਆ ਤਾਂ ਮੇਰੇ ਉਪਰ ਉਪਰ ਤਿੰਨ ਅਣਪਛਾਤੇ ਆਦਮੀਆਂ ਨੇ ਹਮਲਾ ਕਰ ਦਿਤਾ।'

ਉਨ੍ਹਾਂ ਅੱਗੇ ਦੱਸਿਆ "ਮੈਂ ਕਿਹਾ, "ਕੀ ਗੱਲ ਹੈ, ਕੀ ਗੱਲ ਹੈ ਬਾਈ ?" ਅੱਗੋਂ ਇਕ ਬੰਦਾ ਬੋਲਿਆ, "ਆ ਤੈਨੂੰ ਦੇਈਏ ਸਮਝੌਤੇ ਦੀਆਂ ਵਧਾਈਆਂ।"

ਸ: ਜੌਹਲ ਨੇ ਅੱਗੇ ਦੱਸਿਆ ਕਿ 'ਪੌੜੀ ਦੇ ਨਾਲ ਮੈਂ ਪੂਰਾ ਮੁਕਾਬਲਾ ਕੀਤਾ। ਉਨ੍ਹਾਂ ਦੇ ਵੀ ਕੁਝ ਨਾ ਕੁਝ ਜ਼ਰੂਰ ਸੱਟਾਂ ਵੱਜੀਆਂ ਹਨ। ਇਕ ਬੰਦਾ ਪੌੜੀ ਲੱਗਣ ਨਾਲ ਹੇਠਾਂ ਵੀ ਡਿਗ ਪਿਆ ਸੀ। ਪੌੜੀ ਕਰਕੇ ਹੀ ਮੇਰਾ ਸਾਰਾ ਬਚਾਅ ਹੋਇਆ ਹੈ। ਪਰ ਮੇਰੀ ਖੱਬੀ ਲੱਤ ਉਤੇ ਦੋ ਥਾਈਂ ਖੱਬੇ ਮੋਢੇ ਉਪਰ ਅਤੇ ਸੱਜੇ ਗੁੱਟ ਉਪਰ ਉਹ ਸੱਟਾਂ ਮਾਰ ਗਏ। ਲੱਤ ਦੀ ਲੱਗੀ ਸੱਟ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਕੋਲ ਕੋਈ ਮਜ਼ਬੂਤ ਲੋਹੇ ਦੀ ਤਿੰਨ ਚਾਰ ਫੁੱਟ ਲੰਮੀ ਚੀਜ਼ ਹੋਵੇਗੀ ਜਿਸ ਨਾਲ ਕਿ ਪੈਂਟ ਵਿਚ ਦੀ ਲੱਗ ਕੇ ਲੱਤ ਉਪਰ ਜ਼ਖਮ ਹੋ ਕੇ ਲਹੂ ਨਿਕਲਿਆ।'

ਉਨ੍ਹਾਂ ਕਿਹਾ, "ਇਤਨੇ ਨੂੰ ਮੈਂ ਸਕੂਲ ਦਾ ਫਾਇਰ ਅਲਾਰਮ ਖਿਚਣ ਵਿਚ ਕਾਮਯਾਬ ਹੋ ਗਿਆ। ਫਾਇਰ ਇਕਸਇੰਗੂਅਰਸ਼ਰ ਨਾਲ ਫੇਰ ਮੁਕਾਬਲਾ ਕਰ ਰਿਹਾ ਸੀ ਤਾਂ ਉਹ ਅਲਾਰਮ ਦੀਆਂ ਘੰਟੀਆਂ ਤੇਜ਼ ਹੋਣ ਨਾਲ ਡਰ ਕੇ ਦੌੜ ਗਏ।"

ਤਿੰਨ ਹਮਲਾਆਵਰਾਂ ਬਾਰੇ ਦੱਸਦੇ ਹੋਏ ਉਨ੍ਹਾਂ ਕਿਹਾ ਕਿ "ਦੋ ਬੰਦੇ ਦਾਹੜੀ ਪੱਗਾਂ ਵਾਲੇ ਸਨ ਅਤੇ ਉਨ੍ਹਾਂ ਦੇ ਮੂੰਹ ਕੱਪੜੇ ਨਾਲ ਲਪੇਟੇ ਹੋਏ ਸਨ। ਇਕ ਕਲੀਨ-ਸ਼ੇਵਨ ਭਾਈ ਸੀ।"

ਉਨ੍ਹਾਂ ਦੱਸਿਆ ਕਿ 'ਏਨੇ ਨੂੰ ਫਾਇਰ ਬਰਗੇਡ ਵਾਲੇ ਪਹੁੰਚ ਗਏ — ਉਨ੍ਹਾਂ ਨੇ ਫਸਟਏਡ ਕੀਤੀ ਅਤੇ ਐਂਬੂਲੈਂਸ ਬੁਲਾਈ ਅਤੇ ਪੁਲੀਸ ਨੂੰ ਖਬਰ ਕਰ ਦਿਤੀ। ਵੈਨਕੂਵਰ ਜਨਰਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਮੈਂ ਤਕਰੀਬਨ ਤਿੰਨ ਘੰਟੇ ਰਿਹਾ। ਲੱਤ ਅਤੇ ਮੋਢੇ ਦੇ ਐਕਸਰੇ ਲਏ ਗਏ। ਹੱਡੀ ਬਗੈਰਾ ਟੁਟਣ ਤੋਂ ਬਚਾਅ ਹੋ ਗਿਆ। ਜ਼ਖਮ ਅਤੇ ਸੋਜਾ ਬਹੁਤ ਸੀ।'

ਇਸ ਮਾੜੀ ਘਟਨਾ ਦੀ ਨਿੰਦਾ ਕੀਤੀ ਗਈ

ਇਸ ਮਾੜੀ ਘਟਨਾ ਨੂੰ ਸੁਣਦੇ ਸਾਰ ਹੀ ਕਮਿਊਨਿਟੀ ਦੇ ਸਿਰ ਕੱਢ ਸਿਆਣੇ ਸੱਜਣਾਂ ਵਲੋਂ ਇਸ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਸ: ਹਰਦਿਆਲ ਸਿੰਘ ਜੌਹਲ ਜੀ ਨਾਲ ਹਮਦਰਦੀ ਜਿਤਾਈ ਗਈ।

1. ਤੁਰੰਤ ਹੀ 2 ਨਵੰਬਰ 1985 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਮਰਥਕਾਂ ਵਲੋਂ ਇਕ ਮੀਟਿੰਗ ਬਰਟਾਨੀਆਂ ਸਕੂਲ ਵਿਚ ਸੱਦੀ ਗਈ ਜਿਸ ਵਿਚ 70-75 ਹਾਜ਼ਰ ਸਜਣਾਂ ਨੇ ਹਿਸਾ ਲਿਆ। ਇਸ ਮੌਕੇ ਤੇ ਗਿ: ਜੈਅ ਸਿੰਘ, ਮਾਸਟਰ ਉਜਾਗਰ ਸਿੰਘ ਸਿੰਘ ਜੀ ਸੋਹੀ, ਪੂਰਨ ਸਿੰਘ ਗਿੱਲ ਅਤੇ ਹੋਰ ਬੁਲਾਰਿਆਂ ਨੇ ਇਸ ਘਿਨਾਉਣੀ ਅਤੇ ਬੁਜ਼ਦਿਲੀ ਭਰਪੂਰ ਘਟਨਾ ਦੀ ਪੁਰਜ਼ੋਰ ਨਿੰਦਾ ਕੀਤੀ।
2. ਖਾਲਸਾ ਦੀਵਾਨ ਸੁਸਾਇਟੀ, ਰੌਸ ਸਟਰੀਟ ਦੇ ਸਾਬਕਾ ਪ੍ਰਧਾਨ ਸਾਹਿਬਾਨ ਭਾਈ ਗੁਰਦਿਆਲ ਸਿੰਘ ਨੀਲ, ਭਾਈ ਸੁਰਜੀਤ ਸਿੰਘ ਗਿੱਲ, ਭਾਈ ਮਹਿੰਦਰ ਸਿੰਘ ਗਿੱਲ, ਭਾਈ ਸੋਹਣ ਸਿੰਘ ਦਿਓ, ਮੋਤਾ ਸਿੰਘ ਝੀਤਾ, ਭਾਈ ਅਜੀਤ ਸਿੰਘ ਨੱਨਰ, ਸਾਬਕਾ ਸਕੱਤਰ ਸਾਹਿਬਾਨ ਭਾਈ ਗੁਰਚਰਨ ਸਿੰਘ ਧਾਲੀਵਾਲ, ਸੁਰਜੀਤ ਸਿੰਘ ਗਿੱਲ(ਸੁਧਾਰ), ਅਵਤਾਰ ਸਿੰਘ ਧੱਤ, ਕੇਹਰ ਸਿੰਘ ਰੰਧਾਵਾ, ਮੇਜਰ ਸਿੰਘ ਬਰਾੜ ਅਤੇ ਸ਼ੌਕੀਨ ਸਿੰਘ ਸੰਘੇੜਾ ਆਦਿ ਸਾਬਕਾ ਪ੍ਰਬੰਧਕਾਂ ਨੇ ਘਰੇ ਆ ਕੇ ਜਾਂ ਫੂਨਾਂ ਰਾਹੀਂ ਹਮਦਰਦੀ ਦਾ ਇਜ਼ਹਾਰ ਕਰਦੇ ਹੋਏ ਇਸ ਮਾੜੀ ਘਟਨਾ ਦੀ ਨਿਖੇਧੀ ਕੀਤੀ।
3. ਗੁ: ਸੁਖ ਸਾਗਰ ਦੇ ਪ੍ਰਧਾਨ ਸਾਹਿਬ ਸ: ਗੁਰਮੀਤ ਗਿੱਲ, ਮੀਤ ਪ੍ਰਧਾਨ ਸ: ਨਰਿੰਦਰ ਸਿੰਘ ਭੁੱਲਰ ਸਾਬਕਾ ਪ੍ਰਬੰਧਕ ਸ: ਠਾਕਰ ਸਿੰਘ ਮਾਨ, ਅਜਾਇਬ ਸਿੰਘ ਘੁਮਾਣ, ਆਦਿ ਸਜਣਾਂ ਨੇ ਨਿਖੇਧੀ ਕੀਤੀ।
4. ਅਕਾਲੀ ਸਿੰਘ ਸੁਸਾਇਟੀ ਵੈਨਕੂਵਰ ਦੇ ਸਕੱਤਰ ਸਾਹਿਬ ਸ: ਗੁਰਦੀਪ ਸਿੰਘ ਅਟਵਾਲ, ਸਾਬਕਾ ਚੇਅਰਮੈਨ ਸ: ਰੇਸ਼ਮ ਸਿੰਘ ਸੰਧਰ, ਸਾਬਕਾ ਪਰਧਾਨ ਸ: ਪ੍ਰੀਤਮ ਸਿੰਘ ਔਲਖ ਸਾਬਕਾ ਸਕੱਤਰ ਸ: ਪਿਆਰਾ ਸਿੰਘ ਬਸਣ ਆਦਿ ਜ਼ਿੰਮੇਵਾਰ ਸਜਣਾਂ ਨੇ ਹਮਦਰਦੀ ਦਾ ਇਜ਼ਹਾਰ ਕੀਤਾ।
5. ਗੁ: ਸਾਹਿਬ ਸਰੀ, ਐਬਟਸਫੋਰਡ, ਵਿਲੀਅਮਜ਼ਲੇਕ, ਕੁਨੈਲ, ਪ੍ਰਿੰਸ ਜੌਰਜ ਅਤੇ ਕੈਮਲੂਪਸ ਤੋਂ ਵੀ ਫੂਨਾਂ ਰਾਹੀਂ ਇਸ ਹੋਈ ਮਾੜੀ ਘਟਨਾਂ ਦੀ ਨਿਖੇਧੀ ਦੇ ਸੰਦੇਸ਼ ਸ: ਹਰਦਿਆਲ ਸਿੰਘ ਜੌਹਲ ਜੀ ਨੂੰ ਪੁਜੇ।

ਯਾਦ ਰਹੇ ਕਿ ਸ: ਹਰਦਿਆਲ ਸਿੰਘ ਜੀ ਜੌਹਲ ਨੇ 24 ਜੁਲਾਈ 1985 ਨੂੰ ਸਵਰਗਵਾਸੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨਾਲ ਸਮਝੌਤਾ ਹੋਣ ਤੋਂ ਬਾਅਦ ਵਿਚ ਟੈਲੀਫੋਨ ਉਪਰ ਗੱਲਬਾਤ ਕਰਕੇ ਕੈਨੇਡਾ ਦੇ ਲੋਕਲ ਪੇਪਰਾਂ ਵਿਚ ਸਮਝੌਤੇ ਦੇ ਹੱਕ ਵਿਚ ਲਿਖਿਆ ਸੀ ਅਤੇ ਉਸ ਉਪਰੰਤ ਸੰਤ ਜੀ ਦੇ ਕਤਲ ਉਪਰੰਤ ਲੇਖ ਲਿਖਕੇ ਪੇਪਰਾਂ ਵਿਚ ਛਾਪੇ ਸਨ ਅਤੇ ਗੁਰਦੁਆਰਿਆਂ ਦੀਆਂ ਸਟੇਜਾਂ ਉਪਰ ਸੰਤ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਸਨ।

ਜੌਹਲ ਸਾਹਿਬ ਉਪਰ ਇਹ ਹਮਲਾ ਬੋਲਣ ਅਤੇ ਲਿਖਣ ਦੀ ਆਜ਼ਾਦੀ ਉਪਰ ਹਮਲਾ ਹੈ। ਜਿਸ ਦੀ ਕਿ ਜਿਤਨੀ ਵੀ ਨਿੰਦਾ ਕੀਤੀ ਜਾਵੇ ਥੋੜੀ ਹੈ।

ਰਣਜੀਤ ਸਿੰਘ ਰੰਧਾਵਾ ਤੇ ਕਰਨੈਲ ਸਿੰਘ ਦੁਸਾਂਝ ਹੈਰੋਇਨ ਦੇ ਦੋਸ਼ ਵਿਚ ਫੜੇ ਗਏ

ਇਕ 17 ਸਾਲਾ ਮੁਟਿਆਰ ਵੀ ਗ੍ਰਿਫਤਾਰ

ਵੈਨਕੂਵਰ — ਪਿਛਲੇ ਦਿਨੀਂ ਵੈਨਕੂਵਰ ਪੁਲੀਸ ਨੇ ਬੜੇ ਭਾਰੀ ਸਮਗਲਿੰਗ ਰਿੰਗ ਨੂੰ ਫੜਿਆ। ਸਾਊਥ ਮੈਰੀਨ ਡਰਾਈਵ ਦੇ ਇਕ ਘਰ ਵਿਚ ਮਾਰੇ ਛਾਪੇ ਵਜੋਂ ਇਕ ਕਿਲੋ ਹੈਰੋਇਨ ਫੜੀ ਅਤੇ ਰਣਜੀਤ ਸਿੰਘ ਰੰਧਾਵਾ ਸਰ੍ਹੀ ਨਿਵਾਸੀ ਕਰਨੈਲ ਸਿੰਘ ਦੋਸਾਂਝ ਵੈਨਕੂਵਰ ਨਿਵਾਸੀਆਂ ਨੂੰ ਗ੍ਰਿਫਤਾਰ ਕੀਤਾ।

ਇਹਨਾਂ ਨਾਲ ਇਕ ਗੋਰਾ ਵੀ ਹਿੱਸੇਦਾਰ ਹੈ। ਉਹਨਾਂ ਨੂੰ ਸਮਗਲਿੰਗ ਅਤੇ ਨਸ਼ੇ ਰਖਣ ਦੇ ਦੋਸ਼ ਵਿਚ ਚਾਰਜ ਕੀਤਾ ਗਿਆ ਹੈ ਇਸਦੇ ਨਾਲ ਹੀ ਇਕ ਹੋਰ 17 ਸਾਲਾ ਲੜਕੀ ਨੂੰ ਕਸਟਮ ਵਾਲਿਆਂ ਏਅਰ ਪੋਰਟ ਉਤੇ ਇਕ ਕਿਲੋ ਹੈਰੋਇਨ ਲਿਆਉਂਦੀ ਨੂੰ ਫੜਿਆ। ਪੁਲਸ ਅਨੁਸਾਰ ਵੈਨਕੂਵਰ ਸ਼ਹਿਰ ਵੈਸਟ ਕੋਸਟ ਵਿਚ ਨਸ਼ਿਆਂ ਦੀ ਰਾਜਧਾਨੀ ਹੈ।

'ਸਨ' ਦੀ ਖਬਰ ਅਨੁਸਾਰ ਜੋ ਹੈਰੋਇਨ ਫੜੀ ਗਈ ਹੈ ਉਸ ਦਾ ਭਾਰ ਇਕ ਕਿਲੋ ਤੇਰਾਂ ਗਰਾਮ ਸੀ ਅਤੇ ਜਿਸ ਦੀ ਕੀਮਤ ਪੰਜਾਹ ਲੱਖ ਡਾਲਰ ਦੱਸੀ ਗਈ ਹੈ।

ਵੈਨਕੂਵਰ ਆਰ. ਸੀ. ਐਮ. ਪੀ. ਦੇ ਸਾਰਜੈਂਟ ਜਿੰਮ ਸਿੰਪਸਨ ਅਨੁਸਾਰ ਰਣਜੀਤ ਸਿੰਘ ਰੰਧਾਵਾ ਦਾ ਪਤਾ 14210-72 ਏ ਸਟਰੀਟ ਸਰੀ ਹੈ ਜਦ ਕਿ ਕਰੈਲ ਸਿੰਘ ਦੁਸਾਂਝ 851 ਸਾਊਥ ਈਸਟ ਮੈਰੀਨ ਡਰਾਈਵ ਵੈਨਕੂਵਰ ਦਾ ਰਹਿਣ ਵਾਲਾ ਹੈ। ਤੀਜੇ ਕਥਿਤ ਦੋਸ਼ੀ ਰਿਚਰਡ ਹਰਵੀ ਅਰਕਾਜੇਲੈਂਟੀ ਦਾ ਪੱਕਾ ਪਤਾ ਨਹੀਂ ਹੈ। ਇਨ੍ਹਾਂ ਸਾਰਿਆਂ ਉਪਰ ਹੈਰੋਇਨ ਕੈਨੇਡਾ ਵਿਚ ਲਿਆਉਣ ਦੀ ਸਾਜ਼ਿਸ਼ ਅਤੇ ਹੈਰੋਇਨ ਦਾ ਵਪਾਰ ਕਰਨ ਦਾ ਦੋਸ਼ ਲੱਗਾ ਹੈ।

ਰੰਧਾਵਾ ਅਤੇ ਦੁਸਾਂਝ ਨੂੰ ਮੰਗਲਵਾਹਰ ਕੋਰਟ ਵਿਚ ਪ੍ਰੇਸ਼ ਕੀਤਾ ਗਿਆ ਜਿਥੇ ਸ਼ੁਕਰਵਾਰ ਤੱਕ ਉਨ੍ਹਾਂ ਦਾ ਰੀਮਾਂਡ ਲੈ ਲਿਆ ਗਿਆ।

ਸ਼ਨਿਚਰਵਾਰ ਨੂੰ ਇਕ ਸਤਾਰਾਂ ਸਾਲਾਂ ਦੀ ਲੜਕੀ ਵੀ ਫੜੀ ਗਈ ਜੋ ਹਾਂਗਕਾਂਗ ਦੀ ਦੱਸੀ ਗਈ ਹੈ। ਉਸਨੂੰ ਏਅਰਪੋਰਟ ਉਤੇ ਫੜਿਆ ਗਿਆ ਉਸ ਕੋਲ ਇਕ ਕਿਲੋ ਖਾਲਸ ਹੈਰੋਇਨ ਫੜੀ ਗਈ ਜਿਸ ਦੀ ਕੀਮਤ ਵੀਹ ਲੱਖ ਡਾਲਰ ਹੈ।

ਰਿਚਮੰਡ ਆਰ. ਸੀ. ਐਮ. ਪੀ. ਵਲੋਂ ਤਫਤੀਸ਼ ਜਾਰੀ ਹੈ।

ਏਅਰ ਇੰਡੀਆ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਫੰਡ ਇਕੱਠਾ

ਏਅਰ ਇੰਡੀਆ ਦੀ ਦੁਰਘਟਨਾ ਵਿਚ ਮਾਰੇ ਗਏ ਮੁਸਾਫਰਾਂ ਦੀ ਯਾਦ ਵਿਚ ਟੋਰਾਂਟੋ ਦੇ ਇਕ ਕਰੈਡਿਟ ਵੈਲੀ ਹਸਪਤਾਲ ਦਾ ਹਿੱਸਾ ਬਣਾਉਣ ਲਈ ਫੰਡ ਇਕੱਠਾ ਕਰਨ ਦੀ ਮੁਹਿਮ ਸ਼ੁਰੂ। 329 ਮੁਸਾਫਰਾਂ ਦੇ ਨਾਂ ਤੇ 1000 ਡਾਲਰ ਪ੍ਰਤੀ ਮੁਸਾਫਰ ਦੇ ਲਗਭਗ ਇਕੱਠਾ ਹੋਣ ਦੀ ਆਸ ਹੈ। ਇਹ ਹਸਪਤਾਲ ਪੀਅਰਸਨ ਏਅਰ ਪੋਰਟ ਦੇ ਬਿਲਕੁਲ ਨਾਲ ਹੈ ਜਿਥੋਂ ਕਿ ਇਹ ਜਹਾਜ਼ ਉਡਿਆ ਸੀ। ਫੰਡ ਇਸ ਪਤੇ ਉਤੇ ਭੇਜਿਆ ਜਾ ਸਕਦਾ ਹੈ:— Royal Bank of Canada Toronto ਜਾਂ ਸਿੱਧੇ ਹਸਪਤਾਲ ਨੂੰ 4 Robert Speck Parkway, Mississauga L4Z 1S1

ਸਾਡਾ ਅਗਲਾ ਅੰਕ ਵਿਸ਼ੇਸ਼ ਸਾਲਾਨਾ ਅੰਕ ਅਤੇ ਗੁਰੂ ਨਾਨਕ ਅੰਕ ਹੋਵੇਗਾ

ਇਸ ਕਾਰਨ ਆਉਂਦੇ ਹਫਤੇ ਦਾ ਅੰਕ ਮਾਰਕਿਟ ਵਿਚ ਨਹੀਂ ਆਵੇਗਾ। ਪਾਠਕ ਅਤੇ ਵਪਾਰੀ ਵੀਰ ਨੋਟ ਕਰ ਲੈਣ

"ਮੇਰਾ ਏਅਰ-ਇੰਡੀਆ ਦੁਖਾਂਤ ਨਾਲ ਕੋਈ ਸਬੰਧ ਨਹੀਂ": ਸ. ਜੌਹਲ
[illegible]: ਸ: ਹਰਦਿਆਲ ਸਿੰਘ ਜੌਹਲ ਨੇ ਦੱਸਿਆ ਕਿ ਉਨ੍ਹਾਂ ਦਾ ਏਅਰ-ਇੰਡੀਆ ਹਾਦਸੇ ਨਾਲ ਕੋਈ ਸਬੰਧ ਨਹੀਂ।
[illegible]

ਮਿਲੀਟੈਂਟ ਸਿੱਖਾਂ ਨੂੰ ਟਰੇਨਿੰਗ ਦੇਣ ਵਾਲੇ ਸਕੂਲ ਦੀ ਜਾਂਚ

ਨਿਊਵੈਸਟ ਮਨਿਸਟਰ ਦੇ ਮੇਅਰ ਟਾਮ ਬੇਕਰ ਨੇ ਪੁਲੀਸ ਨੂੰ ਇਸਦੀ (ਸਕੂਲ ਦੀ) ਜਾਂਚ ਕਰਨ ਲਈ ਕਿਹਾ ਹੈ। ਮੇਅਰ ਅਨੁਸਾਰ ਰਾਜਨੀਤਕ ਗਰੁਪ ਨੂੰ ਟਰੇਨਿੰਗ ਦੇਣ ਕਾਰਨ ਇਹ ਜ਼ਰੂਰੀ ਹੋ ਗਿਆ ਹੈ ਕਿ ਇਹ ਫੈਸਲਾ ਕੀਤਾ ਜਾਵੇ ਕਿ ਇਸਨੂੰ ਚਲਦਾ ਰਹਿਣ ਦਿਤਾ ਜਾਵੇ ਜਾਂ ਬੰਦਾ ਕੀਤਾ ਜਾਵੇ।

ਸਕੂਲ ਨੂੰ ਚਲਣ ਚਲਾਣ ਵਾਲੇ ਸਿਖਿਅਕ ਨੇ ਕਿਹਾ ਕਿ ਉਹ ਹੁਣ ਕਦੇ ਵੀ ਸਿੱਖਾਂ ਨੂੰ ਸਿਖਲਾਈ ਨਹੀਂ ਦੇਵੇਗਾ।

ਬੰਬੇ ਸਵੀਟਸ ਉਤੇ ਸ਼ਾਨਦਾਰ ਦੀਵਾਲੀ ਬਾਜ਼ਾਰ

ਵੈਨਕੂਵਰ : (ਵਿਸ਼ੇਸ਼ ਪ੍ਰਤੀਨਿਧ) 'ਕੈਨੇਡਾ ਦਰਪਣ' ਦਾ ਪ੍ਰਤੀਨਿਧ ਜਦੋਂ ਪੰਜਾਬੀ ਮਾਰਕੀਟ ਵਿਚ ਪਹੁੰਚਿਆ ਤਾਂ ਬੰਬੇ ਸਵੀਟਸ ਦੀ ਦੁਕਾਨ ਦੂਰੋਂ ਹੀ ਸਜਵਿਆਹੀ ਦੁਲਹਨ ਵਾਂਗ ਨਜ਼ਰ ਆ ਰਹੀ ਸੀ। ਪੰਜਾਬੀ ਮਾਰਕਿਟ ਦੇ ਦਿਲ ਵਿਚ ਇਹ ਦੁਕਾਨ ਸਥਿਤ ਹੈ। ਇਕ ਪਾਸੇ ਮਠਿਆਈਆਂ ਦਾ ਭੰਡਾਰ ਹੈ ਜਿਸ ਦੀ ਸ਼ਸ਼ੀ ਸ਼ੁਕਲਾ ਦੇਖ ਭਾਲ ਕਰਦਾ ਹੈ ਅਤੇ ਅਤਿ ਹਲੀਮੀ ਅਤੇ ਪਿਆਰ ਨਾਲ ਹਰ ਗਾਹਕ ਨੂੰ ਜੀਅ ਆਇਆਂ ਆਖਦਾ ਹੈ।

ਨਰੇਸ਼ ਸ਼ੁਕਲਾ ਨਾਲ ਗੱਲਬਾਤ ਸਮੇਂ ਪਤਾ ਲੱਗਾ ਕਿ ਬੰਬੇ ਸਵੀਟਸ ਵਾਲੇ ਪਿਛਲੇ 9 ਸਾਲ ਤੋਂ ਮਠਿਆਈਆਂ ਦੇ ਬਿਜ਼ਨਿਸ ਵਿਚ ਹਨ। ਉਨ੍ਹਾਂ ਦੱਸਿਆ ਕਿ ਅਕਤੂਬਰ 1976 ਵਿਚ ਉਨ੍ਹਾਂ ਇਹ ਕੰਮ ਸ਼ੁਰੂ ਕੀਤਾ ਜੋ ਅੱਜ ਏਨਾ ਵਧ ਗਿਆ ਹੈ ਕਿ ਲੋਕਾਂ ਦੇ ਆਰਡਰ ਪੂਰੇ ਕਰਨ ਲਈ ਮੁਸ਼ਕਲ ਸਾਹਮਣੇ ਆਉਂਦੀ ਰਹਿੰਦੀ ਹੈ।

ਅਕਸਰ ਲੋਕ ਵਿਆਹ, ਸ਼ਾਦੀਆਂ, ਮੰਗਣੇ, ਜਨਮ-ਦਿਨ ਅਤੇ ਤਿਉਹਾਰਾਂ ਉਤੇ ਇਸ ਸਟੋਰ ਉਤੇ ਆਉਂਦੇ ਹਨ ਅਤੇ ਅਕਸਰ ਹੀ ਗਾਹਕਾਂ ਦੀ ਬੇਮਿਸਾਲ ਤਸੱਲੀ ਕਾਰਨ ਗਾਹਕਾਂ ਦੀ ਭੀੜ ਇਥੇ ਹਮੇਸ਼ਾਂ ਲੱਗੀ ਰਹਿੰਦੀ ਨਜ਼ਰ ਆਉਂਦੀ ਹੈ।

ਗਾਹਕਾਂ ਨਾਲ ਗੱਲਬਾਤ ਸਮੇਂ ਪਤਾ ਲੱਗਾ ਕਿ ਗਾਹਕਾਂ ਦੀ ਤਸੱਲੀ ਦਾ ਵੱਡਾ ਕਾਰਨ ਵਧੀਆ ਸਰਵਿਸ ਦਾ ਹੋਣਾ ਹੈ। ਗਾਹਕਾਂ ਅਨੁਸਾਰ ਸਫਾਈ ਦਾ ਜੋ ਧਿਆਨ ਬੰਬੇ ਸਵੀਟਸ ਵਾਲੇ ਰੱਖਦੇ ਹਨ, ਇਨ੍ਹਾਂ ਦੀਆਂ ਮਠਿਆਈਆਂ ਦੀ ਬਹੁਤੀ ਵਿਕਰੀ ਹੋਣ ਦਾ ਵੱਡਾ ਇਹ ਕਾਰਨ ਹੈ। ਸਾਫ ਸੁਥਰੇ ਢੰਗ ਆਪਣਾ ਕੇ ਗਾਹਕਾਂ ਨੂੰ ਜਿਤਣਾ ਹਰ ਬਿਜ਼ਨਿਸ ਲਈ ਜ਼ਰੂਰੀ ਹੈ ਅਤੇ ਇਹ ਹੀ ਬੰਬੇ ਸਵੀਟਸ ਵਾਲਿਆਂ ਦਾ ਕਾਰਗਰ ਢੰਗ ਹੈ।

ਮਠਿਆਈਆਂ ਵਾਲੇ ਹਿੱਸੇ ਦੇ ਨਾਲ ਹੀ ਬੰਬੇ ਸਵੀਟਸ ਦਾ ਰੈਸਟੋਰੈਂਟ ਹੈ ਜਿਥੇ ਬੈਠਕੇ ਆਰਾਮ ਨਾਲ ਮਠਿਆਈਆਂ ਦਾ ਸੁਆਦ ਸਭ ਮਾਣਦੇ ਹਨ। ਮਠਿਆਈਆਂ ਤੋਂ ਬਿਨਾਂ ਹਰ ਕਿਸਮ ਦੇ ਖਾਣੇ ਦਾ ਪ੍ਰਬੰਧ ਵੀ ਇਹ ਕਰਦੇ ਹਨ। ਜਨਮ-ਦਿਨ ਦੀਆਂ ਪਾਰਟੀਆਂ ਅਕਸਰ ਲੋਕ ਇਥੇ ਆ ਕੇ ਮਨਾਉਂਦੇ ਹਨ। ਹਰ ਕਿਸਮ ਦੀ ਪਾਰਟੀ ਇਥੇ ਕੀਤੇ ਜਾਣ ਦਾ ਪ੍ਰਬੰਧ ਹੈ।

ਇਨ੍ਹਾਂ ਉਪਰੋਕਤ ਦੁਕਾਨਾਂ ਤੋਂ ਬਿਨਾਂ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਦੀਆਂ ਪੰਜਾਬੀ ਮਾਰਕਿਟ ਵਿਚ ਹੋਰ ਪਰਾਪਰਟੀਆਂ ਵੀ ਹਨ ਜਿਨ੍ਹਾਂ ਵਿਚ ਰਿਹਾਇਸ਼ੀ ਹਿੱਸੇ ਵੀ ਹਨ। ਰੈਜ਼ੀਡੈਂਨਸ਼ਲ ਅਤੇ ਕਮਰਸ਼ਲ ਪਰਾਪਰਟੀਆਂ ਕਾਰਨ ਇਨ੍ਹਾਂ ਦਾ ਨਾਂ ਉਘੇ ਭਾਰਤੀਆਂ ਵਿਚ ਹੈ।

ਇਥੇ ਲਗਪਗ ਸਾਰੇ ਤਿਉਹਾਰ - ਦੀਵਾਲੀ, ਲੋਹੜੀ, ਦੁਸਹਿਰਾ, ਵਿਸਾਖੀ ਆਦਿ ਉਤੇ ਹਜ਼ਾਰਾਂ ਗਾਹਕਾਂ ਦਾ ਇਕੱਠ ਨਜ਼ਰੀਂ ਆਉਣ ਦਾ ਕਾਰਨ ਇਕ ਇਹ ਵੀ ਹੈ ਕਿ ਇਹ ਸਾਰੇ ਤਿਉਹਾਰ ਉਤਸ਼ਾਹ ਨਾਲ ਮਨਾਉਂਦੇ ਹਨ। ਹਰ ਸਾਲ ਹਰ ਤਿਉਹਾਰ ਲਈ ਮਠਿਆਈਆਂ ਦੀ ਤਿਆਰੀ ਲਗਪਗ ਇਕ ਮਹੀਨਾ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਜਿਸ ਤਰ੍ਹਾਂ ਸ੍ਰੀ ਨਰੇਸ਼ ਸ਼ੁਕਲਾ ਨੇ ਦੱਸਿਆ ਕਿ ਪਿਛਲੇ ਸਾਲ ਦੀਵਾਲੀ ਸਮੇਂ ਮਠਿਆਈ ਦਸ ਵਜੇ ਰਾਤ ਨੂੰ ਹੀ ਮੁੱਕ ਗਈ — ਇਸੇ ਕਾਰਨ ਇਸ ਵਾਰ ਦਿਨ ਰਾਤ ਕੰਮ ਚਲ ਰਿਹਾ ਹੈ। ਵਧੇਰੇ ਗਾਹਕਾਂ ਦੀ ਦਿਲਚਸਪੀ ਤਾਜ਼ੀਆਂ ਮਠਿਆਈਆਂ ਵਿਚ ਹੁੰਦੀ ਹੈ - ਇਸੇ ਲਈ ਇਨ੍ਹਾਂ ਨੂੰ ਗਾਹਕਾਂ ਦੀ ਤਸੱਲੀ ਕਰਾਉਣ ਲਈ ਦਿਨ ਰਾਤ ਇਕ ਕਰਨਾ ਪੈਂਦਾ ਹੈ।

ਸ੍ਰੀ ਨਰੇਸ਼ ਸ਼ੁਕਲਾ ਨੇ ਕਿਹਾ ਕਿ ਅਸੀਂ ਇਸ ਦੀਵਾਲੀ ਨੂੰ ਵੀ ਬੜੀਆਂ ਸਧਰਾਂ ਨਾਲ ਉਡੀਕ ਰਹੇ ਹਾਂ ਅਤੇ ਉਨ੍ਹਾਂ ਕਿਹਾ ਕਿ ਅਸੀਂ ਆਸ ਕਰਦੇ ਹਾਂ ਕਿ ਸਮੁੱਚੀ ਭਾਰਤੀ ਕਮਿਉਨਿਟੀ ਸਾਡੀ ਹੌਸਲਾ ਅਫਜ਼ਾਈ ਕਰੇਗਾ। ਉਨ੍ਹਾਂ ਕਿਹਾ ਅਸੀਂ ਆਪਣੇ ਦੋਸਤਾਂ ਮਿੱਤਰਾਂ ਅਤੇ ਭੈਣਾਂ ਭਰਾਵਾਂ ਦੇ ਸੁਆਗਤ ਲਈ ਹਰ ਵਕਤ ਤਤਪਰ ਰਹਿੰਦੇ ਹਾਂ।

ਇਹ ਮਿੱਠ ਬੋਲੜਾ ਸੁਭਾਅ ਹੀ ਬੰਬੇ ਸਵੀਟਸ ਵਾਲਿਆਂ ਦੀ ਕਾਮਯਾਬੀ ਦਾ ਵੱਡਾ ਕਾਰਨ ਹੈ। 'ਕੈਨੇਡਾ ਦਰਪਣ' ਰਾਹੀਂ ਉਨ੍ਹਾਂ ਸਾਰੇ ਦੋਸਤਾਂ ਮਿੱਤਰਾਂ ਨੂੰ ਦੀਵਾਲੀ ਦੇ ਤਿਉਹਾਰ ਦੀ ਵਧਾਈ ਦਿਤੀ ਤੇ ਕਿਹਾ ਕਿ 'ਅਸੀਂ ਤੁਹਾਡਾ ਇੰਤਜ਼ਾਰ ਕਰ ਰਹੇ ਹਾਂ।'

— ਮੈਂ ਖ਼ੁਦਾ ਦੀ ਆਵਾਜ਼ ਦੀ ਤਰ੍ਹਾਂ ਆਪਣੀਆਂ ਆਵਾਜ਼ਾਂ ਤੋਂ ਦੂਰ ਰਹਿਣਾ ਚਾਹੁੰਦੀ ਹਾਂ।

— ਮੈਂ ਕਦੇ ਜ਼ਬਾਨ ਨਹੀਂ ਹਾਰੀ, ਨਾ ਹੀ ਕਦੇ ਹੱਥ ਸੁੱਟੇ ਹਨ।




ਨਰੇਸ਼ ਸ਼ੁਕਲਾ ਪ੍ਰੀਮੀਅਰ ਵੈਂਡਰ ਜ਼ਾਮ



ਐਮ. ਐਲ. ਏ. ਮੈਂਬਰ ਉਦਘਾਟਨ ਕਰਦੇ



ਜਨਤਾ ਰੈਸਟੋਰੈਂਟ



ਲੋਕਾਂ ਦੀ ਭੀੜ



THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਸੰਪਾਦਕੀ

ਹਰਦਿਆਲ ਸਿੰਘ ਜੌਹਲ ਉਤੇ ਹਮਲਾ ਕਿਉਂ?

ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਆਗੂ ਸ: ਹਰਦਿਆਲ ਸਿੰਘ ਜੌਹਲ ਉਤੇ ਹਮਲਾ ਉਨ੍ਹਾਂ ਹਮਿਲਆਂ ਦੀ ਹੀ ਕੜੀ ਹੈ ਜੋ ਪਿਛਲੇ ਇਕ ਸਾਲ ਤੋਂ ਲਗਾਤਾਰ ਉਨ੍ਹਾਂ ਲੋਕਾਂ ਉਤੇ ਕੀਤੇ ਜਾ ਰਹੇ ਹਨ ਜੋ ਦਲੀਲ ਨਾਲ ਵਜ਼ਨਦਾਰ ਗੱਲ ਕਰਨ ਦੀ ਸਮੱਰਥਾ ਰੱਖਦੇ ਹਨ। ਸ: ਹਰਦਿਆਲ ਸਿੰਘ ਜੌਹਲ ਪੰਥ ਦੇ ਮਹਾਨ ਸ਼ਹੀਦ ਅਤੇ ਦੇਸ਼ ਦੀ ਏਕਤਾ ਦੇ ਮੁਦਈ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਾਫੀ ਨੇੜੇ ਦੱਸੇ ਜਾਂਦੇ ਵਿਅਕਤੀਆਂ ਵਿਚੋਂ ਹਨ ਅਤੇ ਉਨ੍ਹਾਂ ਨੇ ਸੰਤ ਲੌਂਗੋਵਾਲ ਦੀ ਪੰਜਾਬੀਆਂ ਲਈ ਕੀਤੀ ਕੁਰਬਾਨੀ ਨੂੰ ਸ਼ਰਧਾਂਜਲੀ ਦਿਤੀ ਸੀ ਜਿਸ ਕਾਰਨ ਉਨ੍ਹਾਂ ਨੂੰ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਉਹ ਲੋਕ ਜੋ ਅੱਜ ਸੰਤ ਲੌਂਗੋਵਾਲ ਨੂੰ ਪੰਥ ਦਾ ਦੋਖੀ ਕਰਾਰ ਦੇ ਰਹੇ ਹਨ, ਉਹ ਸ਼ਾਇਦ ਭੁੱਲ ਗਏ ਹਨ ਕਿ ਇਨ੍ਹਾਂ ਲੋਕਾਂ ਨੇ ਹੀ ਦੋ ਸਾਲ ਪਹਿਲਾਂ ਸੰਤ ਲੌਂਗੋਵਾਲ ਦੀਆਂ ਪੂਰੇ ਪੂਰੇ ਸਫੇ ਦੀਆਂ ਤਸਵੀਰਾਂ ਛਾਪ ਕੇ ਸੰਗਤਾਂ ਤੋਂ ਵੋਟਾਂ ਦੀ ਭਿਖਿਆ ਮੰਗੀ ਸੀ। ਜੋ ਕੁਝ ਅੰਮ੍ਰਿਤਸਰ ਜਾਂ ਦਿਲੀ ਵਾਪਰਿਆ ਉਸਦੀ ਜ਼ਿੰਮੇਵਾਰੀ ਸਰਕਾਰ ਸੀ ਨਾ ਕਿ ਸੰਤ ਲੌਂਗੋਵਾਲ। ਸੰਤ ਲੌਂਗੋਵਾਲ ਨੇ ਤਾਂ ਪੰਜਾਬ ਦੇ ਲੋਕਾਂ ਦੀ ਏਕਤਾ ਖਾਤਰ ਆਪਾ ਕੁਰਬਾਨ ਕੀਤਾ। ਤੇਰਾਂ ਸਾਲ ਤੋਂ ਲਟਕਦਾ ਆ ਰਿਹਾ ਚੰਡੀਗੜ੍ਹ ਦਾ ਮਸਲਾ ਕਿਸੇ ਤਣ ਪੱਤਣ ਲਾਇਆ। ਹੈਰਾਨੀ ਇਹ ਹੈ ਕਿ ਜੋ ਲੋਕ ਚੰਡੀਗੜ੍ਹ ਲਈ ਜਲ ਮਰਨ ਦੇ ਪ੍ਰਣ ਕਰਕੇ ਭੱਜੇ ਸਨ, ਉਹ ਕੀ ਹੀ ਲੋਕ ਸੰਤ ਲੌਂਗੋਵਾਲ ਦੀ ਜਾਨ ਲੈਣ ਦੇ ਭਾਗੀ ਬਣੇ। ਉਹ ਹੀ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਗ਼ਦਾਰਾਂ ਦੀ ਸੰਸਥਾ ਕਰਾਰ ਦੇ ਰਹੇ ਹਨ। ਗੁਰੂ ਘਰਾਂ ਵਿਚ ਸਿੰਘ ਸਾਹਿਬਾਨਾਂ ਬਾਰੇ ਅਵਾ ਤਵਾ ਬੋਲ ਰਹੇ ਹਨ। ਇਨ੍ਹਾਂ ਮੰਦਾ ਬੋਲਣ ਵਾਲਿਆਂ ਵਿਚ ਅਜਿਹੇ ਪ੍ਰਚਾਰਕ ਵੀ ਹਨ ਜੋ ਏਥੇ ਕੁਝ ਦਮੜਿਆਂ ਦੀ ਖਾਤਰ ਵਿਕੇ ਹੋਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀ ਲਾਸਾਨੀ ਇਤਿਹਾਸਕ ਸੰਸਥਾ ਨੂੰ ਕੋਸ ਰਹੇ ਹਨ। ਅਜਿਹੇ ਪ੍ਰਚਾਰਕ ਜੋ ਸ਼੍ਰੋਮਣੀ ਕਮੇਟੀ ਨੇ ਐਬਾਂ ਕਾਰਨ ਕੱਢੇ ਸਨ ਉਹ ਕੈਨੇਡਾ ਵਿਚ ਧਰਮਾਤਮਾ ਬਣਕੇ ਦਰਸਾ ਰਹੇ ਹਨ।

ਪੰਜਾਬ ਵਿਚ ਅੱਜ ਸੰਤ ਲੌਂਗੋਵਾਲ ਦੀ ਕੁਰਬਾਨੀ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ, ਲੋਕਾਂ ਨੇ ਅਕਾਲੀ ਪਾਰਟੀ ਨੂੰ ਪੰਥਕ ਪਾਰਟੀ ਤੋਂ ਇਕ ਰੀਜਨਲ ਪਾਰਟੀ ਵਿਚ ਤਬਦੀਲ ਕਰ ਦਿਤਾ ਹੈ। ਇਹ ਪੰਜਾਬ ਦੇ ਲੋਕਾਂ ਦੀ ਹੀ ਸ਼ਕਤੀ ਹੈ ਜਿਸ ਨੇ ਸਮਝੌਤੇ ਨੂੰ ਸਿਰ ਮੱਥੇ ਕਬੂਲਿਆ ਹੈ। ਕੈਨੇਡਾ, ਇੰਗਲੈਂਡ ਜਾਂ ਅਮਰੀਕਾ ਵਿਚ ਬੈਠਕੇ ਅਸੀਂ ਪੰਜਾਬ ਦੇ ਲੋਕਾਂ ਦੇ ਭਵਿਖ ਦਾ ਫੈਸਲਾ ਕਰਨ ਦੇ ਕਿਸ ਤਰ੍ਹਾਂ ਸਮਰੱਥ ਹੋ ਗਏ ਹਾਂ? ਕੀ ਪੰਜਾਬ ਦੇ ਲੋਕ ਸਾਡੇ ਨਾਲੋਂ ਘੱਟ ਸਿਆਣੇ ਹਨ ਜੋ ਅਸੀਂ ਉਨ੍ਹਾਂ ਨੂੰ ਮੱਤਾਂ ਦੇਣ ਤੁਰ ਪਏ ਹਾਂ!

ਅਜਿਹੇ ਲੋਕ ਜੋ ਪੰਜਾਬ ਦੇ ਲੋਕਾਂ ਦੇ ਭਵਿਖ ਦੇ ਜਾਮਨ ਬਣਨ ਦਾ ਸੁਪਨਾ ਲੈ ਰਹੇ ਹਨ, ਉਹ ਅੰਧੇਰ ਨਗਰੀ ਵਿਚ ਵਸ ਰਹੇ ਹਨ। ਸ: ਹਰਦਿਆਲ ਸਿੰਘ ਜੌਹਲ ਜੌਹਲ ਵਰਗੇ ਸੂਝਵਾਨ ਵਿਅਕਤੀਆਂ ਉਤੇ ਹਮਲੇ ਕਰਕੇ ਅਜਿਹੇ ਲੋਕ ਆਪਣਾ ਭਵਿਖ ਵੀ ਧੁੰਧਲਾ ਕਰ ਰਹੇ ਹਨ ਅਤੇ ਸਮੁੱਚੀ ਕਮਿਊਨਿਟੀ ਦੇ ਨਾਂ ਨੂੰ ਵੀ ਕ ਦਾਗ਼ੀ ਕਰ ਰਹੇ ਹਨ!

ਕਤਲ ਰੌਸ਼ਨੀ ਕਾ ਕੀਯਾ ਗਯਾ ਹੋਗਾ।
ਅੰਧੇਰਾ ਯੂੰਹੀ ਤੋ ਨਹੀਂ ਹੂਆ ਹੋਗਾ।

ਰਾਹ ਮੇਂ ਪੱਥਰ ਗਿਰਾਏ ਗਯੇ ਹੋਂਗੇ,
ਆਦਮੀ ਸ਼ੌਕ ਸੇ ਨਹੀਂ ਗਿਰਾ ਹੋਗਾ।

ਇਕੁਏਡੋਰ ਦੀ ਰੰਜਸ਼ ਦੇ ਕਾਰਨ

ਰੰਜਨ ਗੁਪਤਾ

ਦਿੱਲੀ ਦੇ ਸਫਾਰਤੀ ਹਲਕਿਆਂ ਨੂੰ ਹੈਰਾਨੀ ਹੋਣਾ ਸੁਭਾਵਿਕ ਹੀ ਸੀ। ਭਾਰਤ 'ਚ ਇਕੁਏਡੋਰ ਦੇ ਗੈਰ-ਰਿਹਾ ਸ਼ੀ ਰਾਜਦੂ ਪਰਿਚੈ-ਪੱਤਰ ਰਾਸ਼ਟਰਪਤੀ ਜ਼ੈਲ ਸਿੰਘ ਪੇਸ਼ ਕੀਤੇ ਜਾਣ ਤੋਂ ਸਿਰਫ ਇਕ ਮਹੀਨਾ ਬਾਅਦ ਉਨ੍ਹਾਂ (ਸਫਾਰਤੀ ਹਲਕਿਆਂ) ਨੂੰ ਇਹ ਸੂਚਨਾ-ਪੱਤਰ ਮਿਲਿਆ। ਇਕੁਏਡੋਰ ਦਾ ਦਿੱਲੀ ਵਿਚਲਾ ਉਪ ਰਾਜਦੂਤ ਵਾਪਸ ਜਾ ਰਿਹਾ ਹੈ ਅਤੇ ਉਸ ਦੇਸ਼ ਦਾ ਮਿਸ਼ਨਬੰਦ ਸਮਝਿਆ ਜਾਣਾ ਚਾਹੀਦਾ ਹੈ। ਇਕੁਏਡੋਰ ਦੇ ਸਫਾਰਤੀ ਮਿਸ਼ਨ ਦੀ ਦੇਖ-ਰੇਖ ਲਗਭਗ ਇਕ ਸਾਲ ਤੋਂ ਉਪ ਰਾਜਦੂਤ ਕਰਦਾ ਆ ਰਿਹਾ ਸੀ। ਜੁਲਾਈ ਮਹੀਨੇ ਉਸ ਦੇਸ਼ ਦੀ ਸਰਕਾਰ ਨੇ ਕਾਹਿਰਾ(ਮਿਸਰ) ਵਿਚਲੇ ਆਪਣੇ ਰਾਜਦੂਤ ਨੂੰ ਕਿਹਾ ਕਿ ਉਹ ਮਿਸਰ ਦੇ ਨਾਲ ਨਾਲ ਭਾਰਤ ਵਿਚਲੇ ਸਫਾਰਤੀ ਮਿਸ਼ਨ ਦੀ ਵੀ ਦੇਖ-ਰੇਖ ਕਰੇ। ਭਾਵੇਂ ਉਪ ਰਾਜਦੂਤ ਦੀ ਮੌਜੂਦਗੀ ਨੂੰ ਮੁਖ ਰਖਦਿਆਂ ਨਵੀਂ ਨਿਯੁਕਤੀ ਮਹਿਜ਼ ਰਸਮੀ ਹੀ ਸੀ, ਫਿਰ ਵੀ ਦੋ ਦੇਸ਼ਾਂ ਦੇ ਸਬੰਧਾਂ ਦੇ ਸੰਦਰਭ ਵਿਚ ਅਜਿਹੀਆਂ ਨਿਯੁਕਤੀਆਂ ਨੂੰ ਸਫਾਰਤੀ ਖੇਤਰ ਵਿਚ ਚੰਗੀ ਮਾਨਤਾ ਹਾਸਲ ਹੈ। ਪਰ ਇਸ ਨਿਯੁਕਤੀ ਤੋਂ ਸਿਰਫ ਇਕ ਮਹੀਨਾ ਬਾਅਦ ਇਕੁਏਡੋਰ ਨੂੰ ਆਪਣਾ ਭਾਰਤ ਵਿਚਲਾ ਦੂਤਾਵਾਸ ਬੰਦ ਕਰਨ ਦੀ ਲੋੜ ਕਿਉਂ ਪਈ?

ਜ਼ਾਹਰਾ ਤੌਰ 'ਤੇ ਇਸ ਬਾਰੇ ਇਹੀ ਕਿਹਾ ਜਾ ਰਿਹਾ ਹੈ ਕਿ ਦੂਤਾਵਾਸ ਆਰਥਿਕ ਕਾਰਨਾਂ ਕਰਕੇ ਬੰਦ ਕੀਤਾ ਗਿਆ ਪਰ ਇਹ ਗੱਲ ਜ਼ਿਆਦਾ ਜਚਦੀ ਨਹੀਂ। ਇਕੁਏਡੋਰ ਤੇਲ ਪੈਦਾ ਕਰਨ ਵਾਲਾ ਮੁਲਕ ਹੈ ਅਤੇ ਹੋਰਨਾਂ ਤੇਲ ਉਤਪਾਦਕ ਦੇਸ਼ਾਂ ਵਾਂਗ ਉਸ ਕੋਲ ਪੈਸੇ ਦੀ ਕਮੀ ਨਹੀਂ। ਦੂਤਾਵਾਸ ਬੰਦ ਕਰਨ ਤੋਂ ਪਹਿਲਾਂ ਉਸ ਦੇਸ਼ ਦੇ ਕੁਝ ਸ਼ਕਤੀਸ਼ਾਲੀ ਸਿਆਸਤਦਾਨਾਂ ਵਲੋਂ ਨਾਮ-ਨਿਹਾਦ ਖਾਲਿਸਤਾਨ ਤਹਿਰੀਕ ਦੀ ਹਮਾਇਤ ਕੀਤੇ ਜਾਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਸਨ। "ਖਾਲਿਸਤਾਨੀ ਆਗੂ" ਜਗਜੀਤ ਸਿੰਘ ਦੇ ਦਾਅਵੇ ਕਿ ਇਹ ਲਾਤੀਨੀ ਅਮਰੀਕੀ ਦੇਸ਼ "ਖਾਲਿਸਤਾਨ" ਨੂੰ ਮਾਨਤਾ ਦੇਣ ਲਈ ਤਿਆਰ ਹੈ, ਨੇ ਇਸ ਸ਼ੱਕ ਨੂੰ ਪਕੇਰਾ ਕੀਤਾ ਕਿ ਦਿੱਲੀ ਵਿਚਲੇ ਸਫਾਰਤੀ ਮਿਸ਼ਨ ਨੂੰ ਬੰਦ ਕਰਨ ਦੇ ਇਕੁਏਡੋਰ ਦੇ ਕਾਰਨ ਮਹਿਜ਼ ਆਰਥਿਕ ਨਹੀਂ।

ਇਕੁਏਡੋਰ ਦੀ "ਖਾਲਿਸਤਾਨੀ" ਤਹਿਰੀਕ ਵਿਚ ਅਚਨਚੇਤੀ ਤੇ ਅਜੀਬ ਜਿਹੀ ਦਿਲਚਸਪੀ ਨੂੰ ਸਮਝਣ ਲਈ ਲਾਤੀਨੀ ਅਮਰੀਕੀ ਦੇਸ਼ਾਂ ਪ੍ਰਤੀ ਭਾਰਤ ਦੀ ਬੇਢੱਬੀ ਜਿਹੀ ਵਿਦੇਸ਼ੀ ਨੀਤੀ ਦੀਆਂ ਤਹਿਆਂ ਤਕ ਜਾਣਾ ਜ਼ਰੂਰੀ ਜਾਪਦਾ ਹੈ। ਇਹ ਦੂਜੀ ਵਾਰ ਹੈ ਜਦੋਂ ਇਕੁਏਡੋਰ ਨੇ ਭਾਰਤ ਵਿਚਲੇ ਆਪਣੇ ਦੂਤਾਵਾਸ ਨੂੰ ਬੰਦ ਕੀਤਾ ਹੈ। ਦੋਵੇਂ ਵਾਰ ਦੀ ਬੰਦੀ ਦਾ ਕਾਰਨ ਇਕੋ ਹੀ ਹੈ। ਭਾਰਤ ਦੀ ਇਕੁਏਡੋਰ ਪ੍ਰਤੀ ਉਦਾਸੀਨਤਾ।

ਇਕੁਏਡੋਰ ਨੇ ਭਾਰਤ ਨਾਲ ਰਸਮੀ ਸਫਾਰਤੀ ਤਾਲੁੱਕਾਤ 1972 ਵਿਚ ਕਾਇਮ ਕੀਤੇ ਸਨ। ਜੂਨ 1972 ਤੋਂ ਲੈ ਕੇ ਅਪਰੈਲ 1977 ਤਕ ਇਸ ਦਾ ਦੂਤਾਵਾਸ ਭਾਰਤ ਵਿਚ ਕੰਮ ਕਰਦਾ ਰਿਹਾ। ਇਨ੍ਹਾਂ ਪੰਜਾਂ ਸਾਲਾਂ ਦੌਰਾਨ ਭਾਰਤ ਸਰਕਾਰ ਨੂੰ ਉਸ ਦੇਸ਼ ਦੀ ਰਾਜਧਾਨੀ ਕੁਇਟੋ ਵਿਚ ਆਪਣਾ ਮਿਸ਼ਨ ਖੋਲ੍ਹਣ ਲਈ ਵਾਰ ਵਾਰ ਬੇਨਤੀ ਕੀਤੀ ਗਈ। ਜਦੋਂ ਨਵੀਂ ਦਿੱਲੀ ਨੇ ਇਨ੍ਹਾਂ ਬੇਨਤੀਆਂ ਵਲ ਧਿਆਨ ਨਾਂਹ ਦਿਤਾ ਤਾਂ ਇਕੁਏਡੋਰ ਨੇ ਭਾਰਤ ਦੀ ਇਸ ਵਿਰਕਤਤਾ ਨੂੰ ਆਪਣੀ ਬੇਇਜ਼ਤੀ ਕਰਕੇ ਜਾਣਿਆ ਅਤੇ ਆਪਣਾ ਮਿਸ਼ਨ ਬੰਦ ਕਰ ਦਿਤਾ।

ਸੱਤ ਸਾਲ ਬਾਅਦ ਨਿਊਯਾਰਕ ਵਿਚ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਇਕੁਏਡੋਰ ਦੇ ਸਿਆਸੀ ਨੇਤਾਵਾਂ ਨਾਲ ਹੋਈ ਮੀਟਿੰਗ ਅਤੇ ਉਨ੍ਹਾਂ ਵਲੋਂ ਕੁਇਟੋ ਵਿਚ ਸਫਾਰਤੀ ਮਿਸ਼ਨ ਕਾਇਮ ਕਰਨ ਦੇ ਭਰੋਸੇ ਪਿਛੋਂ ਇਕੁਏਡੋਰ ਵਾਲੇ ਨਵੀਂ ਦਿੱਲੀ ਪਰਤ ਆਏ ਅਤੇ ਉਪ ਰਾਜਦੂਤ ਦੀ ਸਰਦਾਰੀ ਹੇਠ ਇਕ ਛੋਟਾ ਜਿਹਾ ਦੂਤਾਵਾਸ ਕਾਇਮ ਕੀਤਾ। ਭਾਰਤ ਵਲੋਂ ਕੁਇਟੋ ਵਿਚ ਆਪਣਾ ਮਿਸ਼ਨ ਖੋਲ੍ਹੇ ਜਾਣ ਪਿਛੋਂ ਇਕੁਏਡੋਰ ਸਰਕਾਰ ਦਾ ਨਵੀਂ ਦਿੱਲੀ ਵਿਚਲੇ ਮਿਸ਼ਨ ਵਿਚ ਰਾਜਦੂਤ ਨਿਯੁਕਤ ਕਰਨ ਅਤੇ ਮਿਸ਼ਨ ਦਾ ਪਸਾਰ ਕਰਨ ਦਾ ਇਰਾਦਾ ਸੀ। ਪਰ ਇਕ ਸਾਲ ਤਕ ਇੰਤਜ਼ਾਰ ਕਰਾਉਣਪਿਛੋਂ ਭਾਰਤ ਨੇ ਇਕੁਏਡੋਰ ਸਰਕਾਰ ਨੂੰ ਸਪਸ਼ਟ ਕੀਤਾ ਕਿ ਉਹ ਕੁਇਟੋ ਵਿਚ ਸਫਾਰਤੀ ਮਿਸ਼ਨ ਨਹੀਂ ਖੋਲ੍ਹ ਸਕਦਾ ਅਤੇ ਕੋਲੰਬੀਆ ਵਿਚਲਾ ਭਾਰਤੀ ਰਾਜਦੂਤ ਸਮੇਂ ਸਮੇਂ ਇਕੁਏਡੋਰ ਜਾ ਕੇ ਭਾਰਤ ਦੇ ਹਿਤਾਂ ਦੀ ਦੇਖ-ਰੇਖ ਕਰਦਾ ਰਹੇਗਾ। ਨਵੀਂ ਦਿੱਲੀ ਦੇ ਇਸ ਕਦਮ ਨਾਲ ਇਕੁਏਡੋਰ ਨੂੰ ਠੇਸ ਪਹੁੰਚਣਾ ਸੁਭਾਵਿਕ ਹੀ ਸੀ ਅਤੇ ਉਨ੍ਹਾਂ ਨੇ ਆਪਣਾ ਰੋਸ ਪ੍ਰਗਟ ਕਰਨ ਲਈ ਦਿੱਲੀ ਤੋਂ ਚਾਲੇ ਪਾਉਣਾ ਵਾਜਬ ਸਮਝਿਆ। ਇਸ ਤਰ੍ਹਾਂ ਉਸ ਦੇਸ਼ ਦੀ ਖਾਲਿਸਤਾਨ ਪ੍ਰਤੀ ਦਿਲਚਸਪੀ ਦਾ ਬੀਜ ਉਸ ਦੇ ਸਵੈਮਾਨ ਨੂੰ ਭਾਰਤ ਸਰਕਾਰ ਵਲੋਂ ਪਹੁੰਚਾਈ ਗਈ ਚੋਟ ਵਿਚ ਸਪਸ਼ਟ ਤੌਰ 'ਤੇ ਵੇਖਿਆ ਜਾ ਸਕਦਾ ਹੈ।

ਭਾਰਤ ਦਾ ਰਵੱਈਆ ਸਿਰਫ ਇਕੁਏਡੋਰ ਪ੍ਰਤੀ ਹੀ ਮਾੜਾ ਨਹੀਂ ਰਿਹਾ। ਉਰੂਗਵੇ ਨੇ ਤਿੰਨ ਸਾਲ ਤਕ ਭਾਰਤ ਦਾ ਧਿਆਨ ਖਿਚਣ ਦੀ ਕੋਸ਼ਿਸ਼ ਕਰਦੇ ਰਹਿਣ ਪਿਛੋਂ ਆਪਣੇ ਆਪ ਨੂੰ ਅਸਫਲ ਪਾ ਕੇ ਨਵੀਂ ਦਿੱਲੀ ਵਿਚਲਾ ਆਪਣਾ ਸਫਾਰਤਖਾਨਾ ਇਸੇ ਸਾਲ ਬੰਦ ਕੀਤਾ। ਹੁਣ ਉਸ ਦੇਸ਼ ਵਿਚ ਵੀ "ਖਾਲਿਸਤਾਨੀ" ਤਹਿਰੀਕ ਪ੍ਰਤੀ ਦਿਲਚਸਪੀ ਪਾਈ ਜਾ ਰਹੀ ਹੈ।

ਭਾਰਤ ਲਈ ਇਹ ਜ਼ਰੂਰੀ ਨਹੀਂ ਕਿ ਉਹ ਇਨ੍ਹਾਂ ਦੇਸ਼ਾਂ ਵਿਚ ਆਪਣੇ ਮਿਸ਼ਨ ਖੋਲ੍ਹੇ ਜਿਨ੍ਹਾਂ ਦੇ ਸਫਾਰਤੀ ਮਿਸ਼ਨ ਨਵੀਂ ਦਿੱਲੀ ਵਿਚ ਮੌਜੂਦ ਹਨ। ਜ਼ਿੰਦਗੀ ਦੇ ਹੋਰਨਾਂ ਖੇਤਰਾਂ ਵਾਂਗ ਸਫਾਰਤੀ ਸਬੰਧ ਵੀ ਨਿਜੀ ਹਿਤਾਂ 'ਤੇ ਜ਼ਿਆਦਾ ਨਿਰਭਰ ਕਰਦੇ ਹਨ। ਪਰ ਲਾਤੀਨੀ ਅਮਰੀਕਾ ਵਿਚ ਅਮਰੀਕੀ ਪ੍ਰਭਾਵ ਹੇਠੋਂ ਨਿਕਲਣ ਅਤੇ ਰੂਸੀ ਗਲਵਕੜੀ ਤੋਂ ਬਚਣ ਦੀ ਇੱਛਾ ਦੇ ਪ੍ਰਬਲ ਹੋਣ ਦੇ ਮੌਜੂਦਾ ਮੌਕੇ 'ਤੇ ਤੀਜੇ ਬਦਲ-ਗੁਟ ਨਿਰਲੇਪ ਲਹਿਰ ਦੇ ਨੇਤਾ ਭਾਰਤ ਵਲੋਂ ਉਸ ਮਹਾਂਦੀਪ ਦੇ ਦੇਸ਼ਾਂ ਪ੍ਰਤੀ ਰੁਚੀ ਨਾ ਵਿਖਾਏ ਜਾਣਾ ਅਫਸੋਸਨਾਕ ਵੀ ਹੈ ਅਤੇ ਖਤਰਨਾਕ ਵੀ।

ਇਕੁਏਡੋਰ ਵਿਚ ਫੌਜੀ ਜਰਨੈਲ ਹਮੇਸ਼ਾਂ ਹੀ ਭਾਰੂ ਰਹੇ ਹਨ। 1979 ਤਕ ਇਹ ਫੌਜੀ ਤਾਨਾਸ਼ਾਹਾਂ ਦੇ ਜੂਲੇ ਹੇਠ ਰਿਹਾ। ਹੁਣ ਵੀ ਉਹ ਜਰਨੈਲਾਂ ਦੀ ਗ੍ਰਿਫਤ ਤੋਂ ਪੂਰੀ ਤਰਾਂ ਮੁਕਤ ਨਹੀਂ। ਉਸ ਦੇਸ਼ ਦਾ ਸ਼ਾਸਨ-ਤੰਤਰ ਅਜੀਬ ਜਿਹਾ ਹੈ। ਫੌਜ ਨੇ ਵੱਡੇ ਜ਼ਿਮੀਂਦਾਰਾਂ ਨਾਲ ਸਮਝੌਤਾ ਕੀਤਾ ਹੋਇਆ ਹੈ ਕਿ ਉਹ ਕੌਮੀ ਪ੍ਰਸ਼ਾਸਨ ਵਿਚ ਦਖਲ ਨਹੀਂ ਦੇਵੇਗੀ ਬਸ਼ਰਤੇ ਉਸ ਦੀ ਖੁਦਮੁਖਤਾਰੀ ਨੂੰ ਚਣੌਤੀ ਨਾ ਦਿਤੀ ਜਾਵੇ ਅਤੇ ਦੇਸ਼ ਦੇ ਕੁੱਲ ਬਜਟ ਦਾ ਇਕ-ਚੌਥਾਈ ਹਿੱਸਾ ਉਸ ਦੀ "ਭਲਾਈ" ਤੇ ਖਰਚਿਆ ਜਾਵੇ। ਇਸ ਵੇਲੇ ਇਕੁਏਡੋਰ ਵਿਚ 6 ਪਾਰਟੀਆਂ ਦੀ ਇਕ ਕੋਲੀਸ਼ਨ ਹਕੂਮਤ ਚਲ ਰਹੀ ਹੈ। ਇਨ੍ਹਾਂ ਛੇ ਪਾਰਟੀਆਂ ਵਿਚੋਂ ਇਕ ਦੇ ਪ੍ਰਧਾਨ ਕਾਰਲੋਸ਼ ਆਰੋਸੇਮੇਨਾਂ ਡਾ. ਜਗਜੀਤ ਸਿੰਘ ਚੌਹਾਨ ਦੇ ਮਿੱਤਰ ਹਨ ਅਤੇ ਉਹ ਹੀ ਆਪਣੀ ਪਾਰਟੀ ਦੇ ਵਫਦ ਨਾਲ ਲੰਡਨ ਵਿਚ "ਖਾਲਿਸਤਾਨੀ" ਮੇਜ਼ਬਾਨੀ ਦਾ ਮਜ਼ਾ ਲੈਂਦੇ ਰਹੇ।

ਜੇਕਰ ਭਾਰਤੀ ਵਿਵਹਾਰ 'ਤੇ ਨਾਖੁਸ਼ੀ ਹੀ ਇਕੁਏਡੋਰ ਦੀ "ਖਾਲਿਸਤਾਨ" ਪ੍ਰਤੀ ਦਿਲਚਸਪੀ ਦੀ ਵਜ੍ਹਾ ਹੈ ਤਾਂ ਉਹ ਦੇਸ਼ ਭਾਰਤ ਤੋਂ ਬਦਲਾ ਲੈਣ ਅਤੇ ਸਾਨੂੰ ਆਪਣੇ ਕਾਰਿਆਂ 'ਤੇ ਪਛਤਾਉਣ ਲਈ ਮਜ਼ਬੂਰ ਕਰਨ ਵਿਚ ਸਫਲ ਰਿਹਾ ਹੈ। ਅਹਿਮ ਸਵਾਲ ਇਹ ਹੈ ਕਿ ਕੀ "ਖਾਲਿਸਤਾਨ ਵਿਚ ਇਕੁਏਡੋਰੀ ਦਿਲਚਸਪੀ ਲਾਤੀਨੀ ਅਮਰੀਕਾ ਦੇ ਹੋਰਨਾਂ ਦੇਸ਼ਾਂ-ਖਾਸ ਕਰ ਉਰੂਗਵੇ, ਪੈਰਾਗਵੇ ਗੁਆਟੇਮਾਲਾ ਆਦਿ ਨੂੰ ਵੀ ਇਹੀ ਰਾਹ ਫੜਨ ਲਈ ਪਰੇਰਗੀ? ਭਾਵੇਂ ਫਿਲਹਾਲ ਅਜਿਹਾ ਕੋਈ ਖਤਰਾ ਨਹੀਂ ਜਾਪਦਾ, ਫਿਰ ਵੀ ਭਾਰਤ ਨੂੰ ਇਸ ਮੌਕੇ ਸਿਹਤਮੰਦ ਲਾਤੀਨੀ ਅਮਰੀਕੀ ਨੀਤੀ ਦੀ ਲੋੜ ਹੈ।

ਲਾਤੀਨੀ ਜਾਂ ਦੱਖਣੀ ਅਮਰੀਕਾ ਮਹਾਂਦੀਪ ਦੇ ਲੋਕ ਭਾਰਤੀ ਸਭਿਆਚਾਰ ਪ੍ਰਤੀ ਸਨੇਹ ਰਖਦੇ ਹਨ। ਅਮਰੀਕੀ ਬੈਂਕਾਂ ਹੱਥੋਂ ਲੁੱਟ-ਖਸੁੱਟ ਦਾ ਸ਼ਿਕਾਰ ਹੋਣ ਅਤੇ ਸਾਮਵਾਦੀ (ਖਾਸ ਤੌਰ 'ਤੇ ਕਾਸਟਰੋਵਾਦੀ) ਨੀਤੀਆਂ ਦੇ ਦੁਸ਼ਪ੍ਰਭਾਵਾਂ ਦੇ ਖੌਫ ਕਾਰਨ ਉਹ ਗੁੱਟ ਨਿਰਲੇਪਤਾ ਵਲ ਵਧ ਰਹੇ ਹਨ। ਮਹਾਤਮਾਂ ਗਾਂਧੀ ਦੀ ਵਿਚਾਰਧਾਰਾ ਅਤੇ ਭਾਰਤੀ ਸਟਾਈਲ ਦੀ ਜਮਹੂਰੀਅਤ ਉਨ੍ਹਾਂ ਦੇਸ਼ਾਂ ਦੇ ਅਨੇਕਾਂ ਵਸਨੀਕਾਂ ਨੂੰ ਮੁਕਤੀ ਦਾ ਇਕੋ ਇਕ ਰਾਹ ਜਾਪਦੀ ਹੈ। ਮਹਾਂਕਵੀ ਟੈਗੋਰ ਦੀ ਉਨ੍ਹਾਂ ਦੇਸ਼ਾਂ ਵਿਚ ਬਹੁਤ ਕਦਰ ਕੀਤੀ ਜਾਂਦੀ ਹੈ। ਪਰ ਇਸ ਸਭ ਦੇ ਬਾਵਜੂਦ ਸਾਡੇ ਦੇਸ਼ ਵਿਚ ਉਨ੍ਹਾਂ ਦੇਸ਼ਾਂ ਦੀ ਕਿੰਨੀ ਕੁ ਕਦਰ ਹੈ? ਉਰੂਗਵੇ ਦੇ ਗੈਰ ਰਿਹਾਇਸ਼ੀ ਰਾਜਦੂਤ ਨੂੰ ਇਸ ਸਾਲ ਜਨਵਰੀ ਮਹੀਨੇ ਭਾਰੀ ਨਮੋਸ਼ੀ ਦਾ ਸ਼ਿਕਾਰ ਹੋਣਾ ਪਿਆ। ਜਦੋਂ ਅਰਜਨਟਾਈਨਾ ਦੇ ਰਾਸ਼ਟਰਪਤੀ ਦੀ ਭਾਰਤੀ ਫੇਰੀ ਸਮੇਂ ਉਸ ਨੂੰ ਰਾਸ਼ਟਰਪਤੀ ਭਵਨ ਵਿਚ ਇਸ ਕਰਕੇ ਦਾਖਲ ਨਾ ਹੋਣ ਦਿਤਾ ਗਿਆ ਕਿ ਉਸ ਨੂੰ ਕੋਈ ਪਹਿਚਾਣਦਾ ਹੀ ਨਹੀਂ ਸੀ। ਜੇਕਰ ਉਸ ਦੀ ਥਾਂ ਅਮਰੀਕਾ ਜਾਂ ਕਿਸੇ ਯੂਰਪੀ ਦੇਸ਼ ਦਾ ਰਾਜਦੂਤ ਹੁੰਦਾ ਤਾਂ ਭਾਰਤ ਨੂੰ ਸਫਾਰਤੀ ਸੰਕਟ ਵਿਚੋਂ ਬਾਹਰ ਨਿਕਲਣਾ ਔਖਾ ਹੋ ਜਾਣਾ ਸੀ।

ਲਾਤੀਨੀ ਅਮਰੀਕਾ ਸਿਰਫ ਅਰਜਨਟਾਈਨਾ ਮੈਕਸਿਕੋ ਜਾਂ ਬਰਾਜ਼ੀਲ ਤਕ ਈ ਸੀਮਤ ਨਹੀਂ, ਭਾਰਤ ਨੂੰ ਪੂਰੇ ਮਹਾਂਦੀਪ ਦੇ ਦੇਸ਼ਾਂ ਬਾਰੇ ਵਾਜਬ ਨੀਤੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ। ਸਮਾਂ ਆ ਰਿਹਾ ਹੈ ਕਿ ਭਾਰਤੀ ਡਿਪਲੋਮੇਟਇਹ ਸਮਝਣਾ ਬੰਦ ਕਰ ਦੇਣ ਕਿ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਭੇਜ ਕੇ ਉਨ੍ਹਾਂ ਨੂੰ ਕੋਈ ਸਜ਼ਾ ਦਿਤੀ ਜਾ ਰਹੀ ਹੈ।

ਵਿਦੇਸ਼ ਮੰਤਰਾਲੇ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਡਾ. ਜਗਜੀਤ ਸਿੰਘ ਚੋਹਾਨ ਦੀ ਸਫਲਤਾ, ਮੰਤਰਾਲੇ ਦੇ ਨੀਤੀਵੇਤਾਵਾਂ ਦੀਆਂ ਅਸਫਲਤਾਵਾਂ 'ਤੇ ਹੀ ਨਿਰਭਰ ਕਰਦੀ ਹੈ।

(ਜੈਂਟਲਮੈਨ ਵਿਚੋਂ)

ਪੰਜਾਬੀ ਰੂਪ : ਸ. ਸ. ਤੇਜ

ਜਾਨ ਜਾਂਦੀ ਹੈ, ਜਾਨ ਜਾਏਗੀ।
ਆਸ ਹੈ ਜ਼ਿੰਦਗੀ ਵੀ ਆਏਗੀ।

ਜ਼ਿੰਦਗੀ ਆਏਗੀ ਸੂਰਜ ਲੈ ਕੇ,
ਨੇਰ੍ਹ ਹਾਰੇਗਾ, ਰਾਤ ਜਾਏਗੀ।

ਇਕ ਮੁਹੱਬਤ ਦੀ ਰਸਮ ਹੈ ਜੀਵਨ,
ਏਥੇ ਨਫਰਤ ਨਾ ਰਾਸ ਆਏਗੀ।

ਜਿਸ ਜਗਾ ਰੁਖ, ਨਦੀ ਨਾ ਦੀਪ ਦਿਸੂ,
ਉਸ ਜਗ੍ਹਾ ਮੌਤ ਲੈ ਕੇ ਜਾਏਗੀ।

ਬਾਦਲ ਧੜਾ ਵਜ਼ਾਰਤ ਤੋਂ ਬਾਹਰ ਰਹੇਗਾ

ਦਲਜੀਤ ਸਿੰਘ

ਚੰਡੀਗੜ੍ਹ — ਪੰਜਾਬ ਦੇ ਵਜ਼ਾਰਤ ਦੇ ਨਿਕਟ ਭਵਿਖ ਵਿਚ ਹੋਣ ਵਾਲੇ ਵਿਸਥਾਰ ਵਿਚ ਬਾਦਲ ਧੜੇ ਦੇ ਕਿਸੇ ਵੀ ਮੈਂਬਰ ਦੀ ਸ਼ਮੂਲੀਅਤ ਨਹੀਂ ਹੋਵੇਗੀ। ਵਜ਼ਾਰਤ ਦੇ ਗਠਨ ਸਮੇਂ ਮੁਖ ਮੰਤਰੀ ਸ: ਬਰਨਾਲਾ ਨੇ ਜਿਸ ਤਰ੍ਹਾਂ ਇਸ ਧੜੇ ਨੂੰ ਨਜ਼ਰਅੰਦਾਜ਼ ਕੀਤਾ ਹੈ ਉਸ ਨੂੰ ਧਿਆਨ 'ਚ ਰਖਦਿਆਂ ਬਾਦਲ ਧੜਾ ਸਮਝਦਾ ਹੈ ਕਿ ਮਹਿਜ਼ ਵਜ਼ੀਰੀਆਂ ਦੇ ਲਾਲਚ 'ਚ ਆਉਣਾ ਦੂਰ ਅੰਦੇਸ਼ੀ ਵਾਲਾ ਫੈਸਲਾ ਨਹੀਂ ਹੋਵੇਗਾ। ਸਾਬਕਾ ਮੁਖ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੇ ਨੇੜਲੇ ਸੂਤਰਾਂ ਅਨੁਸਾਰ ਉਨ੍ਹਾਂ ਦਾ ਨੇਤਾ ਸ. ਬਰਨਾਲਾ ਨੂੰ ਪੂ ਰਨ ਸਮਰਥਨ ਦਿੰਦੇ ਰਹਿਣ ਲਈ ਪ੍ਰਤੀਬੱਧ ਹੈ ਤੇ ਕਿਸੇ ਨੂੰ ਵੀ ਨਹ ਨਵੀਂ ਸਰਕਾਰ ਨੂੰ ਮਾੜੀ ਮੋਟੀ ਢਾਹ ਲਾਉਣ ਲਈ ਉਤਸ਼ਾਹਿਤ ਨਹੀਂ ਕਰਨ ਦਿਤਾ ਜਾਵੇਗਾ। ਪਰ ਇਹ ਹਲਕੇ ਖਜ਼ਾਨਾ ਮੰਤਰੀ ਸ: ਬਲਵੰਤ ਸਿੰਘ ਸਿੱਖਿਆ ਮੰਤਰੀ ਸ: ਸੁਖਜਿੰਦਰ ਸਿੰਘ ਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਵਲੋਂ ਕਥਿਤ ਤੌਰ 'ਤੇ "ਨਿਜੀ ਹਿਤਾਂ ਲਈ" ਚੋਣਾ ਤੋਂ ਬਾਅਦ ਨਿਭਾਈ ਭੂਮਿਕਾ ਅਤੇ "ਸਿਖ ਹਿਤਾਂ" ਨੂੰ ਅੱਖੋਂ ਪਰੋਖੇ ਕਾਰ ਕਰਨ ਕਾਰਨ ਨਾਰਾਜ਼ ਹਨ। ਇਸ ਦੇ ਬਾਵਜੂਦ ਇਹ ਧੜਾ ਸ਼ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਅਗਲੇ ਮਹੀਨੇ ਹੋਣ ਵਾਲੀ ਚੋਣ 'ਚ ਸ: ਟੌਹੜਾ ਦਾ ਵਿਰੋਧ ਨਹੀਂ ਕਰੇਗਾ।

ਬਾਦਲ ਧੜਾ ਝੋਨੇ ਦੀ ਖਰੀਦ, ਕਪਾਹ ਤੇ ਗੰਨੇ ਦਾ ਭਾਅ ਦਾ ਅਜੇ ਤਕ ਐਲਾਨ ਨਾ ਕੀਤੇ ਜਾਣ ਦੇ ਮਾਮਲੇ 'ਚ ਮੁਖ ਮੰਤਰੀ ਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਦੀ ਕਾਰਗੁਜ਼ਾਰੀ ਤੋਂ ਬਹੁਤਾ ਖੁਸ਼ ਨਹੀਂ। ਇਹ ਸਮਝਦਾ ਹੈ ਕਿ ਪੰਜਾਬ ਸਰਕਾਰ ਨੂੰ ਮੰਡੀਆਂ 'ਚ ਲੱਖਾਂ ਟਨ ਝੋਨਾ ਰੁਲਦਾ ਵੇਖਦਿਆਂ ਜਿਸ ਤਰ੍ਹਾਂ ਕੇਂਦਰ ਸਰਕਾਰ ਉਤੇ ਜ਼ੋਰ ਪਾ ਕੇ ਖਰੀਦ ਤੇਜ਼ ਕਰਨ ਲਈ ਮਜ਼ਬੂਰ ਕਰਨਾ ਚਾਹੀਦਾ ਸੀ ਉਹ ਨਹੀਂ ਕੀਤਾ ਗਿਆ। ਰਾਜ ਦੇ ਵੱਖ ਵੱਖ ਸਰਕਾਰੀ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਲਾਭਕਾਰੀ ਅਹੁਦੇ ਵੀ ਸ: ਬਾਦਲ ਦੇ ਕੱਟੜ ਸਮਰਥਕ ਨਹੀਂ ਲੈਣਗੇ। ਪਰ ਇਸ ਧੜੇ ਦੇ ਕੁਝ ਕੱਚੇ ਸਮਰਥਕ ਵਿਧਾਇਕਾਂ ਨੂੰ ਅਜਿਹੇ ਅਹੁਦਿਆਂ ਉਤੇ ਲਾ ਕੇ ਆਪਣੇ ਵੱਲ ਖਿਚਣਾ ਮੁਖ ਮੰਤਰੀ ਦੇ ਸਮਰਥਕਾਂ ਦੀ ਨੀਤੀ 'ਚ ਸ਼ਾਮਲ ਹੋ ਸਕਦਾ ਹੈ।

ਪਰ ਪਾਰਲੀਮੈਂਟ 'ਚ ਅਕਾਲੀ ਦਲ ਧੜੇ ਦੇ ਨੇਤਾ ਦੀ ਚੋਣ ਦੇ ਮਾਮਲੇ 'ਚ ਇਸ ਧੜੇ ਨੇ ਟੱਕਰ ਵਾਲਾ ਸਟੈਂਡ ਲੈ ਲਿਆ ਹੈ। ਚੋਣਾਂ ਤੋਂ ਤੁਰੰਤ ਬਾਅਦ ਅਕਾਲੀ ਦਲ ਦੇ ਸਕੱਤਰ ਜਨਰਲ ਸ: ਬਲਵੰਤ ਸਿੰਘ ਰਾਮੂਵਾਲੀਆ, ਜੋ ਪਹਿਲਾਂ ਵੀ ਲਕ ਸਭਾ ਮੈਂਬਰ ਰਹਿ ਚੁਕੇ ਹਨ, ਨੂੰ ਨੇਤਾ ਚੁਣ ਲੈਣਾ ਲਗਭਗ ਯਕੀਨੀ ਸੀ। ਪਰ ਬਾਅਦ 'ਚ ਮੁਖ ਮੰਤਰੀ ਧੜੇ ਦੇ ਵਤੀਰੇ ਤੋਂ ਚਿੜ ਕੇ ਬਾਦਲ ਦੇ ਸਮਰਥਕ ਲੋਕ ਸਭਾ ਮੈਂਬਰਾਂ ਨੇ ਅੜਿਕਾ ਡਾਹ ਦਿਤਾ ਹੈ। ਦੱਸਿਆ ਜਾਂਦਾ ਹੈ ਕਿ ਸ: ਬਾਦਲ ਇਸ ਮਾਮਲੇ 'ਚ ਸਰਬਸੰਮਤੀ ਦੇ ਹੱਕ 'ਚ ਸਨ ਤੇ ਇਥੋਂ ਤੱਕ ਕਿ ਇਕ ਸਮੇਂ ਉਹ ਸ: ਰਾਮੂਵਾਲੀਆ ਨੂੰ ਬਣਾਉਣ ਦੇ ਵਿਰੁਧ ਨਹੀਂ ਸਨ। ਪਰ ਮੁਖ ਮੰਤਰੀ ਵਲੋਂ ਇਸ ਬਾਰੇ ਕੋਈ ਸਲਾਹ ਮਸ਼ਵਰਾ ਨਾ ਲੈਣ ਕਾਰਨ ਸ: ਬਾਦਲ ਦੇ ਹਮਾਇਤੀਆਂ ਨੇ ਉਨ੍ਹਾਂ ਨੂੰ ਇਸ ਸਬੰਧੀ "ਚੁੱਪ ਧਾਰੀ ਰੱਖਣ" ਲਈ ਮਨਾ ਲਿਆ। ਨੇਤਾ ਦੀ ਚੋਣ ਨੂੰ ਲੈ ਕੇ ਪਿਛਲੇ ਸਮੇਂ ਦੌਰਾਨ ਕਰਮਵਾਰ ਸੱਤ ਤੇ 16 ਅਕਤੂਬਰ ਨੂੰ ਹੋਈਆਂ ਮੀਟਿੰਗਾਂ 'ਚ ਕੋਈ ਨਿਰਣਾ ਨਹੀਂ ਹੋ ਸਕਿਆ। ਦਲ ਦੇ ਲੋਕ ਸਭਾ ਮੈਂਬਰਾਂ ਦੀ ਕ ਫਿਰ ਇਥੇ ਪਾਰਟੀ ਪ੍ਰਧਾਨ ਸ: ਬਰਨਾਲਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਣੀ ਹੈ ਜਿਸ ਵਿਚ ਕੋਈ ਅੰਤਮ ਨਿਰਣਾ ਲਏ ਜਾਣ ਦੀ ਸੰਭਾਵਨਾ ਹੈ।

ਹਾਲ ਦੀ ਘੜੀ ਸੱਤ ਵਿਚੋਂ ਚਾਰ ਮੈਂਬਰ ਇਕ ਪਾਸੇ ਹਨ ਤੇ ਇਹ ਫਰੀਦਕੋਟ ਤੋਂ ਚੁਣੇ ਭਾਈ ਸ਼ਮਿੰਦਰ ਸਿੰਘ ਨੇਤਾ ਚੁਨਣ ਲਈ ਕਮਰਕਸੇ ਕਸੀ ਫਿਰਦੇ ਹਨ। ਇਹ ਸ: ਚਰਨਜੀਤ ਸਿੰਘ (ਰੋਪੜ) ਨੂੰ ਉਪ ਨੇਤਾ ਤੇ ਸ: ਮੇਵਾ ਸਿੰਘ ਗਿੱਲ (ਲੁਧਿਆਣਾ) ਨੂੰ ਸਕੱਤਰ ਬਣਾਉਣ ਲਈ ਆਪਣੀ ਸੂਚੀ ਨੂੰ ਅੰਤਮ ਰੂਪ ਦੇ ਚੁੱਕੇ ਹਨ। ਭਾਈ ਸ਼ਮਿੰਦਰ ਸਿੰਘ ਦੀ ਸ: ਬਾਦਲ ਨਾਲ ਗੂੜ੍ਹੀ ਨੇੜਤਾ ਕਿਸੇ ਤੋਂ ਛੁਪੀ ਨਹੀਂ। ਇਸੇ ਦੌਰਾਨ ਪਤਾ ਲੱਗਾ ਹੈ ਕਿ ਸ: ਬਰਨਾਲਾ ਆਪਣੀ ਵਜ਼ਾਰਤ 'ਚ ਵਾਧਾਂ ਨਵੰਬਰ ਦੇ ਪਹਿਲੇ ਅੱਧ ਤੱਕ ਕਰਨਗੇ। ਅਕਾਲੀ ਦਲ ਦੇ ਸੂਤਰਾਂ ਅਨੁਸਾਰ ਵਜ਼ਾਰਤ ਦੇ ਹੋਂਦ 'ਚ ਆਉਣ ਬਾਅਦ ਕੀਤੇ ਜਾਣ ਵਾਲੇ ਇਸ ਪਹਿਲੇ ਵਿਸਥਾਰ ਵਿਚ ਲਗਭਗ ਇਕ ਦਰਜਨ ਦੇ ਕਰੀਬ ਵਜ਼ੀਰ ਲਏ ਜਾਣ ਦੀ ਸੰਭਾਵਨਾ ਹੈ ਜਿਨ੍ਹਾਂ 'ਚ ਹਿੰਦੂਆਂ ਤੇ ਨੌਜਵਾਨਾਂ ਦਾ ਇਕ ਇਕ ਨੁਮਾਇੰਦਾ ਸ਼ਾਮਲ ਕੀਤੇ ਜਾਣ ਤੋਂ ਬਗੈਰ ਸਾਰੇ ਜ਼ਿਲਿਆਂ ਨੂੰ ਢੁਕਵੀਂ ਪ੍ਰਤੀਨਿਧਤਾ ਦੇਣ ਦਾ ਯਤਨ ਕੀਤਾ ਜਾਵੇਗਾ।

ਇਕਵਾਡੋਰ 'ਚ 'ਹਾਊਸ ਆਫ ਖਾਲਿਸਤਾਨ' ਦਾ ਉਦਘਾਟਨ?

ਕੁਈਟੋ - ਇਕਵਾਡੋਰ — ਦੱਖਣੀ ਅਮਰੀਕੀ ਦੇਸ਼ ਇਕਵਾਡੋਰ ਦੀ ਰਾਜਧਾਨੀ ਅੰਦਰ ਸਿੱਖ ਗਰੁਪਾਂ ਦੇ ਵਸੇਬੇ ਨੂੰ ਉਤਸ਼ਾਹਤ ਕਰਨ ਲਈ ਪਿਛਲੇ ਦਿਨੀਂ ਇਥੇ ਕਥਿਤ "ਇਕਵਾਡੋਰ ਅੰ ਅੰਦਰ ਖਾਲਿਸਤਾਨ ਦਾ ਘਰ" ਦਾ ਉਦਘਾਟਨ ਕੀਤਾ ਗਿਆ। ਇਸ ਗੱਲ ਦਾ ਪ੍ਰਗਟਾਵਾ ਇਕ ਗਰੁਪ ਵਲੋਂ ਅਖਬਾਰਾਂ ਦੇ ਰਿਪੋਰਟਰਾਂ ਨੂੰ ਵੰਡੇ ਗਏ ਇਕ ਬਿਆਨ ਅੰਦਰ ਕੀਤਾ ਗਿਆ ਹੈ। ਪ੍ਰੈਸ ਬਿਆਨ ਵਿਚ ਇਸ ਸਬੰਧ ਵਿਚ ਕੋਈ ਸੰਕੇਤ ਨਹੀਂ ਦਿਤਾ ਗਿਆ ਕਿ ਉਦਘਾਟਨ ਕਿਸ ਤਰੀਕ ਨੂੰ ਕੀਤਾ ਗਿਆ ਜਾਂ ਇਹ ਜਗ੍ਹਾਂ ਸ਼ਹਿਰ ਅੰਦਰ ਕਿਸ ਥਾਂ 'ਤੇ ਹੈ।

ਦੂਸਰੇ ਪਾਸੇ ਇਕਵਾਡੋਰ ਸਰਕਾਰ ਦਾ ਵਾਰ ਵਾਰ ਇਹ ਕਹਿਣਾ ਹੈ ਕਿ ਉਸ ਦਾ ਖਾਲਿਸਤਾਨ ਸਮਰਥਕ ਅਨਸਰਾਂ ਨਾਲ ਉਕਾ ਹੀ ਕੋਈ ਸੰਪਰਕ ਨਹੀਂ ਹੈ। ਇਕਵਾਡੋਰ ਦੇ ਵਿ ਦੇਸ਼ ਮੰਤਰੀ ਸ੍ਰੀ ਐਡਗਰ ਤੇਰਾਨ ਦੇ ਸਲਾਹਕਾਰ ਸ੍ਰੀ ਡੀਗੋ ਪ੍ਰੇਡਸ ਨੇ ਅਜੇ ਕੁਝ ਹੀ ਦਿ ਨ ਪਹਿਲਾਂ ਸਪਸ਼ਟੀਕਰਨ ਦਿਤਾ ਸੀ ਕਿ ਉਨ੍ਹਾਂ ਦੀ ਸਰਕਾਰ ਭਾਰਤ ਤੋਂ ਛੁੱਟ ਕਿਸੇ ਵੀ ਹੋਰ ਸਮਾਨੰਤਰ ਅਥਰਾਟੀ ਨੂੰ ਮਾਨਤਾ ਨਹੀਂ ਦਿੰਦੀ।

ਬੈਂਸ ਕਮੇਟੀ ਨੂੰ ਪੁਲੀਸ ਦਾ ਨਾ ਮਿਲਵਰਤਣ

ਚੰਡੀਗੜ੍ਹ — (ਗਿਆਨੀ ਹਰੀ ਸਿੰਘ)— ਇਸ ਗੱਲ ਦੇ ਸੰਕੇਤ ਮਿਲੇ ਹਨ ਕਿ ਸਿਆਸੀ ਨਜ਼ਰਬੰਦਾਂ ਬਾਰੇ ਘੋਖ ਕਰਨ ਵਾਲੀ ਜਸਟਿਸ ਬੈਂਸ ਦੀ ਅਗਵਾਈ ਹੇਠਲੀ ਕਮੇਟੀ ਨੂੰ ਪੁਲੀਸ ਵਿਭਾਗ ਵਲੋਂ ਪੂਰੀ ਤਰ੍ਹਾਂ ਮਿਲਵਰਤਣ ਨਹੀਂ ਦਿਤੀ ਜਾ ਰਹੀ। ਇਕ ਗੈਰ ਸਰਕਾਰੀ ਸੂਚਨਾ ਅਨੁਸਾਰ ਕਮੇਟੀ ਨੂੰ 1982 ਤੋਂ ਬਾਅਦ ਵੱਖ ਵੱਖ ਅੰਦੋਲਨਾਂ ਸਬੰਧੀ ਫੜੇ ਗਏ ਸਾਰੇ ਵਿਅਕਤੀਆਂ ਬਾਰੇ ਜਾਣਕਾਰੀ ਮੁਹੱਈਆ ਨਹੀਂ ਕੀਤੀ ਗਈ ਹਾਲਾਂ ਕਿ ਕਮੇਟੀ ਨੇ ਇਨ੍ਹਾਂ ਸਭ ਬਾਰੇ ਜਾਣਕਾਰੀ ਮੰਗੀ ਸੀ।

ਸੂਚਨਾ ਅਨੁਸਾਰ ਪੰਜਾਬ ਦੀਆਂ ਇਕ ਸੂਚਨਾ ਅਨੁਸਾਰ ਪੰਜਾਬ ਦੀਆਂ ਇਕ ਦਰਜਨ ਵਿਸ਼ੇਸ਼ ਅਦਾਲਤਾਂ ਨੇ ਸੱਤ ਹਜ਼ਾਰ ਦੇ ਲਗਭਗ ਕੇਸਾਂ ਦਾ ਨਿਪਟਾਰਾ ਕਰ ਕੇ ਕਥਿਤ ਦੋਸ਼ੀਆਂ ਨੂੰ 9 ਮਹੀਨੇ ਤੋਂ ਲੈ ਕੇ ਉਮਰ ਕੈਦ ਤਕ ਦੀਆਂ ਸਜ਼ਾਵਾਂ ਦਿਤੀਆਂ ਹਨ। ਗ੍ਰਹਿ ਵਿਭਾਗ ਦੇ ਸੂਤਰਾਂ ਅਨੁਸਾਰ ਇਨ੍ਹਾਂ ਬੰਦ ਬੰਦੀਆਂ ਵਿਚ ਤਿੰਨ ਹਜ਼ਾਰ ਤੋਂ ਵੱਧ ਉਹ ਲੋਕ ਹਨ ਜਿਨ੍ਹਾਂ 'ਤੇ ਪੁਲਸ ਨੇ ਨਜਾਇਜ਼ ਹਥਿਆਰ, ਪਿਸਤੌਲ ਤੇ ਕਾਰਤੂਸ ਬਰਾਮਦ ਕਰਨ ਦੇ ਦੋਸ਼ ਪਾਏ ਸਨ। ਇਸ ਤੋਂ ਛੁੱਟ ਹਜ਼ਾਰ ਤੋਂ ਵੱਧ ਅਜਿਹੇ ਕੇਸ ਹਨ ਜਿਨ੍ਹਾਂ 'ਤੇ ਬੈਂਕ ਲੁੱਟਣ, ਦੁਕਾਨਾਂ ਜਾਂ ਮਕਾਨ ਸਾੜਨ ਅਤੇ ਨਸ਼ੀਲੀਆਂ ਅਯੋਗ ਵਸਤਾਂ ਵੇਚਣ ਦਾ ਦੋਸ਼ ਹੈ। ਪਰ ਇਹ ਕੇਸ ਆਮ ਮੁਜਰਮਾਨਾ ਕੇਸ ਦੱਸ ਕੇ ਕਮੇਟੀ ਦੇ ਦਾਇਰੇ ਤੋਂ ਬਾਹਰ ਕੱਢ ਲਏ ਹੋਏ ਹਨ।

ਕਮੇਟੀ ਨੇ ਅਦਾਲਤਾਂ ਵਲੋਂ ਨਿਪਟਾਏ ਗਏ ਕੇਸਾਂ ਦਾ ਵੇਰਵਾ 28 ਅਕਤੂਬਰ ਤਕ ਮ ਮੰਗਵਾਇਆ ਸੀ। ਪਰ ਹਾਲੇ ਤੱਕ ਇਕ ਹਜ਼ਾਰ ਕੁਸ ਵੀ ਨਹੀਂ ਪਹੁੰਚੇ। ਇਸ ਲਈ ਕਮੇਟੀ ਦੇ ਚੇਅਰਮੈਨ ਨੇ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਛੇਤੀ ਜ਼ਿਲਿਆਂ ਵਿਚੋਂ ਰਿਕਾਰਡ ਮੰਗਾ ਕੇ ਕਮੇਟੀ ਨੂੰ ਦੇਣ ਤਾਂ ਜੋ ਕਮੇਟੀ ਮਿਥੇ ਸਮੇਂ ਵਿਚ ਆਪਣਾ ਕੰਮ ਮੁਕੰਮਲ ਕਰ ਸਕੇ। ਜਾਪਦਾ ਹੈ ਕਿ ਚਾਰ ਮੈਂਬਰੀ ਕਮੇਟੀ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਪੁਲੀਸ ਨੇ ਰਾਜ ਦੇ ਪਿੰਡਾਂ ਦੇ ਲੋਕਾਂ ਉਤੇ ਜੋ ਤਸ਼ੱਦਦ ਕੀਤਾ ਹੈ, ਉਸ ਤੋਂ ਦਹਿਸ਼ਤਪ੍ਰਸਤੀ ਨੂੰ ਹਵਾ ਮਿਲੀ ਹੈ। ਰਾਜ ਦੇ ਲੋਕਾਂ, ਜੋ ਮੁਕੰਮਲ ਸ਼ਾਂਤੀ ਦੇ ਇੱਛਕ ਹਨ ਨੇ ਆਪਣੇ ਰੋਸ ਦਾ ਪ੍ਰਗਟਾਵਾ ਚੋਣਾਂ ਵਿਚ ਪ੍ਰਗਟ ਕਰ ਦਿਤਾ ਹੈ।

ਭੁੱਲਰ ਅਦਾਲਤ 'ਚ ਪੇਸ਼

ਲੁਧਿਆਣਾ — ਸਾਬਕਾ ਐਸ. ਪੀ. ਪੁਲੀਸ ਐਸ. ਐਸ. ਭੁੱਲਰ ਸਮਰਾਲਾ ਦੇ ਜੁਡੀਸ਼ਲ ਮੈਜਿਸਟਰੇਟ ਜੇ. ਆਰ. ਮਲਹੋਤਰਾ ਦੀ ਅਦਾਲਤ ਵਿਚ ਪੇਸ਼ ਹੋ ਗਏ। ਉਨ੍ਹਾਂ ਨੂੰ ਪਾਇਲ ਕਤਲ ਕੇਸ ਵਿਚ ਲੁਧਿਆਣਾ ਦੇ ਜੁਡੀਸ਼ਲ ਮੈਜਿਸਟਰੇਟ ਜੇ. ਐਸ. ਭਾਟੀਆ ਨੇ ਭਗੌੜਾ ਕਰਾਰ ਦੇ ਦਿਤਾ ਸੀ। ਅਦਾਲਤ ਨੇ ਉਨ੍ਹਾਂ ਦਾ ਇਕ ਦਨ ਲਈ ਪੁਲਸ ਰਿਮਾਂਡ ਦੇ ਦਿਤਾ ਹੈ।

ਕੇਂਦਰ ਰਾਜ ਸਬੰਧ ਪਹਿਲਾਂ ਨਾਲੋਂ ਬਿਹਤਰ — ਟੌਹੜਾ



ਯਮਨਾ ਨਗਰ — ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਇਥੇ ਕਿਹਾ ਕਿ ਇਸ ਵੇਲੇ ਕੇਂਦਰ-ਰਾਜ ਸਬੰਧ ਪਿਛਲੇ ਕਈ ਸਾਲਾਂ ਨਾਲੋਂ ਬਿਹਤਰ ਹਨ। ਪੰਜਾਬ ਵਿਚ ਅਕਾਲੀ ਸਰਕਾਰ ਦੀ ਸਥਾਪਨਾ ਪਿਛੋਂ ਹਰਿਆਣਾ ਦੀ ਆਪਣੀ ਪਹਿਲੀ ਫੇਰੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਰੇ ਪੰਜਾਬੀ ਦੇਸ਼ ਦੀ ਏਕਤਾ ਤੇ ਇਕਮੁੱਠਤਾ 'ਤੇ ਸਦਾ ਹੀ ਪਹਿਰਾ ਦਿੰਦੇ ਰਹਿਣਗੇ ਅਤੇ ਲੋੜ ਪੈਣ 'ਤੇ ਇਸ ਕੰਮ ਲਈ ਭਾਰੀ ਕੁਰਬਾਨੀਆਂ ਦੇਣ ਤੋਂ ਝਿਜਕਣਗੇ ਨਹੀਂ।

ਸ੍ਰੀ ਟੌਹੜਾ ਨੇ ਵਰਤਮਾਨ ਕੇਂਦਰ ਸਰਕਾਰ ਦੇ ਪੰਜਾਬ ਵੱਲ ਰਵੱਈਏ ਨੂੰ ਸਲਾਹੁਣਯੋਗ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਰਾਜ ਦੇ ਸਰਬ-ਪੱਖੀ ਵਿਕਾਸ ਲਈ ਕੰਮ ਕਰੇਗੀ ਅਤੇ ਰਾਜ ਵਿਚਲੇ ਹਿੰਦੂਆਂ ਦੇ ਹਿਤਾਂ ਦੀ ਰਾਖੀ ਕਰੇਗੀ।

ਬਰਤਾਨੀਆਂ 'ਚ ਸੈਲਾਨੀਆਂ ਲਈ ਵੀਜਾ ਸਿਸਟਮ ਦੀ ਸੰਭਾਵਨਾ

ਲੰਦਨ — ਬਰਤਾਨਵੀ ਸਰਕਾਰ ਭਾਰਤ ਅਤੇ ਹੋਰ ਕਾਮਨਵੈਲਥ ਦੇਸ਼ਾਂ ਦੇ ਬਰਤਾਨੀਆਂ 'ਚ ਦਾਖਲ ਹੋਣ ਦੇ ਇੱਛੁਕ ਨਾਗਰਿਕਾਂ ਲਈ ਵੀਜ਼ਾ ਸਿਸਟਮ ਲਾਗੂ ਕਰਨ ਬਾਰੇ ਸੋਚ ਵਿਚਾਰ ਕਰ ਰਹੀ ਹੈ। ਗ੍ਰਹਿ ਵਿਭਾਗ ਵਲੋਂ ਲੰਦਨ ਹਵਾਈ ਅੱਡੇ 'ਤੇ ਇਮੀਗਰੇਸ਼ਨ ਸਬੰਧੀ ਅੜਿਚਣਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਅਜਿਹੀ ਕਾਰਵਾਈ ਕਰਨ ਬਾਰੇ ਸੋਚਿਆ ਜਾ ਰਿਹਾ ਹੈ। ਬਰਤਾਨਵੀ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਸ ਸਮੇਂ ਬਰਤਾਨਵੀ ਇਮੀਗਰੇਸ਼ਨ ਅਫਸਰਾਂ ਨੂੰ ਸਭ ਤੋਂ ਵੱਧ ਪਰੇਸ਼ਾਨੀ ਬੰਗਲਾਦੇਸ਼ ਤੋਂ ਇਥੇ ਆਉਣ ਵਾਲੇ ਵਿਅਕਤੀ ਨਾਲ ਨਜਿੱਠਣ ਦੇ ਮਾਮਲੇ ਵਿਚ ਪੇਸ਼ ਆ ਰਹੀ ਹੈ। ਸੋ ਜੇਕਰ ਬੰਗਲਾਦੇਸ਼ੀ ਸੈਲਾਨੀਆਂ ਲਈ ਵੀਜ਼ਾ ਸਿਸਟਮ ਲਾਗੂ ਕੀਤਾ ਜਾਂਦਾ ਹੈ ਤੇ ਇਸ ਤੋਂ ਉਤਰੀ ਅਫਰੀਕਾ ਅਤੇ ਭਾਰਤੀ ਉਪ ਮਹਾਂਦੀਪ ਦੇ ਹੋਰ ਦੇਸ਼ਾਂ 'ਤੇ ਵੀ ਇਹੋ ਹੀ ਸਿਸਟਮ ਲਾਗੂ ਕਰ ਦਿਤਾ ਜਾਵੇਗਾ। ਇਸ ਤੋਂ ਪਹਿਲਾਂ ਸ੍ਰੀ ਲੰਕਾ ਦੇ ਤਾਮਿਲ ਨਾਗਰਿਕਾਂ ਦੀ ਵੱਡੇ ਪੈਮਾਨੇ ਤੇ ਆਮਦ ਨੂੰ ਰੋਕ ਕਰਨ ਲਈ ਮਈ ਮਹੀਨੇ ਦੌਰਾਨ ਸ੍ਰੀਲੰਕਾ ਨਾਗਰਿਕਾਂ ਵਾਸਤੇ ਵੀਜ਼ਾ ਸਿਸਟਮ ਲਾਗੂ ਕਰ ਦਿਤਾ ਗਿਆ ਸੀ। ਇਸ ਪ੍ਰਕਾਰ ਅਜਿਹਾ ਕਰਨ ਨਾਲ ਸ੍ਰੀਲੰਕਾ ਤੋਂ ਲੋਕਾਂ ਦੀ ਬਰਤਾਨੀਆਂ 'ਚ ਆਮਦ ਇਕ ਤਰੀਕੇ ਨਾਲ ਪੂਰੀ ਤਰ੍ਹਾਂ ਰੋਕ ਹੋ ਗਈ ਸੀ।

ਬਰਤਾਨਵੀ ਸਰਕਾਰ ਵਲੋਂ ਇਥੇ ਰਹਿ ਰਹੀਆਂ ਔਰਤਾਂ ਨੂੰ ਆਪਣੇ ਪਤੀਆਂ ਨਾਲ ਇਕੱਠੇ ਹੋਣ ਲਈ ਇਸੇ ਸਾਲ ਅਗਸਤ ਮਹੀਨੇ ਦੌਰਾਨ ਇਮੰਗੀਰੇਸ਼ਨ ਕਾਨੂੰਨ 'ਚ ਸੋਧ ਵੀ ਕੀਤੀ ਗਈ ਸੀ। ਅਜਿਹਾ ਹੋਣ ਨਾਲ ਬੰਗਲਾਦੇਸ਼ 'ਚੋਂ ਇਥੇ ਆਉਣ ਵਾਲੇ ਵਿਅਕਤੀਆਂ ਦੀ ਗਿਣਤੀ ਇਕ ਦਮ ਵਧ ਗਈ ਸੀ।

ਸ਼ੇਰ ਸਿੰਘ ਢੂਮਛੇੜੀ ਗ੍ਰਿਫਤਾਰ

ਮੋਰਿੰਡਾ — ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਸ. ਸ਼ੇਰ ਸਿੰਘ ਢੂਮਛੇੜੀ ਨੂੰ ਕੁਰਾਲੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪਤਾ ਲਗਾ ਹੈ ਕਿ ਇਹ ਗ੍ਰਿਫਤਾਰੀ ਪੁਰਾਣੀ ਟਰੱਕ ਯੂਨੀਅਨ ਤੇ ਨਵੀਂ ਬਣੀ ਟਰੱਕ ਯੂਨੀਅਨ ਤ ਦਰਮਿਆਨ ਝਗੜੇ ਦਾ ਸਿੱਟਾ ਹੈ। ਨਵੀਂ ਟਰੱਕ ਯੂਨੀਅਨ ਨੂੰ ਸ. ਰਵੀਇੰਦਰ ਸਿੰਘ ਦੇ ਸਮਰਥਕਾਂ ਅਤੇ ਪੁਰਾਣੀ ਟਰੱਕ ਯੂਨੀਅਨ ਨੂੰ ਸ. ਸ਼ੇਰ ਸਿੰਘ ਦੀ ਹਮਾਇਤ ਹਾਸਲ ਹੈ। ਨਵੀਂ ਯੂਨੀਅਨ ਚੋਣਾਂ ਤੋਂ ਪਹਿਲਾਂ ਹੋਂਦ ਵਿਚ ਆਈ ਸੀ।

ਕੁਰਾਲੀ ਪਲੁਸ ਨੇ ਯੂਥ ਅਕਾਲੀ ਦਲ ਦੇ ਨੇਤਾ ਨੂੰ ਦਫਾ 342/148/149/506 ਅਧੀਨ ਗ੍ਰਿਫਤਾਰ ਕੀਤਾ ਹੈ। ਇਸ ਤੋਂ ਇਲਾਵਾ ਸਰਪੰਚ ਕੁਲਦੀਪ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।

ਆਵਾਜਾਈ ਠੱਪ

ਮੋਗਾ — ਇਥੋਂ 35 ਕਿਲੋਮੀਟਰ ਦੂਰ ਤਲਵੰਡੀ ਭਾਈ-ਫਰੀਕੋਟ ਸੜਕ ਉਪਰ ਮੁਦਕੀ ਦੇ ਨਜ਼ਦੀਕ ਸੈਂਕੜੇ ਝੋਨਾ ਉਤਪਾਦਕਾਂ ਵਲੋਂ ਚਾਰ ਘੰਟੇ ਤੋਂ ਵੀ ਵਧੇਰੇ ਸਮੇਂ ਲਈ ਆਵਾਜਾਈ ਮੁਕੰਮਲ ਤੌਰ ਤੇ ਠੱਪ ਰਖੀ ਗਈ। ਕਿਸਾਨਾਂ ਦਾ ਕਹਿਣਾ ਸੀ ਉਨ੍ਹਾਂ ਦੀ ਜਿਣਸ ਮੰਡੀਆਂ ਵਿਚ ਪੰਦਰਾਂ ਪੰਦਰਾਂ ਦਿਨਾਂ ਤੋਂ ਵਧੇਰੇ ਸਮੇਂ ਤੋਂ ਰੁਲ ਰਹੀ ਹੈ।

ਵੋ ਜੋ ਹਸ ਰਹਾ ਹੈ, ਪਾਗਲੋਂ ਕੀ ਤਰਹ,
ਜਾਨੇ ਕਿਤਨਾ 'ਨੀਰਵ' ਵੋ ਰੋ ਚੁਕਾ ਹੋਗਾ।

ਸਾਊਥ ਅਫਰੀਕਾ ਦੀ ਨਸਲਵਾਦੀ ਸਰਕਾਰ ਆਪਣੀ ਬਣਾਈ ਕੋਰਟ ਦਾ ਆਰਡਰ ਮੰਨਣ ਤੋਂ ਇਨਕਾਰ

ਜੋਹਨਸਬਰਗ — ਬੋਥਾ ਸਰਕਾਰ ਨੇ ਮਾਲਮਸਬਰੀ ਦੀ ਅਦਾਲਤ ਦਾ ਇਹ ਸੁਝਾਅ ਮੰਨਣੋਂ ਇਨਕਾਰ ਕਰ ਦਿਤਾ ਜਿਸ ਵਿਚ ਕਿਹਾ ਗਿਆ ਸੀ ਕਿ ਪਾਦਰੀ ਐਲਨ ਬੋਸੈਕ ਦੀ ਜਮਾਨਤ ਵਿਚ ਸਖਤੀ ਨਾ ਵਰਤੀ ਜਾਵੇ ਤੇ ਉਸਨੂੰ ਅਮਰੀਕਾ ਇੰਗਲੈਂਡ ਅਤੇ ਸਵੀਡਨ ਜਾਣ ਲਈ ਪਾਸਪੋਰਟ ਦਿਤਾ ਜਾਵੇ। ਬੋਸੈਕ ਜੋ ਕਿ ਵਰਲਡ ਅਲਾਇੰਸ ਆਫ ਰੀਫਾਰਮਡ ਚਰਚਜ਼ ਦਾ ਪ੍ਰਧਾਨ ਹੈ। ਬੋਸੈਕ ਜੋ ਕਿ ਮਿਲੀ ਜੁਲੀ ਨਸਲ ਦਾ ਹੈ ਨੂੰ ਅਗਸਤ 27 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸਨੇ ਪੋਲੀਸਮੂਰ ਜੇਲ ਕੋਲ ਵਿਖਾਵਾ ਕੀਤਾ ਸੀ। ਜਿਥੇ ਅਫਰੀਕਨ ਨੈਸ਼ਨਲ ਕਾਂਗਰਸ ਦਾ ਲੀਡਰ ਨੈਲਸਨ ਮੰਡੇਲਾ ਕੈਦ ਹੈ।

ਬੀ. ਸੀ. ਦਾ ਲੇਬਰ ਮੰਤਰੀ ਮਿਸ ਕੈਨੇਡਾ ਦਾ ਸੇਵਕ

ਲੇਬਰ ਮੰਤਰੀ ਟੈਰੀ ਸੀਗਾਰਟੀ ਨੇ 'ਮਿਸ ਕੈਨੇਡਾ' ਚੁਣੀ ਗਈ ਇਕ ਸੁੰਦਰੀ ਨੂੰ ਉਸਦੇ ਸ਼ਹਿਰ ਕਰੇਨਬਰੁਕ ਲਿਆਉਣ ਲਈ ਬੀ. ਸੀ. ਸਰਕਾਰ ਦਾ ਇਕ ਜੈਟ ਜਹਾਜ਼ ਭੇਜੇਗਾ। ਇਹ ਇਕਸ਼ਾਂਫ ਮੰਤਰੀ ਨੇ ਕੀਤਾ। ਐਨ. ਡੀ. ਪੀ. ਐਮ. ਐਲ. ਏ. ਗੋਰਡਨ ਹੈਨਸਨ ਨੇ ਕਿਹਾ ਕਿ ਮੰਤਰੀ ਨੂੰ ਜਹਾਜ਼ ਭੇਜਣ ਦੀ ਬਜਾਏ ਕਿਸੇ ਵੀ ਹਵਾਈ ਕੰਪਨੀ ਵਿਚ ਮਿਸ ਕੈਨੇਡਾ ਲਈ ਸੀਟ ਰਿਜਰਵ ਕਰਵਾ ਦੇਣੀ ਚਾਹੀਦੀ ਹੈ। f ਇਹ ਸਰਕਾਰ ਦੀ ਫਜ਼ੂਲ ਖਰਚੀ ਦੀ ਇਕ ਮਿਸਾਲ ਹੈ। ਬੀ. ਸੀ. ਸਰਕਾਰ ਦਾ ਇਹ ਜਹਾਜ਼ ਬੀ. ਸੀ. ਤੋਂ ਬਾਹਰ ਲੈਜਾਇਆ ਜਾ ਰਿਹਾ ਹੈ। ਜਹਾਜ਼ ਇਥੇ ਜ਼ਰੂਰੀ ਐਂਬੂਲੈਂਸ ਸੇਵਾਵਾਂ ਲਈ ਲੋੜੀਂਦਾ। ਮਿ: ਹੈਨਸਨ ਨੇ ਕਿਹਾ "ਸ਼ਾਇਦ ਉਹ ਔਰਤਾਂ ਦੇ ਦਰਜੇ ਵਾਰੇ ਮੰਤਰੀ ਹੈ ਇਸੇ ਕਰਕੇ ਉਹ ਇਹ ਕਾਰਵਾਈ ਕਰ ਰਿਹਾ ਹੈ।"

ਸੋਵੀਅਤ ਡਿਪਲੋਮੈਟ ਯੁਰਚੈਂਕੋ ਨੇ ਕਿਹਾ ਕਿ ਮੈਨੂੰ ਸੀ. ਆਈ. ਏ. ਨੇ ਅਗਵਾ ਕੀਤਾ

ਪੱਛਮੀ ਸੰਸਾਰ ਦੀਆਂ ਸਰਕਾਰਾਂ ਅਤੇ ਖਾਸਕਰ ਅਮਰੀਕਨ ਖੁਫੀਆ ਏਜੰਸੀ ਨੂੰ ਉਸ ਸਮੇਂ ਭਾਰੀ ਧੱਕਾ ਲਗਿਆ ਜਦੋਂ 'ਵਿਡਾਲੀ ਯੁਰਚੈਂਕੋ' ਨੇ ਪ੍ਰੈਸ ਵਿਚ ਇਹ ਬਿਆਨ ਦਿਤਾ ਕਿ ਮੈਨੂੰ ਨਸ਼ੀਲੇ ਟੀਕ ਲਾ ਕੇ ਅਗਵਾ ਕਰਕੇ ਲਿਆਂਦਾ ਗਿਆ . ਰੋਮ ਤੋਂ ਉਸਨੂੰ ਅਗਵਾ ਕਰਕੇ ਵਾਸ਼ਿੰਗਟਨ ਅਮਰੀਕਾ ਵਿਚ ਲਿਆਂਦਾ ਗਿਆ। ਸੀ। ਜਿਥੋਂ ਕਿ ਉਹ ਭੱਜਣ ਵਿਚ ਸਫਲ ਹੋ ਗਿਆ ਅਤੇ ਰੂਸੀ ਸਫਾਰਤ ਖਾਨੇ ਪੁੱਜ ਗਿਆ। ਯੁਰਚੈਂਕੋ ਨੇ ਪ੍ਰੈਸ ਨੂੰ ਦੱਸਿਆ ਕਿ ਕਿਵੇਂ ਸੀ. ਆਈ. ਏ. ਨੇ ਉਸਨੂੰ ਚੁੱਪ ਕਰਾਉਣ ਲਈ ਇਕ ਮਿਲੀਅਨ ਡਾਲਰ ਦੀ ਪੇਸ਼ਕਸ਼ ਕੀਤੀ। ਅਤੇ ਬਿਨਾਂ ਕਿਸੇ ਕੰਮ ਕਰਨ ਲਈ ਸਲਾਨਾ ਭੱਤੇ ਵੀ ਦੇਣੇ ਚਾਹੇ ਅਮਰੀਕਾ ਵਿਚ ਰਹਿਣ ਬਦਲੇ।

ਯੂ. ਪੀ. ਪੁਲੀਸ ਵਲੋਂ ਅਤਿਵਾਦੀਆਂ ਦੀ ਵੱਡੀ ਪੱਧਰ ਉਤੇ ਭਾਲ

ਮੁਰਾਦਾਬਾਦ — ਪੁਲੀਸ ਉਤਰ ਪ੍ਰਦੇਸ਼ ਦੇ ਤਿੰਨ ਜ਼ਿਲਿਆਂ ਵਿਚੋਂ ਸ਼ੱਕੀ ਅਤਿਵਾਦੀਆਂ ਦੀ ਸੂਹ ਲਾਉਣ ਤੇ ਉਨ੍ਹਾਂ ਦੇ ਛੁਪਣ ਠਿਕਾਣਿਆਂ ਦਾ ਸਫਾਇਆ ਕਰਨ ਲਈ ਵੱਡੀ ਪੱਧਰ 'ਤੇ ਛਾਣਬੀਣ ਕਰ ਰਹੀ ਹੈ। ਪੁਲੀਸ੍ਰ ਸੂਤਰਾਂ ਅਨੁਸਾਰ ਯੂ. ਪੀ. ਦੇ ਡਾਇਰੈਕਟਰ ਜਨਰਲ ਪੁਲੀਸ ਸ੍ਰੀ ਡੀ. ਕੇ. ਅਗਰਵਾਲ ਤੇ ਸਬੰਧਤ ਜ਼ਿਲਿਆਂ ਦੇ ਮੁਖੀ ਹਰਪੁਰ ਜ਼ਿਲੇ ਦੇ ਸਵਾਰ, ਨੈਨੀਤਾਲ ਜ਼ਿਲੇ ਦੇ ਰਾਮਪੁਰ ਤੇ ਬਾਜ਼ਪੁਰ ਅਤੇ ਬਿਜ਼ਨੌਰ ਜ਼ਿਲੇ ਦੇ ਕਾਲਾਗੜ੍ਹ ਤੇ ਬਾਰ੍ਹਾਂ ਇਲਾਕਿਆਂ ਵਿਚ ਪੁਲਸ ਵਲੋਂ ਕੀਤੀ ਜਾ ਰਹੀ ਭਾਲ — ਕਾਰਵਾਈ ਦੀ ਖੁਦ ਨਿਗਰਾਨੀ ਕਰ ਰਹੇ ਹਨ। ਇਨ੍ਹਾਂ ਇਲਾਕਿਆਂ ਵਿਚ ਅਤਿਵਾਦੀਆਂ ਦੇ ਠਿਕਾਣੇ ਹੋਣ ਦੀ ਸੂਹ ਇਕ ਦਰਜਨ ਤੋਂ ਵੱਧ ਅਤਿਵਾਦੀਆਂ ਦੀ ਗ੍ਰਿਫਤਾਰੀ ਤੇ ਉਨ੍ਹਾਂ ਕੋਲੋਂ ਕੀਤੀ ਪੁੱਛਗਿਛ ਦੌਰਾਨ ਮਿਲੀ।

ਸੂਤਰਾਂ ਅਨੁਸਾਰ ਤਿੰਨ ਕਥਿਤ ਅਤਿਵਾਦੀਆਂ ਨੂੰ ਇਸ ਹਫਤੇ ਦੇ ਸ਼ੁਰੂ ਵਿਚ ਉਨ੍ਹਾਂ ਦੇ ਰਾਮਨਗਰ ਫਾਰਮ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਪੁਲੀਸ ਨੇ ਇਨ੍ਹਾਂ ਕੋਲੋਂ ਦੋ ਕਾਰਬਾਈਨਾਂ, ਇਕ ਰਿਵਾਲਵਰ, ਦੋ ਬੰਦੂਕਾਂ ਤੇ ਭਾਰੀ ਗਿਣਤੀ ਵਿਚ ਗੋਲੀ ਸਿੱਕਾ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਨੈਨੀਤਾਲ ਪੁਲੀਸ ਨੇ ਸਵਾਰ ਤੇ ਬਾਜ਼ਪੁਰ ਇਲਾਕਿਆਂ ਵਿਚੋਂ ਬਾਰਾਂ ਕਥਿਤ ਅਤਿਵਾਦੀ ਫੜੇ। ਪੁਲੀਸ ਦਾ ਕਹਿਣਾ ਹੈ ਕਿ ਇਹ ਅਪਰੇਸ਼ਨ ਬਲਿਊ ਸਟਾਰ ਬਾਅਦ ਹਥਿਆਰਾਂ ਤੇ ਗੋਲੀ ਸਿਕਾ ਸਮੇਤ ਪੰਜਾਬ ਤੋਂ ਬਚ ਕੇ ਇਧਰ ਆ ਗਏ ਸਨ। ਪੁਲੀਸ ਅਨੁਸਾਰ ਇਨ੍ਹਾਂ ਕੋਲੋਂ ਗਿਆਰਾ ਬੰਦੂਕਾਂ, ਰਿਵਾਲਵਰ, ਪਿਸਤੌਲ, ਸਟੇਨਗੰਨਾਂ ਅਤੇ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਬਰਾਮਦ ਕੀਤਾ ਗਿਆ।

ਤੇਰੀਆਂ ਪੈੜਾਂ ਤੇ ਹੰਝੂ ਆਉਣਗੇ ਜੰਮ ਜਾਣਗੇ।
ਇਸ਼ਕ ਮੇਰੇ ਦਾ ਸਦਾ ਚਰਚਾ ਰਹੇਗਾ ਦੇਰ ਤੱਕ।
ਗ਼ਮ ਨਹੀਂ ਕਿ ਗੀਤ ਮੇਰੇ ਰਸਤਿਆਂ ਵਿਚ ਰੁਲ ਗਏ,
ਗ਼ਮ ਤਾਂ ਇਹ ਕਿ ਹਾਦਸਾ ਹੁੰਦਾ ਰਹੇਗਾ ਦੇਰ ਤੱਕ।

"ਹੈਂ ਜਹਾਂ ਮੇਂ ਬੇ ਹਸਰਤ ਬੜੇ ਲੋਗ ਜੋ ਹਸਦ ਮੇਂ ਜਲ ਖਾਕ ਹੂਏ ਜਾਤੇ ਹੈਂ।"

ਕੈਨੇਡਾ ਵਿਚ ਹੋਰ ਅਨੇਕਾਂ ਅਖੌਤੀ ਢਾਈ ਇੱਟ ਦੀਆਂ ਉਸਾਰੀਆਂ ਮਸੀਤਾਂ ਵਾਂਗ "ਸਾਹਿਤ ਵਿਚਾਰ ਮੰਚ" ਵੀ ਇਕ ਖੁਸ਼ਾਮਦ ਅਭਿਲਾਖੀ ਵਿਅਕਤੀ ਦੀਆਂ ਤਿੰਨ ਚਾਰ ਮਸੀਤਾਂ ਵਿਚੋਂ ਇਕ ਮਸੀਤ ਹੈ। ਜਿਸ ਬਾਰੇ ਵੈਸੇ ਤਾਂ ਕੁਝ ਕਹਿਣ ਦੀ ਲੋੜ ਨਹੀਂ ਸੀ ਪਰ ਇਸ ਦੀ ਘਟੀਆ ਜ਼ਹਿਨੀਅਤ ਬਾਰੇ ਇਸ ਦੀ ਇਕ 'ਫੁਕਰੀ' ਰੀਪੋਰਟ ਪੜ੍ਹ ਕੇ ਜ਼ਰੂਰ ਕੁਝ ਕਹਿਣਾ ਪਿਆ।

ਪਹਿਲੀ ਗੱਲ ਤਾਂ ਇਹ ਕਿ ਸਾਹਿਤ ਵਿਚਾਰ ਮੰਚ ਦੇ ਇਕ ਮੈਂਬਰ ਦੀ ਖੁਦ ਆਪਣੀ ਰਚਨਾ 'ਖੱਟਣ ਗਏ ਪ੍ਰਦੇਸ' ਵਿਚ ਸ਼ਾਮਲ ਹੈ, ਜੋ ਕਿ ਬੜੀ ਸ਼ਾਨਦਾਰ ਅਤੇ ਸ਼ਲਾਘਾ ਯੋਗ ਹੈ ਅਤੇ ਇਹ ਰਚਨਾ 'ਖੱਟਣ ਗਏ ਪ੍ਰਦੇਸ' ਪੁਸਤਕ ਰੀਲੀਜ਼ ਕਰਨ ਵਾਲੇ ਦਿਨ ਇੱਕ ਨੌਜੁਆਨ ਨੇ ਬੜੇ ਤਰੰਨਮ ਨਾਲ ਗਾਈ, ਜਿਸਦੀ ਹਾਜ਼ਰ ਦੋ ਸੌ ਦੇ ਕਰੀਬ ਲੋਕਾਂ ਨੇ ਲੰਬੀਆਂ ਤੇ ਜ਼ੋਰਦਾਰ ਤਾੜੀਆਂ ਮਾਰ ਕੇ ਸ਼ਲਾਘਾ ਕੀਤੀ। ਦੂਸਰੀ ਗੱਲ ਇਹ ਕਿ ਜਿਵੇਂ ਇਕ ਹਾਲ ਵਿਚ ਹਾਜ਼ਰ ਦਰਸ਼ਕ ਤੋਂ ਕਹਿੰਦੇ ਸੁਣਿਆ ਗਿਆ ਕਿ "ਇਕ ਖੱਬਲ ਸਿਰਾ" ਸਟੇਜ ਤੇ ਗਿਆ ਕੀ ਕਰਨ ਸੀ, ਜਦੋਂ ਇਸ ਨੇ ਪੁਸਤਕ ਬਾਰੇ ਕੋਈ ਗੱਲ ਕਹਿਣੀ ਨਹੀਂ ਸੀ। ਭਾਵ ਊ ਲ ਜਲੂਲ ਕਿਸਮ ਦੀ ਬੇ ਸਿਰ ਪੈਰੀ ਕਵਿਤਾ ਲਿਖਣ ਵਾਲੇ ਤੋਂ ਸੀ, ਜਿਸ ਨੇ ਇਹ "ਮੰਚ" ਦੀ 18 ਅਕਤੂਬਰ ਦੀ ਝੂੱਟੜ ਰੀਪੋਰਟ ਲਿਖਕੇ ਪੁਸਤਕ ਬਾਰੇ ਆਪਣੀ ਨਫਰਤ ਦਾ ਪਰਗਟਾ ਕੀਤਾ ਹੈ।

ਇਕ ਹੋਰ "ਸਖਸ਼" ਜੋ ਸੁਣਿਆ ਗਿਆ ਕਿ ਫੌਜ 'ਚ ਹੁੰਦਾ ਲੜਾਈ ਵੇਲੇ ਸਾਬਣ ਘੋਲਕੇ ਪੀ ਕੇ ਟੱਟੀਆਂ ਦਾ ਬਹਾਨਾ ਲਾ ਕੇ ਭੱਜ ਆਇਆ ਸੀ ਜਿਸਨੂੰ ਇਹ ਖੁਸ਼ਕ ਫਹਿਮੀ ਹੋਈ ਹੋਈ ਹੈ ਕਿ ਉਹ "ਚੌਮੁਖੀਆ ਦੀਵਾ" ਹੈ ਜੋ ਹਰ ਪਾਸੇ ਰੌਸ਼ਨੀ ਕਰ ਸਕਦਾ ਹੈ। ਉਸਨੂੰ ਇਹ ਵਹਿਮ ਹੈ ਕਿ ਉਸ ਨੂੰ ਸਭਿਆਚਾਰ ਬਾਰੇ ਗਿਆਨ ਹੈ, ਜਦੋਂ ਕਿ ਉਸਨੂੰ ਆਪਦੀ ਅਸ਼ਲੀਲ ਅਤੇ ਅੱਸਭਿਆ ਭਾਸ਼ਾ ਬਾਰੇ ਕਦੇ ਅਹਿਸਾਸ ਨਹੀਂ ਹੋਇਆ। ਜਿਸ ਵਿਅਕਤੀ ਨੂੰ ਨਫਰਤ, ਸ਼ਰਾਬ ਅਤੇ ਜਨੂੰਨ ਨੇ ਪਾਗਲ ਕੀਤਾ ਹੋਵੇ, ਉਸਨੂੰ ਆਪਣੇ ਆਪ ਨੂੰ ਫਿਰ ਵੀ ਇਨਸਾਨ ਹੋਣ ਦਾ ਭੁਲੇਖਾ ਹੋਵੇ ਤਾਂ ਬੜੀ ਅਸਚਰਜ ਦੀ ਗੱਲ ਹੈ। ਉਸ ਨੂੰ ਸ਼ਾਇਦ ਇਹ ਗੱਲ ਨਿਜੀ ਤਜਰਬੇ ਤੋਂ ਮੁਸ਼ਕਲ ਲਗਦੀ ਹੋਵੇ। ਕਿਉਂਕਿ ਇਸ ਦਾ ਜਨੂੰਨੀ ਗੰਦ ਗਰੋਸਰੀ ਸਟੋਰਾਂ ਵਿਚ ਰੁਲਦਾ ਹੈ। ਇਨ੍ਹਾਂ ਲੋਕਾਂ ਨੂੰ ਇਨੀ ਸਮਝ ਨਹੀਂ ਕਿ ਇਹ ਪੁਸਤਕ ਪੰਜਾਬ ਦੀਆਂ ਲਾਇਬਰੇਰੀਆਂ ਵਿਚ ਜਾਵੇਗੀ ਤਾਂ ਪੜ੍ਹਨ ਵਾਲਿਆਂ ਮੁਫਤ ਪੜ੍ਹਨੀ ਹੈ। ਇਥੇ ਕੈਨੇਡਾ ਵਿਚ ਛਪੀ ਇਸ ਪੁਸਤਕ ਨੂੰ ਅਨੇਕਾਂ ਲੋਕਾਂ ਖਰੀਦ ਕੇ ਆਪਣੇ ਦੋਸਤਾਂ ਨੂੰ ਇੰਡੀਆ ਨੂੰ ਭੇਜੀ ਹੈ। ਇਥੇ ਜਿਨ੍ਹਾਂ ਨੂੰ ਸੱਭਿਆਚਾਰ ਦੀ ਸਮਝ ਹੈ ਉਨ੍ਹਾਂ ਸਭ ਨੇ ਖਰੀਦੀ ਹੈ। ਜਿਸ ਨੂੰ ਇਸ ਬਾਰੇ ਪਤਾ ਨਹੀਂ ਉਸ ਤੇ ਕਾਹਦਾ ਗਿਲਾ।

ਕਹਿੰਦੇ ਹਨ ਕਿ ਉਲੂ ਦਾਅਵਾ ਕਰਦੇ ਹਨ ਕਿ ਸੂਰਜ ਹੈ ਹੀ ਨਹੀਂ। ਪਰ ਸਭ ਨੂੰ ਪਤਾ ਹੈ ਕਿ ਇਨ੍ਹਾਂ ਵਿਚਾਰਿਆਂ ਦੀਆਂ ਸੂਰਜ ਅੱਗੇ ਅੱਖਾਂ ਹੀ ਨਹੀਂ ਖੁਲਦੀਆਂ। ਇਹੋ ਹਾਲ ਇਨ੍ਹਾਂ ਸਾਹਿਤ ਮੰਚੀਆਂ ਦਾ ਹੈ ਤੇ ਇੰਨ੍ਹਾਂ ਦੇ ਦੋਗਲੇ ਗੁਰੂ ਘੰਟਾਲ ਦਾ।

ਸਾਹਿਤ ਮੰਚ ਦੇ ਚੌਕੀ ਬਰਦਾਰ ਅਤੇ ਨੌਂਹ ਪੁੱਟ ਨਾਰਦ ਵਾਂਗ ਚੁਸਤ ਇਸ ਦੇ ਇਕ ਰੂਹੇ-ਖਾਕ ਕਵੀ ਹਨ, ਜਿਨ੍ਹਾਂ ਇੰਡੀਆ ਦੇ ਅਖਬਾਰਾਂ ਰਸਾਲਿਆਂ, ਵਿਚ ਹੋਰ ਕਿਸਮ ਦੀਆਂ ਕਵਿਤਾਵਾਂ ਅਤੇ ਕੈਨੇਡਾ ਦੇ ਫਿਰਕੂ ਪਰਚਿਆਂ ਵਿਚ ਫਿਰਕੂ ਕਿਸਮ ਦੀਆਂ ਕਵਿਤਾਵਾਂ ਖਿਲਕੇ ਚੰਗੀ ਭੱਲ ਖੱਟੀ ਹੈ। ਇਨ੍ਹਾਂ ਦਾ ਕਨੇਡੀਅਨ ਕਲਚਰ ਬਾਰੇ ਬੜਾ ਅਧਿਅਨ ਕੀਤਾ ਹੋਇਆ ਹੈ। ਇਨ੍ਹਾਂ ਨੂੰ ਪੰਜਾਬੀ ਕਲਚਰ ਅਤੇ ਪੰਜਾਬੀ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਅਹਿਸਾਸ ਹੈ, ਸ਼ਾਇਦ। ਇਨ੍ਹਾਂ ਨੂੰ ਪੁਸਤਕ ਨੂੰ ਠੰਡੇ ਦਿਲ ਨਾਲ ਪੜ੍ਹ ਕੇ ਰਾਏ ਲਿਖਣੀ ਚਾਹੀਦੀ ਹੈ। ਇਨ੍ਹਾਂ ਪੰਜਾਬ 'ਚੋਂ ਕਈ ਇਨਾਮ ਵੀ ਪ੍ਰਾਪਤ ਕੀਤੇ ਹਨ, ਭਾਵੇਂ ਲੋਕ ਕਹਿੰਦੇ ਹਨ ਕਿ ਸੌ ਸੌ ਪਾਪੜ ਵੇਲ ਕੇ ਅਤੇ ਇਨਾਮਾਂ ਦੀ ਰਕਮ ਸੌਦੇ 'ਚ ਤਾਰ ਕੇ ਹੀ ਲਏ ਹਨ, ਇਸ ਬਾਰੇ ਅਸਲੀਅਤ ਤਾਂ ਇਨ੍ਹਾਂ ਨੂੰ ਹੀ ਪਤਾ ਹੈ, ਪਰ ਕੁਝ ਵੀ ਹੈ ਇਨ੍ਹਾਂ ਨੂੰ ਦਿਆਨਤਦਾਰੀ ਨਾਲ ਇਸ ਨਵੀਂ ਕਿਸਾਨ ਦੀ ਕਿਤਾਬ ਬਾਰੇ ਕੁਝ ਕਹਿਣਾ ਚਾਹੀਦਾ ਹੈ। ਜੇ ਇਹ 18 ਅਕਤੂਬਰ ਦੀ ਰੀਪੋਰਟ ਨਾਲ ਮੁਤਫਿਕ ਹਨ ਤਾਂ ਪੈਣ ਢੱਠੇ ਖੂਹ ਜਿਥੇ ਉਹ ਪਹਿਲਾਂ ਹੀ ਪਏ ਹਨ।

ਅਖੀਰ ਵਿਚ ਸਿਰਫ ਅਸੀਂ ਇਹੋ ਕਹਿਣਾ ਚਾਹੁੰਦੇ ਹਾਂ ਕਿ ਜੋ ਕੋਈ ਅਕਾਸ਼ ਵੱਲ ਬੂਥਾ ਚੁੱਕ ਕੇ ਥੁੱਕੇਗਾ, ਉਸ ਦੇ ਮੂੰਹ ਤੇ ਹੀ ਡਿਗੇਗਾ।

ਲੋਕ ਕਲਾ ਕੇਂਦਰ ਨੂੰ ਆਪਣੀ ਪਹਿਲੀ ਸਭਿਆਚਾਰਕ ਸਿਰਜਨਾ ਉਪਰ ਮਾਣ ਹੈ। ਅਗੋਂ ਵੀ ਲੋਕ ਕਲਾ ਕੇਂਦਰ ਸਭਿਆਚਾਰ ਦੇ ਹੋਰਨਾਂ ਪੱਖਾਂ ਵਿਚ ਅਮਲੀ ਤੌਰ ਤੇ ਹਿਸਾ ਪਾਵੇਗਾ ਅਤੇ ਰਚਨਾਵਾਂ ਵੀ ਛਾਪੇਗਾ।

ਹੈਂ ਜਹਾਂ ਮੇਂ ਬੇ ਹਸਰਤ ਬੜੇ ਲੋਗ,
ਜੋ ਹਸਦ ਮੇਂ ਜਲ ਖਾਕ ਹੁਏ ਜਾਤੇ ਹੈਂ।"

ਲੋਕ ਕਲਾ ਕੇਂਦਰ ਵੈਨਕੂਵਰ

ਪਹਿਨ ਕੇ ਇਸ ਸ਼ਾਮ ਨੂੰ ਤੂੰ ਜਿਸਮ ਤਾਂ ਢੱਕ ਹੀ ਲਿਆ,
ਰੂਹ ਤੇ ਦਸਤਕ ਫੇਰ ਵੀ ਮੈਂ ਦੇਂਦਾ ਰਹਾਂਗਾ ਦੇਰ ਤੱਕ।
ਰਾਤ ਸੀ, ਬਰਸਾਤ ਸੀ, ਕਹਿਰਾਂ ਦਾ ਝੱਖੜ ਜ਼ੋਰ ਸੀ,
ਸੜਕ ਉਤੇ ਇਕ ਜੁਗਨੂੰ ਬਲਦਾ ਰਿਹਾ ਸੀ ਦੇਰ ਤੱਕ।

ਸ਼ੋਕ ਸਮਾਚਾਰ

ਸਾਰੇ ਮਿੱਤਰਾਂ ਅਤੇ ਸਨੇਹੀਆਂ ਨੂੰ ਬੜੇ ਦੁੱਖ ਨਾਲ ਖਬਰ f ਦਿਤੀ ਜਾਂਦੀ ਹੈ ਕਿ ਸਮਿਤਰ ਸਿੰਘ ਭੱਟੀ ਪਿੰਡ ਘੜਿਆਲ ਜ਼ਿਲਾ ਜਲੰਧਰ, ਜਿਹਨਾਂ ਦੀ ਅਚਾਨਕ ਦਿਲ ਦੇ ਦੌਰੇ ਕਾਰਨ 3 ਨਵੰਬਰ ਨੂੰ ਮੌਤ ਹੋ ਗਈ ਸੀ ਦਾ। ਉਨ੍ਹਾਂ ਦਾ ਅੰਤਮ ਸੰਸਕਾਰ ਸ਼ਨਿਚਰਵਾਰ 10 ਵਜੇ ਹੈਮਿਲਟਨ ਮੌਰਚਰੀ ਵੈਨਕੂਵਰ ਵਿਖੇ ਹੋਵੇਗਾ। (ਇਹ 41 ਐਵੇਨਿਊ ਅਤੇ ਫਰੇਜ਼ਰ ਸਟਰੀਟ ਤੇ ਹੈ)
ਵਲੋਂ:— ਪ੍ਰੀਤਮ ਕੌਰ ਪਤ ਨੀ ਸਵਰਗਵਾਸੀ ਸਮਿਤਰ ਸਿੰਘ, ਸ਼ਮਸ਼ੇਰ ਸਿੰਘ ਭੱਟੀ, ਅਤੇ ਗੁਰਦੇਵ ਸਿੰਘ ਭੱਟੀ।

ਪਾਕਿਸਤਾਨ ਵਿਚ 'ਸੰਵਿਧਾਨਕ ਮਾਰਸ਼ਲ ਲਾਅ' ਲਾਗੂ ਕੀਤੇ ਜਾਣ ਵਿਰੁੱਧ ਚਿਤਾਵਨੀ

ਇਸਲਾਮਾਬਾਦ — ਪਾਕਿਸਤਾਨ ਅੰਦਰ ਜਮਹੂਰੀਅਤ ਦੀ ਬਹਾਲੀ ਲਈ ਲਹਿਰ ਨਾਲ ਸਬੰਧਤ ਗਿਆਰਾਂ ਰਾਜਸੀ ਪਾਰਟੀਆਂ ਦੀ ਕੇਂਦਰੀ ਐਕਸ਼ਨ ਕਮੇਟੀ ਨੇ ਚਿਤਾਵਨੀ ਦਿਤੀ ਹੈ ਕਿ ਪਾਕਿਸਤਾਨ ਅੰਦਰ ਜਨਰਲ ਜ਼ਿਆ-ਉਲ-ਹੱਕ ਦੀ ਤਾਨਾਸ਼ਾਹੀ ਹੇਠ 'ਸੰਵਿਧਾਨਕ ਮਾਰਸ਼ਲ ਲਾਅ' ਲਾਗੂ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਕਰਾਚੀ ਵਿਖੇ ਐਕਸ਼ਨ ਕਮੇਟੀ ਵਲੋਂ ਆਪਣੀ ਇਕ ਹੰਗਾਮੀ ਮੀਟਿੰਗ ਦੌਰਾਨ ਵਿਸ਼ੇਸ਼ ਮਤਾ ਪਾਸ ਕੀਤਾ ਗਿਆ। ਗ੍ਰਿਫਤਾਰੀਆਂ ਦੇ ਡਰੋਂ ਰੂਪੋਸ਼ ਹੋਏ ਹੋਣ ਕਾਰਨ ਮੀਟਿੰਗ ਦੌਰਾਨ ਮੁਖ ਰਾਜਸੀ ਪਾਰਟੀਆਂ ਦੇ ਮੁਹਰੈਲ ਆਗੂ ਹਿਸਾ ਨਾ ਲੈ ਸਕੇ ਅਤੇ ਵਿਚਾਰ ਵਟਾਂਦਰੇ ਵਿਚ ਕੇਵਲ ਦੂਸਰੀ ਲਾਈਨ ਦੇ ਨੇਤਾਵਾਂ ਨੇ ਹੀ ਹਿਸਾ ਲਿਆ। ਇਸੇ ਦੌਰਾਨ ਪ੍ਰਾਪਤ ਸੂਚਨਾਵਾਂ ਅਨੁਸਾਰ ਪਾਕਿਸਤਾਨੀ ਅਧਿਕਾਰੀਆਂ ਨੇ ਜਮਹੂਰੀ ਲਹਿਰ ਨਾਲ ਸਬੰਧਤ ਸਿੰਧ ਪ੍ਰਾਂਤ ਦੇ ਸਭ ਅਹਿਮ ਨੇਤਾਵਾਂ ਨੂੰ ਹਿਰਾਸਤ ਵਿਚ ਲਿਆ ਹੋਇਆ ਹੈ।

ਜਮਹੂਰੀ ਲਹਿਰ ਦੇ ਕਨਵੀਨਰ ਗੁਲਾਮ ਮੁਸਤਫਾ ਜਤੋਈ ਅਤੇ ਸੈਕਟਰੀ ਜਨਰਲ ਖਵਾਜਾ ਖੈਰ-ਉ-ਦੀਨ ਨੂੰ ਅਜੇ ਪਿਛਲੇਰੇ ਹੀ ਦਿਨ ਹਫਤੇ ਲਈ ਉਨ੍ਹਾਂ ਦੇ ਘਰਾਂ 'ਚ ਨਜ਼ਰਬੰਦ ਕੀਤਾ ਗਿਆ ਸੀ। ਇਸੇ ਪ੍ਰਕਾਰ ਲਹਿਰ ਦੇ ਹੋਰ ਮੁਖ ਨੇਤਾਵਾਂ-ਫਤਹਿਯਾਬ ਅਲੀ ਖਾਨ, ਇਕਬਾਲ ਹੈਦਰ ਅਤੇ ਮੁਸ਼ਤਾਕ ਮਿਰਜ਼ਾ ਨੂੰ ਪੁਲਸ ਨੇ ਉਨ੍ਹਾਂ ਦੇ ਘਰਾਂ ਚੋਂ ਗ੍ਰਿਫਤਾਰ ਕਰਕੇ ਸੱਤ ਦਿਨਾਂ ਲਈ ਕਰਾਚੀ ਜੇਲ੍ਹ ਅੰਦਰ ਨਜ਼ਰਬੰਦ ਕਰ ਦਿ ਤਾ। ਮੀਟਿੰਗ 'ਚ ਹਿਸਾ ਲੈਣ ਲਈ ਆਏ ਕੁਝ ਹੋਰ ਸੀਨੀਅਰ ਨੇਤਾਵਾਂ-ਸ੍ਰੀ ਗ'ਸ ਬਖਸ਼ ਬਿਜੈਂਜੋ, ਬੇਗਮ ਵਲੀ ਖਾਨ ਅਤੇ ਸ੍ਰੀ ਅਬਦੁੱਲ ਖਾਲਿਕ ਖਾਨ ਨੂੰ ਕਰਾਚੀ ਹਵਾਈ ਅੱਡੇ 'ਤੇ ਪਹੁੰਚਦੇ ਸਾਰ ਹੀ ਕਾਬੂ ਕਰ ਲਿਆ ਗਿਆ ਅਤੇ ਵਾਪਸ ਕੋਇਟਾ ਤੇ ਪੇਸ਼ਾਵਰ ਵੱਲ ਰਵਾਨਾ ਕਰ ਦਿਤਾ।

ਸ੍ਰੀ ਜਤੋਈ ਦਾ ਕਹਿਣਾ ਸੀ ਕਿ "ਜੇਕਰ ਜਲਰਲ ਜ਼ਿਆ ਨਿਊਯਾਂਰਕ 'ਚ ਬੈਠ ਕੇ ਰਾਜਨੀਤਕਾਂ ਨੂੰ ਇਤਨੇ ਵਿਅਰਥ ਅਤੇ ਅਹਿਮਕ ਹੀ ਸਮਝਦੇ ਹਨ ਤਾਂ ਉਨ੍ਹਾਂ ਦੀ ਸਰਕਾਰ ਨੂੰ ਉਨ੍ਹਾਂ ਤੋਂ ਡਰ ਕਿਸ ਗੱਲ ਤੋਂ ਹੈ।"

ਖਵਾਜਾ ਖੈਰ-ਉ-ਦੀਨ ਨੇ ਸਰਕਾਰ ਦੇ ਰਵੱਈਏ ਦੀ ਤਿੱਖੀ ਆਲੋਚਨਾ ਕੀਤੀ ਅਤੇ ਤਨਜ਼ੀਆ ਲਹਿਜੇ ਵਿਚ ਆਖਿਆ ਕਿ "ਪਾਕਿਸਤਾਨ 'ਚ ਇਹ ਕਿਸ ਕਿਸਮ ਦੀ ਜਮਹੂਰੀਅਤ ਹੈ ਜਿਥੇ ਕਿ ਕਿਸੇ ਨੂੰ ਇਕੱਠੇ ਹੋ ਕੇ ਸੋਚ ਵਿਚਾਰ ਕਰਨ ਦਾ ਅਧਿਕਾਰ ਵੀ ਨਹੀਂ ਹੈ?"

ਪਧ੍ਰਾਨ ਨਰੇਰੇ ਦਾ ਸੱਤਾ ਤਿਆਗ

ਦਾਰ-ਏ-ਸਲਾਮ ਤੰਜਾਨੀਆਂ ਦੇ ਪ੍ਰਧਾਨ ਨਰੇਰੇ ਇੱਛਾ ਪੂਰਬਕ ਰਾਜ ਸੱਤਾ ਅਲੀ ਹਸਨ ਮਵੀਨੀ ਨੂੰ ਦੇ ਦਿਤੀ। ਸ੍ਰੀ ਅਲੀ ਹਸਨ ਸੱਠ ਸਾਲਾਂ ਦੇ ਹਨ ਇਹ ਅਫਰੀਕਨ ਮੁਲਕਾਂ ਵਿਚ ਤੀਜਾ ਸ਼ਾਂਤੀ ਭਰਪੂਰ ਸੱਤਾ ਦਾ ਤ ਬਦਾਲਾ ਹੈ ਵਸਤੀਵਾਦ ਤੋਂ ਬਾਅਦ। ਸਤਾ ਸੰਭਾਲਣ ਤੋਂ ਬਾਅਦ ਅਲੀ ਹਸਨ ਨੇ ਕਿਹਾ ਕਿ ਉਹ ਪ੍ਰਧਾਨ ਨਰੇਰੇ ਦੀਆਂ ਨੀਤੀਆਂ ਉਤੇ ਖਲ ਕੇ ਦੇਸ਼ ਨੂੰ ਸਮਾਜਵਾਦ ਵਲ ਲੈ ਜਾਣਗੇ।

ਬ੍ਰਿਟਿਸ਼ ਪੁਲੀਸ ਦੀ ਸਖਤੀ ਤੋਂ ਅਤਿਵਾਦੀ ਔਖੇ

ਲੰਦਨ — ਬਰਤਾਨੀਆਂ ਵਿਚਲੇ ਗਰਮ ਖਿਆਲੀਏ ਪੁਲਸ ਵਲੋਂ ਉਨ੍ਹਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਤਿੱਖੀ ਕਰ ਦਿਤੇ ਜਾਣ ਅਤੇ ਬੰਦਸ਼ਾਂ ਵਧਾ ਦਿਤੇ ਜਾਣ ਕਾਰਨ ਬਹੁਤ ਔਖੇ ਹਨ। ਕਿਹਾ ਜਾਂਦਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਭਾਂਰਤ ਛੱਡ ਕੇ ਬਰਤਾਨੀਆ ਆਉਣ ਦਾ ਗਰਮਖਿਆਲੀਏ ਦਾ ਮੁਖ ਮਕਸਦ ਇਸ ਦੇਸ਼ ਵਿਚ ਪੱਕੇ ਤੌਰ 'ਤੇ ਸਥਾਪਿਤ ਹੋਣਾ ਸੀ। ਪਰ ਭਾਰਤ ਤੇ ਬਰਤਾਨੀਆ ਵਲੋਂ ਉਨ੍ਹਾਂ ਦੀਆਂ ਸਰਗਰਮੀਆਂ 'ਤੇ ਸਾਂਝੇ ਤੌਰ 'ਤੇ ਰੋਕਾਂ ਲਾਏ ਜਾਣ ਕਾਰਨ ਉਨ੍ਹਾਂ ਦਾ ਇਥੇ ਟਿਕਾਣਾ ਮੁਸ਼ਕਲ ਹੋ ਗਿਆ ਹੈ। ਇਹ ਵੀ ਵਿਚਾਰ ਹੈ ਕਿ ਇਹ ਲੋਕ (ਅਤਿਵਾਦੀ) ਮੁਖ ਮੌਰ 'ਤੇ ਇਥੇ ਰਹਿ ਕੇ ਪੈਸਾ ਕਮਾਉਣਾ ਚਾਹੁੰਦੇ ਹਨ ਅਤੇ ਭਾਰਤ ਵਿਚ ਵਸਦੇ ਸਿੱਖਾਂ ਪ੍ਰਤੀ ਇਨ੍ਹਾਂ ਦੀ ਕੋਈ ਦਿਲਚਸਪੀ ਨਹੀਂ।

ਦੂਜੇ ਪਾਸੇ ਬਰਤਾਨੀਆਂ ਦੀ ਪੰਜ ਲੱਖ ਸਿਖ ਵਜ ਵਸੋਂ ਵਿਚ ਘੱਟੋ ਘੱਟ ਪੰਜ ਸੌ ਅਜਿਹੇ ਅਤਿਵਾਦੀ ਸ਼ਾਮਲ ਹਨ ਜਿਹੜੇ ਦਾਅਵਾ ਕਰਦੇ ਹਨ ਕਿ ਉਹ ਪੰਜਾਬ ਵਿਚ ਕਈ ਤਰ੍ਹਾਂ ਦੇ ਅਪਰਾਧ ਕਰਨ ਮਗਰੋਂ ਬਚ ਨਿਕਲੇ ਅਤੇ ਬਰਤਾਨੀਆਂ ਵਿਚ ਆ ਟਿਕੇ। ਉਹ ਪੈਸਾ ਇਕੱਠਾ ਕਰਕੇ ਹੋਰ ਹਥਿਆਰ ਖਰੀਦਣਾ ਚਾਹੁੰਦੇ ਹਨ ਤਾਂ ਜੋ ਭਾਂਰਤ ਸਰਕਾਰ ਵਿਰੁਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਸਕਣ। ਬਰਤਾਨਵੀ ਪੁਲੀਸ ਨੇ ਹਾਲ ਹੀ ਵਿਚ ਇੰਕਸ਼ਾਫ ਕੀਤਾ ਕਿ ਦੇਸ਼ ਵਿਚਲੇ ਤੀਹ ਗੁਰਦੁਆਰਿਆਂ ਵਿਚ ਹਥਿਆਰਾਂ ਦੀ ਖਰੀਦ ਲਈ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਇਸ ਪੈਸੇ ਨਾਲ ਅਤਿਵਾਦੀ ਯੁਰਪੀ ਮੰਡੀ 'ਚੋਂ ਹਲਕੀਆਂ ਮਸ਼ੀਨ ਗੰਨਾਂ ਤੇ ਵਿਸਫੋਟਿਕ ਸਮੱਗਰੀ ਖਰੀਦਣਗੇ ਜੋ ਕਿ ਦਹਿਸ਼ਤਪਸੰਦਾਨਾ ਸਰਗਰਮੀਆਂ ਲਈ ਵਰਤੀ ਜਾਵੇਗੀ।

ਸ਼ਿਵ ਬਟਾਲਵੀ ਆਡੀਟੋਰ-ਰੀਅਮ ਛੇਤੀ ਮੁਕੰਮਲ ਹੋਵੇਗਾ

ਬਟਾਲਾ — ਬਟਾਲਾ ਵਿ ਵਿਚ ਤਿਆਰ ਕੀਤੇ ਜਾ ਰਹੇ "ਸ਼ਿਵ ਬਟਾਲਵੀ ਯਾਦਗਾਰੀ ਆਡੀਟੋਰੀਅਮ" ਦੇ ਰੁਕੇ ਹੋਏ ਕੰਮ ਨੂੰ ਬਹੁਤ ਜਲਦੀ ਚਾਲੂ ਕਰਕੇ ਇਸ ਨੂੰ ਛੇਤੀ ਤੋਂ ਛੇਤੀ ਮੁਕੰਮਲ ਕੀਤਾ ਜਾਵੇਗਾ ਤਾਂ ਕਿ ਮਹਾਨ ਕਵੀ ਸ਼ਿਵ ਕੁਮਾਰ ਬਟਾਲਵੀ ਨੂੰ ਸੱਚੀ ਸ਼ਰਧਾਂਜਲੀ ਭੇਟ ਕੀਤੀ ਜਾਵੇ ਅਤੇ ਇਹ ਆਡੀਟੋਰੀਅਮ, ਸਾਹਿਤਕ ਅਤੇ ਕਲਾਤਮਕ ਸਮਾਗਮਾਂ ਅਤੇ ਸਮਾਰੋਹਾਂ ਲਈ ਇਥੋਂ ਦੇ ਸਾਹਿਤਕ ਤੇ ਕਲਾ ਪ੍ਰੇਮੀਆਂ ਦੀ ਵਰਤੋਂ ਵਿਚ ਆ ਸਕੇ। ਇਹ ਗੱਲ ਜ਼ਿਲੇ ਦੇ ਡਿਪਟੀ ਕਮਿਸ਼ਨਰ ਰਾਜਿੰਦਰ ਸਿੰਘ ਪਵਾਰ, ਜੋ ਸ਼ਿਵ ਬਟਾਲਵੀ ਯਾਂਦਗਾਰੀ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਬਟਾਲਾ ਵਿਖੇ ਪੱਤਰਕਾਰਾਂ ਨੂੰ ਦੱਸਸੀ।

ਵਰਨਣਯੋਗ ਹੈ ਕਿ ਪਿਛਲੀ ਲੋਕ ਪ੍ਰਿਆ ਸਰਕਾਰ ਸ਼ਿਵ ਬਟਾਲਵੀ ਯਾਦਗਰੀ ਆਡੀਟੋਰੀਅਮ ਦੀ ਇਮਾਰਤ ਦਾ ਕੰਮ ਸ਼ੁਰੂ ਕੀਤਾ ਸੀ। ਇਸ ਇਮਾਰਤ ਦਾ ਸਿਰਫ ਚੋਥਾ ਹਿਸਾ ਕੰਮ ਬਾਕੀ ਰਹਿੰਦਾ ਹੈ ਅਤੇ ਇਸ ਇਮਾਰਤ ਉਤੇ ਪੰਦਰਾਂ ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਸ੍ਰੀ ਵਪਾਰ ਨੇ ਕਿਹਾ ਕਿ ਜ਼ਿਲੇ ਵਿਚ ਸਾਹਿਤਕ ਅਤੇ ਕਲਾਤਮਕ ਪਰੋਗਰਾਮ ਲਈ ਕਲਾ ਅਤੇ ਸਾਹਿਤ ਪ੍ਰਫੁਲਤ ਕਰਨ ਲਈ ਜ਼ਿਲਾ ਪ੍ਰਸ਼ਾਂਸਨ ਹਰ ਸੰਭਵ ਸਹਾਇਤਾ ਕਰੇਗਾ।

ਭਾਈ ਮਨਜੀਤ ਸਿੰਘ ਦੀ ਰਿਹਾਈ ਸੰਭਵ

ਚੰਡੀਗੜ੍ਹ — ਆਲ-ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਨੂੰ ਜੋਧਪੁਰ ਜੇਲ੍ਹ ਵਿਚੋਂ ਅਗਲੇ ਇਕ ਦੋ ਦਿਨਾਂ 'ਚ ਜ਼ਮਾਨਤ ਉਤੇ ਰਿਹਾਅ ਕਰ ਦੇਣ ਦੀ ਸੰਭਾਵਨਾ ਹੈ। ਭਾਈ ਮਨਜੀਤ ਸਿੰਘ ਨ ਉਨ੍ਹਾਂ 379 ਸਿਖ ਨੌਜਵਾਨਾਂ 'ਚ ਸ਼ਾਮਲ ਹਨ ਜਿਨ੍ਹਾਂ ਨੂੰਗ ਅਪਰੇਸ਼ਨ ਬਲਿਊ ਸਟਾਰ ਦੌਰਾਨ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਸਰਕਾਰ ਵਿਰੁਧ ਜੰਗ ਸ਼ੁਰੂ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਗੈਰ ਸਰਕਾਰੀ ਸੂਤਰਾਂ ਅਨੁਸਾਰ ਫੈਡਰੇਸ਼ਨ ਦੇ ਪ੍ਰਧਾਨ ਨਾਲ ਲਗਭਗ ਪੱਚੀ ਹੋਰ ਸਿਖ ਯੁਵਕਾਂ ਦੀ ਜ਼ਮਾਨਤ ਉਤੇ ਰਿਹਾਈ ਵੀ ਸੰਭਵ ਹੈ। ਪਰ ਇਨ੍ਹਾਂ ਵਿਚ ਫੈਡਰੇਸ਼ਨ ਦੇ ਜਨਰਲ ਸਕੱਤਰ ਸ: ਹਰਮਿੰਦਰ ਸਿੰਘ ਸੰਧੂ ਸ਼ਾਮਲ ਨਹੀਂ।

ਨੌਜਵਾਨ ਕੈਦੀ ਰਿਹਾ ਕੀਤੇ ਜਾਣ — ਚੰਦੂਮਾਜਰਾ

ਆਨੰਦਪੁਰ — ਅਕਾਲੀ ਦਲ ਯੂਥ ਵਿੰਗ ਨੇ ਰਾਜ ਸਰਕਾਰ ਤੋਂ ਮੰਗ ਕੀਤੀ ਹੈ ਕਿ ਬੈਂਸ ਕਮੇਟੀ ਵਲੋਂ ਨਿਰਦੋਸ਼ ਘੋਸ਼ਿਤ ਕੀਤੇ ਗਏ ਸਾਰੇ ਨੌਜਵਾਨ "ਰਾਜਸੀ" ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਜਾਵੇ। ਯੂਥ ਵਿੰਗ ਦੇ ਪ੍ਰਧਾਨ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਇਥੇ ਨੌਜਵਾਨਾਂ ਦੀ ਇਕ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਇਹ ਮੰਗ ਕੀਤੀ। ਉਹ ਚੋਣ ਜਿੱਤਣ ਮਗਰੋਂ ਪਹਿਲੀ ਵਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਆਏ ਸਨ। ਇਸ ਤੋਂ ਮਗਰੋਂ ਉਨ੍ਹਾਂ ਨੰਗਲ ਵਿਚ ਵੀ ਇਕ ਯੂਥ ਰੈਲੀ ਨੂੰ ਸੰਬੋਧਨ ਕੀਤਾ।

ਪ੍ਰੋ: ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਸਰਕਾਰ ਤੋਂ ਪੰਜਾਬ ਦੇ ਨੌਜਵਾਨਾਂ ਨੂੰ ਬਹੁਤ ਆਸਾਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰਖਦਿਆਂ ਜੇਲਾਂ ਤੋਂ ਰਿਹਾਅ ਹੋਣ ਵਾਲੇ ਅਤੇ ਦੂਜੇ ਨੌਜਵਾਨਾਂ ਨੂੰ ਤਰਜੀਹ ਦੇ ਅਧਾਰ ਉਤੇ ਨੌਕਰੀਆਂ ਦਿਤੀਆਂ ਜਾਣ ਅਤੇ ਭਾਰ ਭਰਤੀ ਦੀ ਉਮਰ ਵਿਚ ਵਾਜਬ ਛੋਟ ਦਿਤੀ ਜਾਵੇ। ਪ੍ਰੋ: ਚੰਦੂਮਾਜਰਾ ਨੇ ਕਿਹਾ ਕਿ ਉਹ ਦਲ ਦੇ ਧਰਮਯੁੱਧ ਮੋਰਚੇ ਦੌਰਾਨ ਸ਼ਹੀਦ ਹੋਏ 175 ਸਿੰਘਾਂ ਦੀਆਂ ਢੁਕਵੀਆਂ ਯਾਦਗਾਰਾਂ ਬਨਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਭਰੋਸਾ ਦਵਿਾਇਆ ਕਿ ਬਰਨਾਲਾ ਸਰਕਾਰ ਸਮੂਹ ਪੰਜਾਬੀਆਂ ਦੇ ਹਿਤਾਂ ਦਾ ਖਿਆਲ ਰੱਖ ਰਹੀ ਹੈ।

ਮਿਸ ਬੇਨਜ਼ੀਰ ਭੁੱਟੋ ਆਜ਼ਾਦ

ਲੰਡਨ — ਪਾਕਿਸਤਾਨੀ ਤਾਨਾਸ਼ਾਹ ਨੇ ਆਖਰ ਬੇਨਜ਼ੀਰ ਭੁੱਟੋ ਨੂੰ ਵਿਦੇਸ਼ ਜਾਣ ਵਾਸਤੇ ਆਜ਼ਾਦ ਕਰ ਹੀ ਦਿਤਾ। ਉਹ ਪਿਛਲੇ ਅਗਸਤ ਤੋਂ ਘਰ ਵਿਚ ਹੀ ਨਜ਼ਰਬੰਦ ਸਨ। ਰਿਹਾਅ ਹੋਣ ਪਿਛੋਂ ਉਹਨਾਂ ਕਿਹਾ ਕਿ ਉਹ ਇਕ ਦਿ ਨ ਅ ਅਵਸ਼ ਆਪਣੇ ਵਤਨ ਵਾਪਸ ਪਰਤੇਗੀ।

ਸਰਹੱਦਾਂ ਉਤੇ ਕੋਈ ਫੌਜੀ ਜਮਾਓ ਨਹੀਂ — ਵੈਦਿਆ

ਪਣਜੀ — ਥਲ ਸੈਨਾ ਦੇ ਮੁਖੀ ਜਨਰਲ ਏ. ਐਸ. ਵੈਦਿਆ ਨੇ ਕਿਹਾ ਹੈ ਕਿ ਸਰਹੱਦਾਂ ਉਤੇ ਫੌਜੀ ਜਮਾਓ ਹੋਣ ਦੀ ਖਬਰਾਂ ਵਿਚ ਕੋਈ ਸਚਾਈ ਨਹੀਂ ਹੈ। ਉਨ੍ਹਾਂ ਮੰਨਿਆ ਕਿ ਪੰਜਾਬ ਚੋਣਾਂ ਦੌਰਾਨ ਸਰਹੱਦਾਂ ਉਤੇ ਝੜਪਾਂ ਵਿਚ ਕੁਝ ਵਾਧਾ ਜ਼ਰੂਰ ਹੋਇਆ ਪਰ ਇਸ ਵਿਚ ਚਿੰਤਾ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਝੜਪਾਂ ਤਾਂ ਪਿਛਲੇ ਸਾਲ ਤੋਂ ਹੁੰਦੀਆਂ ਹੀਹ ਰਹੀਆਂ ਹਨ। ਜਨਰਲ ਵੈਦਿਆ ਨੇ ਕਿਹਾ ਕਿ ਭਾਰਤੀ ਸੈਨਾ ਦਾ ਆਧੁਨਿਕੀਕਰਨ ਕੀਤਾ ਜਾਵੇਗਾ ਅਤੇ ਖੋਜ ਅਤੇ ਚੌਕਸੀ ਉਤੇ ਵਧੇਰੇ ਧਿਆਨ ਦੇਣ ਦੇ ਨਾਲ ਹੀ ਕੰਪਿਊਟਰਾਂ ਦੀ ਵੱਡੀ ਪੱਧਰ ਉਤੇ ਵਰਤੋਂ ਕੀਤੀ ਜਾਵੇਗੀ।

ਥਲ ਸੈਨਾ ਦੇ ਮੁਖੀ ਨੇ ਕਿਹਾ ਕਿ ਸਰਹੱਦਾਂ ਤੋਂ ਖਤਰੇ ਨੂੰ ਵੇਖਦਿਆਂ ਫੌਜ ਦਾ ਆਧੁਨਿਕੀਕਰਨ ਜ਼ਰੂਰੀ ਹੈ ਕਿ ਪਰ ਇਹ ਸਭ ਕੁਝ ਮੌਜੂਦਾ ਵਸੀਲਿਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਜ਼ਮੀਨ ਦੇਣ ਲਈ ਤਿਆਰ ਹੋਵੇ ਤਾਂ ਗੋਆ ਵਿਚ ਸੈਨਿਕ ਸਕੂਲ ਖੋਲਿਆ ਜਾ ਸਕਦਾ ਹੈ।

ਭੰਡਾਲ ਡਰਾਈਵਾਲ ਲਿ:
ਵੈਨਕੂਵਰ, ਬੀ. ਸੀ.

ਵਲੋਂ

ਦੀਵਾਲੀ ਦੀ

ਲੱਖ ਲੱਖ ਵਧਾਈ ਹੋਵੇ

President



Jarnail S. Bhandal M.A.

ਕੁੱਝ ਮਹੱਤਵ ਪੂਰਨ ਕੰਮ

1. Hill Side Housing Co-op.
2. Co-op Housing
3. Station Court
4. Coquitlam Motor Inn.
5. False Creek Bld. A.
6. Hay's Mansion
7. Bonsor Ave. Apt.
8. Metro Town Place.

ਕੰਪਨੀ ਦਾ ਨਾਂ

Concost Management Inc.
Beta Construction Imperial Ventures Ltd.
Imperial Ventures Dominion Construction
H. Haebler Const. Ltd.
Polygon Properties.

ਪ੍ਰਮਾਤਮਾ ਦੇ ਉਦਮ ਨਾਲ

1. ਨਾਨਕਸਰ ਗੁਰੂ ਘਰ ਰਿਚਮੰਡ ਦੀ ਸੇਵਾ
2. ਗੁਰੂ ਘਰ ਸਕੈਮਸ਼ ਦੀ ਸੇਵਾ

Vice President

Karnail S. Bhandal

BHANDAL DRYWALL LTD.

3397 Kingsway, Vancouver, B.C.

Ph. 430-5011

ਉਜੜੇ ਲੋਕਾਂ ਤੇ ਬੇਰੁਜ਼-ਗਾਰਾਂ ਲਈ ਦੋ ਸਰਕਾਰੀ ਕਮੇਟੀਆਂ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਪਿਛਲੇ ਸਾਲ ਦੇ ਨਵੰਬਰ ਦੰਗਿਆਂ ਕਾਰਨ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਉਜੜ ਕੇ ਪੰਜਾਬ ਆਏ ਸਿਖ ਪਰਿਵਾਰਾਂ ਦੇ ਮੁੜ ਵਸੇਬੇ ਲਈ ਅਤੇ ਰਾਜ ਦੇ ਨੌਜਵਾਨਾਂ ਨੂੰ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਮੁਹੱਈਆ ਕਰਾਉਣ ਲਈ ਦੋ ਉਚ ਪੱਧਰੀ ਕਮੇਟੀਆਂ ਨਿਯੁਕਤ ਕੀਤੀਆਂ ਹਨ। ਇਸੇ ਦੌਰਾਨ ਸਰਕਾਰ ਨੇ ਬੈਂਸ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ 309 ਵਿਅਕਤੀਆਂ ਨੂੰ ਰਿਹਾਅ ਕਰਨ ਦਾ ਆਦੇਸ਼ ਦੇ ਦਿਤਾ ਸੀ। ਕਮੇਟੀ ਵਲੋਂ ਰਿਹਾਈਆਂ ਲਈ ਦਿਤੀਆਂ ਦੋ ਹੋਰ ਸੂਚੀਆਂ ਉਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ। ਜਿਨ੍ਹਾਂ ਵਿਅਕਤੀਆਂ ਵਿਰੁਧ ਕੇਸ ਵਾਪਸ ਲੈ ਕੇ ਰਿਹਾਈ ਕਰਨ ਦੇ ਆਦੇਸ਼ ਦਿਤੇ ਗਏ ਹਨ, ਉਨ੍ਹਾਂ ਵਿਚ 37 ਹਿੰਦੂ ਵੀ ਸ਼ਾਮਲ ਹਨ, ਜਿਨ੍ਹਾਂ 'ਚੋਂ ਕੁਝ ਹਿੰਦੂ ਸੁਰੱਖਿਆ ਸੰਮਤੀ ਦੇ ਮੈਂਬਰ ਹਨ।

ਸਰਕਾਰੀ ਤੌਰ 'ਤੇ ਇਥੇ ਦਿਤੀ ਗਈ ਜਾਣਕਾਰੀ ਅਨੁਸਾਰ ਕਾਇਮ ਕੀਤੀਆਂ ਕਮੇਟੀਆਂ ਵਿਚੋਂ ਪਹਿਲੀ ਕਮੇਟੀ ਰਾਜ ਦੇ ਵਿਦਿਆ ਮੰਤਰੀ ਸੁਖਜਿੰਦਰ ਸਿੰਘ ਦੀ ਅਗਵਾਈ ਹੇਠ ਬਣਾਈ ਗਈ, ਜੋ ਨਵੰਬਰ ਦੇ ਦੰਗਿਆਂ 'ਚ ਬੇਘਰ ਹੋਏ ਲੋਕਾਂ, ਵਿਧਵਾ ਔਰਤਾਂ ਤੇ ਬੇਸਹਾਰਾ ਬੱਚਿਆਂ ਦਾ ਪਤਾ ਲਾ ਕੇ ਉਨ੍ਹਾਂ ਦੇ ਮੁੜ ਵਸੇਬੇ ਤੇ ਆਪਣੇ ਪੈਰੀਂ ਖੜ੍ਹਾ ਕਰਨ ਸਬੰਧੀ ਸ਼ਾਰੇ ਮਸਲਿਆਂ ਉਤੇ ਵਿਚਾਰ ਕਰਨ ਬਾਅਦ ਆਪਣੇ ਸੁਝਾਅ ਰਾਜ ਸਰਕਾਰ ਨੂੰ ਦੇਵੇਗੀ। ਇਸ ਕਮੇਟੀ ਵਿਚ ਵਿਦਿਆ ਮੰਤ ਮੇਜਰ ਸਿੰਘ ਉਬੋਕੇ, ਅਕਾਲੀ ਦਲ ਪਾਰਲੀਮਾਨੀ ਬੋਰਡ ਦੇ ਚੇਅਰਮੈਨ ਸੰਤ ਅਜੀਤ ਸਿੰਘ, ਖਰੜ ਹਲਕੇ ਤੋਂ ਅਕਾਲੀ ਵਿਧਾਇਕ ਬਚਿੱਤਰ ਸਿੰਘ ਚੰਡੀਗੜ੍ਹ ਦੇ ਅਕਾਲੀ ਨੇਤਾ ਜੋਗਿੰਦਰ ਸਿੰਘ ਸਾਹਨੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਭਾਨ ਸਿੰਘ, ਸੀਨੀਅਰ ਅਕਾਲੀ ਜਥੇਦਾਰ ਸੁਰਜਨ ਸਿੰਘ ਠੇਕੇਦਾਰ ਅਤੇ ਵਿੱਤ ਸਕੱਤਰ ਜੀ. ਬਾਲਾਕ੍ਰਿਸ਼ਨਨ ਸ਼ਾਮਲ ਹਨ। ਪੰਜਾਬ ਦੇ ਵਿਤ ਕਮਿਸ਼ਨਰ (ਮਾਲੀਆ) ਸ੍ਰੀਮਤੀ ਊਸ਼ਾ ਵੋਹਰਾ ਇਸ ਕਮੇਟੀ ਦੇ ਮੈਂਬਰ ਸਕੱਤਰ ਬਣਾਏ ਗਏ ਹਨ। ਦੂਜੀ ਕਮੇਟੀ ਪੰਜਾਬ ਦੇ ਖਜ਼ਾਨਾ ਮੰਤਰੀ ਬਲਵੰਤ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਹੈ ਜਿਸ ਦੇ ਦੂਜੇ ਮੈਂਬਰਾਂ ਵਿਚ ਖੇਤੀਬਾੜੀ ਮੰਤਰੀ ਅਮਰਿੰਦਰ ਸਿੰਘ, ਸੀਨੀਅਰ ਅਕਾਲੀ ਨੇਤਾ ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਤਿੰਨ ਵਿਧਾਇਕ ਕਿਰਪਾਲ ਸਿੰਘ, ਕੁਲਦੀਪ ਸਿੰਘ ਵਡਾਲਾ ਅਤੇ ਜੌਹਰ ਸਿੰਘ ਤੋਂ ਇਲਾਵਾ ਵਿੱਤ ਕਮਿਸ਼ਨਰ(ਵਿਕਾਸ) ਐਮ. ਐਸ. ਗਿੱਲ, ਸਨਅਤ ਸਕੱਤਰ ਏ. ਐਸ. ਚੱਠਾ, ਤਿੰਨ ਕੌਮੀਕ੍ਰਿਤ ਬੈਂਕਾਂ ਪੰਜਾਬ ਐਂਡ ਸਿਧ ਬੈਂਕ, ਪੰਜਾਬ ਨੈਸ਼ਨਲ ਬੈਂਕ, ਨਵੀਂ ਦਿੱਲੀ ਤੇ ਸਟੇਟ ਬੈਂਕ ਆਫ ਪਟਿਆਲਾ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਮੈਂਬਰ ਹੋਣਗੇ। ਪੰਜਾਬ ਰਾਜ ਦੇ ਵਿੱਤ ਕਮਿਸ਼ਨਰ (ਕਰ) ਐਮ. ਐਲ. ਕਪਰ ਇਸ ਦੇ ਮੈਂਬਰ ਸਕੱਤਰ ਹੋਣਗੇ।

ਇਹ ਕਮੇਟੀ ਰਾਜ 'ਚ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਮੌਜੂਦਾ ਸਥਿਤੀ ਦੀ ਘੋਖ ਕਰਨ ਬਾਅਦ ਰਾਜ ਸਰਕਾਰ ਨੂੰ ਇਹ ਸੁਝਾਅ ਦੇਵੇਗੀ ਕਿ ਨੌਜਵਾਨਾਂ ਨੂੰ ਨੌਕਰੀਆਂ ਦੇਣ ਜਾਂ ਆਪਣੇ ਧੰਦੇ ਸ਼ੁਰੂ ਕਰਨ ਲਈ ਕਰਜ਼ੇ ਤੇ ਮਾਲੀ ਮਦਦ ਦੇਣ ਲਈ ਕੀ ਕਦਮ ਚੁਕੇ ਜਾਣੇ ਚਾਹੀਦੇ ਹਨ। ਇਸ ਕਮੇਟੀ ਵਿਚ ਨੌਜਵਾਨਾਂ ਦੇ ਦੋ ਨੁਮਾਇੰਦੇ ਵੀ ਸ਼ਾਮਲ ਕੀਤੇ ਜਾਣਗੇ। ਇਨ੍ਹਾਂ ਕਮੇਟੀਆਂ ਦੀਆਂ ਰਿਪੋਰਟਾਂ ਦਾ ਅਧਿਅਨ ਕਰਨ ਬਾਅਦ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠਲੀ ਇਕ ਸਬ ਕਮੇਟੀ ਇਨ੍ਹਾਂ ਦੀਆਂ ਸਿਫਾਰਸ਼ਾਂ ਉਤੇ ਅਮਲ ਬਾਰੇ ਫੈਸਲਾ ਕਰੇਗੀ। ਇਸ ਸਬ ਕਮੇਟੀ ਵਿਚ ਮੁਖ ਮੰਤਰੀ ਤੋਂ ਇਲਾਵਾ ਖਜ਼ਾਨਾ ਮੰਤਰੀ, ਵਿਦਿਆ ਮੰਤਰੀ, ਮਾਲ ਮੰਤਰੀ ਮੁੜ ਵਸੇਬਾ ਮੰਤਰੀ ਸ਼ਾਮਲ ਹਨ।

ਨਜ਼ਰਬੰਦ ਸਿੱਖ ਯੁਵਕਾਂ ਦੀ ਰਿਹਾਈ ਮੰਗ

ਚੰਡੀਗੜ੍ਹ — ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਚੰਡੀਗੜ੍ਹ ਇਕਾਈ ਦੀ ਇਥੇ ਇਕੱਤਰਤਾ ਹੋਈ ਜਿਸ ਵਿਚ ਪੰਜਾਬ ਤੇ ਹੋਰ ਰਾਜਾਂ ਦੀਆਂ ਜੇਲ੍ਹਾਂ ਵਿਚ ਨਜ਼ਰਬੰਦ ਸਿਖ ਯੁਵਕਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਸ੍ਰੀ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਵਿਰੁਧ ਰੋਸ ਪ੍ਰਗਟ ਕਰਨ ਲਈ ਜਿਹੜੇ ਸਿਖ ਫੌਜੀ ਬੈਰਕਾਂ ਛੱਡ ਗਏ ਸਨ ਉਨ੍ਹਾਂ ਵਿਰੁਧ ਮੁਕੱਦਮੇ ਵਾਪਸ ਲਏ ਜਾਣ। ਇਕ ਮਤੇ ਵਿਚ ਮੰਗ ਕੀਤੀ ਗਈ ਕਿ ਜਿਹੜੇ ਯੁਵਕ ਅਜੇ ਪੁਲਸ ਦੇ ਤਸ਼ੱਦਦ ਤੋਂ ਬਚਣ ਲਈ ਰੂਪੋਸ਼ ਹਨ, ਉਨ੍ਹਾਂ ਵਿਰੁਧ ਮੁਕੱਦਮੇ ਵਾਪਸ ਲਏ ਜਾਣ ਤਾਂ ਕਿ ਉਹ ਆਪਣੇ ਘਰਾਂ ਵਿਚ ਮੁੜ ਵਾਪਸ ਆ ਸਕਣ।

ਸਿਖ ਯੁਵਕਾਂ ਵਿਰੁਧ ਝੂਠੇ ਮੁਕੱਦਮੇ ਦਰਜ ਕਰਕੇ ਤੇ ਉਨ੍ਹਾਂ ਨੂੰ ਪਰੇਸ਼ਾਨ ਕਰਨ ਵਾਲੇ ਪੁਲਸ ਅਧਿਕਾਰੀਆਂ ਵਿਰੁਧ ਐਕਸ਼ਨ ਲਿਆ ਜਾਵੇ। ਇਕੱਤਰਤਾ ਵਿਚ ਡਾ: ਹਰਭਜਨ ਸਿੰਘ ਨੂੰ ਚੰਡੀਗੜ੍ਹ ਇਕਾਇ ਦਾ ਕਨਵੀਨਰ ਚੁਣਿਆ ਗਿਆ। ਇਸ ਤੋਂ ਇਲਾਵਾ ਇਕ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਜਿਸ ਦੇ ਮੈਂਬਰ ਸ. ਅੰਮ੍ਰਿਤਾਪਲ ਸਿੰਘ, ਸ. ਕੰਵਲਜੀਤ ਸਿੰਘ ਤੇ ਸ. ਨਵਦੀਪ ਸਿੰਘ ਮੈਂਬਰ ਬਣਾਏ ਗਏਹੇ ਹਨ। ਸ. ਸਤਿੰਦਰਬੀਰ ਸਿੰਘ ਚੰਡੀਗੜ੍ਹ ਇਕਾਈ ਦੇ ਪ੍ਰੈਸ ਸਕੱਤਰ ਨਿਯੁਕਤ ਕੀਤੇ ਗਏ ਹਨ।

ਕੇਂਦਰ ਦਾ ਪੰਜਾਬ ਦੇ ਲੋਕਾਂ ਪ੍ਰਤੀ ਵਤੀਰਾ ਬਦਲਾ ਲਊ — ਬਾਦਲ

ਅੰਮ੍ਰਿਤਸਰ — ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਪੰਜਾਬ ਦੇ ਲੋਕਾਂ ਪ੍ਰਤੀ 'ਬਦਲਾ ਲਉ ਵਤੀਰਾ' ਅਪਣਾਇਆ ਹੋਇਆ ਹੈ। ਇਥੋਂ 40 ਕਿਲੋਮੀਟਰ ਦੂਰ ਪਿੰਡ ਫੇਰੂਮਾਨ ਵਿਚ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੇ ਬਰਸੀ ਸਮਾਗਮ ਵਿਚ ਬੋਲਦਿਆਂ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਇਸ ਗੱਲੋਂ ਖਫਾ ਹੈ ਕਿ ਉਨ੍ਹਾਂ ਨੇ ਚੋਣਾਂ ਵਿਚ ਅਕਾਲੀਆਂ ਦੇ ਹੱਕ ਵਿਚ ਫਤਵਾ ਦਿਤਾ। ਇਸੇ ਕਾਰਨ ਉਹ ਰਾਜ ਦੇ ਲੋਕਾਂ ਵਿਰੁੱਧ "ਬਦਲਾ ਲਊ ਕਾਰਵਾਈਆਂ" ਕਰ ਰਹੀ ਹੈ। ਉਨ੍ਹਾਂ ਨੇ ਪੰਜਾਬ ਦੀਆਂ ਮੰਡੀਆਂ ਵਿਚੋਂ ਝੋਨੇ ਦੀ ਖਰੀਦ ਪ੍ਰਤੀ ਕੇਂਦਰ ਏਜੰਸੀਆਂ ਵਲੋਂ ਵਿਖਾਈ ਢਿੱਲਮੱਠ ਨੂੰ ਇਸੇ ਨੀਤੀ ਦਾ ਹਿਸਾ ਦੱਸਿਆ ਅਤੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ "ਸਬਕ ਸਿਖਾਉਣ" ਲਈ ਅਜਿਹਾ ਕੁਝ ਕਰ ਰਹੀ ਹੈ।

ਅਕਾਲੀ ਆਗੂ ਨੇ ਦਾਅਵਾ ਕੀਤਾ ਕਿ ਚੋਣਾਂ ਵਿਚ ਹਿੰਦੂਆਂ ਦੀ ਬਹੁਗਿਣਤੀ ਨੇ ਅਕਾਲੀ ਦਲ ਨੂੰ ਵੋਟਾਂ ਪਾਈਆਂ ਕਿਉਂਕਿ ਉਹ ਜਾਣਦੇ ਹਨ ਕਿ ਸਿਰਫ ਅਕਾਲੀ ਦਲ ਹੀ ਉਨ੍ਹਾਂ ਦੀ ਜਾਨ-ਮਾਲ ਦੀ ਪੰਜਾਬ ਿ ਹਿਫਾਜ਼ਤ ਕਰ ਸਕਦਾ ਹੈ। ਉਨ੍ਹਾਂ ਨੇ ਪੰਜਾਬ ਵਿਚ ਤਿੰਨ ਸਾਲਾਂ ਦੀ ਗੜਬੜ ਤ ਤੇ ਦਹਿਸ਼ਤਪਸ ਗਰਦੀ ਲਈ ਕਾਂਗਰਸ (ਆਈ) ਨੂੰ ਦੋਸ਼ੀ ਠਹਿਰਾਇਆ। ਸ. ਬਾਦਲ ਨੇ ਦੱਸਿਆ ਕਿ ਪੰਜਾਬ ਦੀ ਲਵੀਂ ਅਕਾਲੀ ਸਰਕਾਰ ਨੂੰ 'ਖਜ਼ਾਨੇ ਖਾਲੀ" ਮਿਲੇ ਹਨ, ਪਰ ਨਾਲ ਹੀ ਉਨ੍ਹਾਂ ਕਿਹਾ ਕਿ ਫੰਡਾਂ ਦੀ ਕਮੀ ਦੇ ਬਾਵਜੂਦ ਰਾਜ ਦੇ ਵਿਕਾਸ ਦੀ ਰਫਤਾਰ ਮੱਠੀ ਰ ਨਹੀਂ ਪੈਣ ਦਿਤੀ ਜਾਵੇਗੀ।

ਯੂਥ ਅਕਾਲੀ ਦਲ ਦਾ ਵਰਕਰ ਜ਼ਖਮੀ

ਅੰਮ੍ਰਿਤਸਰ — ਅਕਾਲੀ ਦਲ ਦੇ ਯੂਥ ਵਿੰਗ ਦੇ ਵਰਕਰ ਸ: ਭਗਵੰਤ ਸਿੰਘ ਨੂੰ ਇਥੇ ਸਖਤ ਜ਼ਖਮੀ ਹਾਲਤ 'ਚ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲਅ ਕਰਾਇਆ ਗਿਆ। ਹਸਪਤਾਲ ਸੂਤਰਾਂ ਅਨੁਸਾਰ ਭਗਵੰਤ ਸਿੰਘ ਟਜੇ ਵੀ ਬੇਹੋਸ਼ ਸਹ। ਪੁਲੀਸ ਦੇ ਮੁਖੀ ਸੁਦਰਸ਼ਨ ਲੇਖੀ ਅਨੁਸਾਰ ਭਗਵੰਤ ਸਿੰਘ ਨੂੰ ਇਕ ਸੇਵਾਦਾਰ ਨੇ ਹਸਪਤਾਲ ਵਿਚ ਦਾਖਲ ਕਰਾਇਆ।

ਲੰਮੀ ਛਾਲ ਦਾ ਸਫਰ

ਸਰਵਣ ਸਿੰਘ

1896 ਵਿਚ ਪਹਿਲੀਆਂ ਨਵੀਨ ਉਲੰਪਿਕ ਖੇਡਾਂ ਸਮੇਂ ਅਮਰੀਕਾ ਦਾ ਈ. ਕਲਾਰਕ 20 ਫੁੱਟ 10 ਇੰਚ ਯਾਨੀ 6.35 ਮੀਟਰ ਲੰਮੀ ਛਾਲ ਲਾ ਕੇ ਕੁਲ ਦੁਨੀਆਂ 'ਚ ਪ੍ਰਥਮ ਆਇਆ ਸੀ। ਉਦੋਂ ਇਹ ਗੱਲ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ ਆ ਸਕਦੀ ਕਿ ਇਕ ਸਦੀ ਦੇ ਅੰਦਰ ਅੰਦਰ ਹੀ ਕਲਾਰਕ ਦੇ ਪੜਪੋਤੇ ਚੜੋਤੇ ਉਸ ਤੋਂ ਅੱਠ ਨੌਂ ਫੁੱਟ ਵੱਧ ਲੰਮੀਆਂ ਛਾਲਾਂ ਲਾਇਆ ਕਰਨਗੇ। ਚਾਰ ਪੈਰਾਂ ਵਾਲੇ ਜਾਨਵਰ ਤਾਂ ਜਿੰਨੀਆਂ ਮਰਜ਼ੀ ਲੰਮੀਆਂ ਛਾਲਾਂ ਲਾ ਲੈਣ ਕਿਉਂਕਿ ਉਨ੍ਹਾਂ ਲਈ ਰਫਤਾਰ ਤੇਜ਼ ਕਰਨੀ ਤੇ ਸਰੀਰ ਦਾ ਸੰਤੁਲਨ ਕਾਇਮ ਰਖਣਾ ਮੁਕਾਬਲਤਨ ਸੁਖਾਲਾ ਹੁੰਦਾ ਹੈ। ਪਰ ਦੋ ਪੈਰਾਂ ਵਾਲਾ ਮਨੁੱਖ ਬਹੁਤ ਲੰਮੀ ਛਾਲ ਲਾਵੇ ਤਾਂ ਹੈਰਾਨੀ ਹੋਣੀ ਸੁਭਾਵਿਕ ਹੀ ਹੈ।

ਅਸਲ ਵਿਚ ਮਨੁੱਖ ਕੋਲ ਦਿਮਾਗ ਇਕ ਅਦੁੱਤੀ ਵਸਤੂ ਹੈ। ਇਹਦੀ ਵਰਤੋਂ ਨਾਲ ਉਹ ਆਪਣੀ ਸਰੀਰਕ ਸ਼ਕਤੀ ਨੂੰ ਵੀ ਜ਼ਰਬਾਂ ਦੇ ਲੈਂਦਾ ਹੈ। ਤੇ ਇਹੋ ਕਾਰਨ ਹੈ ਕਿ ਉਹਦੀਆਂ ਹਰ ਪਰਕਾਰ ਦੀਆਂ ਸ਼ਕਤੀਆਂ ਦਿਨੋਂ ਦਿਨ ਦੂਣ ਸਵਾਈਆਂ ਹੋਈ ਜਾਂਦੀਆਂ ਹਨ। ਇਹ ਮਨੁੱਖੀ ਦਿਮਾਗ ਦੀ ਹੀ ਬਰਕਤ ਹੈ ਕਿ ਮਨੁੱਖ ਦੇ ਅੱਗੇ ਵਧਣ ਵਿਚ ਨਾ ਕਦੇ ਖੜੋਤ ਆਈ ਹੈ ਤੇ ਨਾ ਕਦੇ ਆਵੇਗੀ

1900 ਵਿਚਲੀਆਂ ਦੂਜੀਆਂ ਉਲੰਪਿਕ ਖੇਡਾਂ ਸਮੇਂ ਅਮਰੀਕਾ ਦਾ ਏ. ਕਰੇਂਜਲੀਨ 7.18 ਮੀਟਰ ਲੰਮੀ ਛਾਲ ਲਾ ਕੇ ਲੰਮੀ ਛਾਲ ਦਾ ਕੱਦ ਢਾਈ ਫੁੱਟ ਦੇ ਕਰੀਬ ਵਧਾ ਗਿਆ। 1904 ਵਿਚ ਅਮਰੀਕਾ ਦੇ ਐਮ. ਪ੍ਰਿੰਸਟੀਨ ਨੇ 7.34 ਮੀਟਰ ਲੰਮੀ ਛਾਲ ਲਾਈ ਤੇ ਚੌਵੀ ਫੁੱਟ ਦੀ ਹੱਦ ਪਾਰ ਕੀਤੀ। ਚੌਥੀਆਂ ਉਲੰਪਿਕ ਖੇਡਾਂ ਵਿਚ ਅਮਰੀਕਾ ਦਾ ਐਫ. ਆਇਰਨਜ਼ 7.48 ਮੀਟਰ ਲੰਮਾ ਕੁਦਿਆ। 1912 ਦੀਆਂ ਉਲੰਪਿਕ ਖੇਡਾਂ ਸਮੇਂ ਅਮਰੀਕਾ ਦੇ ਹੀ ਏ. ਸਟਰਨ ਨੇ 7.60 ਮੀਟਰ ਲੰਮੀ ਛਾਲ ਲਾਈ।

ਸਟਰਸਨ ਦਾ ਰਿਕਾਰਡ 1928 ਤੱਕ ਕਾਇਮ ਰਿਹਾ। 1920 ਦੀਆਂ ਉਲੰਪਿਕ ਖੇਡਾਂ ਵਿਚ ਸਵੀਡਨ ਦਾ ਡਬਲਯੂ. ਪੀਟਰਸਨ 7.15 ਮੀਟਰ ਤੇ 1914 ਵਿਚ ਅਮਰੀਕਾ ਦਾ ਡਬਲਯੂ. ਹੱਬਾਰਡ 7.44 ਮੀਟਰ ਹੀ ਦੂਰ ਜਾ ਸਕੇ ਸਨ। ਅਖੀਰ 25 ਫੁੱਟ ਦੀ ਹੱਦ ਅਮਰੀਕਾ ਦੇ ਈ. ਹੈਮ ਨੇ 1928 ਦੀਆਂ ਉਲੰਪਿਕ ਖੇਡਾਂ ਵਿਚ 7.73 ਮੀਟਰ ਲੰਮੀ ਛਾਲ ਲਾ ਕੇ ਭੰਨੀ। 1932 ਵਿਚ ਅਮਰੀਕਾ ਦਾ ਹੀ ਈ. ਗਾਰਡਨ 7.64 ਮੀਟਰ ਛਾਲ ਨਾਲ ਪ੍ਰਥਮ ਰਿਹਾ।

ਲੰਮੀ ਛਾਲ ਦੀ ਤੋਰ ਵਿਚ ਵੱਡੀ ਪੁਲਾਂਘ 1936 ਦੀਆਂ ਉਲੰਪਿਕ ਖੇਡਾਂ 'ਚ ਭਰੀ ਗਈ। ਬਰਲਿਨ ਵਿਚ ਅਮਰੀਕਾ ਦੇ ਕਾਲੇ ਅਥਲੀਟ ਜੈਸੀ ਓਵੇਂਸ ਨੇ ਕਮਾਲ ਹੀ ਕਰ ਦਿਤੀ। ਜੈਸੀ ਓਵੇਂਸ ਦਾ ਬਚਪਨ ਅਤਿ ਦੀ ਗਰੀਬੀ ਵਿਚ ਗੁਜ਼ਰਿਆ ਸੀ। ਸੱਤ ਸਾਲ ਦੀ ਉਮਰ ਵਿਚ ਹੀ ਉਹਨੂੰ ਹਰ ਰੋਜ਼ ਇਕ ਸੌ ਪੌਂਡ ਕਪਾਹ ਚੁਗਣੀ ਪੈਂਦੀ ਸੀ। ਉਹਨੇ ਬਰਲਿਨ ਦੀਆਂ ਉਲੰਪਿਕ ਖੇਡਾਂ ਵਿਚ ਇਕੱਲਿਆਂ ਚਾਰ ਸੋਨੇ ਦੇ ਤਗਮੇ ਜਿਤੇ ਤੇ ਨਾਲ ਹੀ ਵਿਸ਼ਵ ਰਿਕਾਰਡ ਰੱਖੇ। ਬਰਲਿਨ ਵਿਚ ਉਸ ਨੇ 8.06 ਮੀਟਰ ਯਾਨੀ 26 ਫੁੱਟ ਸਵਾ ਪੰਜ ਇੰਚ ਲੰਮੀ ਛਾਲ ਲਾਈ ਤੇ ਉਸ ਦਾ ਇਹ ਰਿਕਾਰਡ ਫਿਰ 1960 ਤਕ ਨਾ ਟੁਟਿਆ। ਬਰਲਿਨ ਵਿਚ ਜੈਸੀ ਓਵੇਂਸ ਦੀਆਂ ਪਹਿਲੀਆਂ ਦੋ ਛਾਲਾਂ ਫਾਊਲ ਹੋ ਗਈਆਂ ਸਨ। ਜੇ ਤੀਜੀ ਛਾਲ ਵਿਚ ਉਹ ਨਾ ਸੰਭਲਦਾ ਤਾਂ ਉਹਨੇ ਉਂਜ ਹੀ ਮੁਕਾਬਲੇ ਤੋਂ ਬਾਹਰ ਹੋ ਜਾਣਾ ਸੀ।

1948 ਦੀਆਂ ਉਲੰਪਿਕ ਖੇਡਾਂ ਵਿਚ ਅਮਰੀਕਾ ਦੇ ਡਬਲਯੂ. ਸਟੀਲ ਨੇ 7.82 ਮੀਟਰ ਤੇ ਚਾਰ ਸਾਲ ਬਾਅਦ ਅਮਰੀਕਾ ਦੇ ਹੀ ਜੇ. ਬਿਫਲ ਨੇ 7.57 ਮੀਟਰ ਲੰਮੀ ਛਾਲ ਲਾਈ ਸੀ। 1956 ਵਿਚ ਅਮਰੀਕਾ ਦਾ ਜੀ. ਬੇਲ 7.83 ਮੀਟਰ ਲੰਮੀ ਛਾਲ ਨਾਲ ਉਲੰਪਿਕ ਚੈਂਪੀਅਨ ਬਣਿਆ। 1960 ਦੀਆਂ ਉਲੰਪਿਕ ਖੇਡਾਂ ਸਮੇਂ ਰੋਮ ਵਿਚ ਲੰਮੀ ਛਾਲ ਦਾ ਮੁਕਾਬਲਾ ਬੜਾ ਕਾਂਟੇਦਾਰ ਹੋਇਆ। ਪਹਿਲੇ ਗੇੜ ਵਿਚ ਰੂਸ ਦਾ ਇਗੋਰ ਤੇਰ-ਓਵੇਨੇਸਿਨ 7.77 ਮੀਟਰ ਲੰਮੀ ਛਾਲ ਨਾਲ ਸਭ ਤੋਂ ਮੂਹਰੇ ਸੀ। ਦੂਜੇ ਯਤਨ ਵਿਚ ਅਮਰੀਕਾ ਦਾ ਇਰਵਿਨ ਰਾਬਰਸਨ 8.03 ਮੀਟਰ ਛਾਲ ਨਾਲ ਬਹੁਤ ਅੱਗੇ ਨਿਕਲ ਗਿਆ ਤੇ ਲਗਣ ਲਗਾ ਕਿ ਉਹ ਪ੍ਰਥਮ ਆਵੇਗਾ। ਪਰ ਉਹਦੇ ਹੀ ਵਤਨੀ ਰੈਲਫ ਬੋਸਤਨ ਨੇ 8.12 ਮੀਟਰ ਲੰਮਕੀ ਛਾਲ ਲਾ ਕੇ ਜੈਸੀ ਓਵੇਂਸ ਦਾ ਚੌਵੀ ਸਾਲ ਪੁਰਾਣਾ ਉਲੰਪਿਕ ਰਿਕਾਰਡ ਵੀ ਤੋੜ ਦਿਤਾ। ਪੰਜਵੀਂ ਛਾਲ ਵਿਚ ਜਰਮਨ ਦਾ ਮੈਨਫਰਿਡ ਸਟੀਨਬਕ 8 ਮੀਟਰ ਟੱਪ ਕੇ ਰੂਸੀ ਅਥਲੀਟ ਨੂੰ ਚੌਥੇ ਥਾਂ ਕਰ ਗਿਆ। ਇਗੋਰ ਨੇ ਤਾਂਬੇ ਦਾ ਤਗਮਾ ਵੀ ਹੱਥੋਂ ਜਾਂਦਾ ਵੇਖ ਕੇ ਅਖੀਰਲਾ ਹੰਭਲਾ ਮਾਰਿਆ ਤੇ 8.04 ਮੀਟਰ ਦੂਰ ਜਾ ਡਿੱਗਾ। ਹੁਣ ਰਾਬਲਸਨ ਦਾ ਤਗਮਾ ਖਤਰੇ ਵਿਚ ਸੀ। ਉਹਦੀ ਅਖਰੀਲੀ ਛਾਲ ਅਜਿਹੀ ਚੜ੍ਹੀ ਕਿ ਉਹ ਬੋਸਤਨ ਤੋਂ ਸਿਰਫ ਇਕ ਸੈਂਟੀਮੀਟਰ ਹੀ ਪਿਛੇ ਰਹੀ। ਇੰਜ ਉਹਨੇ ਵੀ ਜੈਸੀ ਓਵੇਂਸ ਦਾ ਰਿਕਾਰਡ ਮਾਤ ਪਾ ਦਿਤਾ। ਇਸ ਖਹਿਵੇਂ ਮੁਕਾਬਲੇ ਵਿਚ ਚਾਰ ਜਣੇ ਅੱਠ ਮੀਟਰ ਦੀ ਹੱਦ



ਟੱਪ ਗਏ।

1964 ਵਿਚ ਟੋਕੀਓ ਵਿਖੇ ਬਰਤਾਨੀਆਂ ਦਾ ਐਲ. ਡੇਵੀਸ 8.07 ਮੀਟਰ ਲੰਮੀ ਛਾਲ ਨਾਲ ਉਲੰਪਿਕ ਚੈਂਪੀਅਨ ਬਣਿਆ। 1968 ਵਿਚ ਮੈਕਸੀਕੋ ਦੀਆਂ ਉਲੰਪਿਕ ਖੇਡਾਂ ਸਮੇਂ ਤਾਂ ਹੱਦ ਹੀ ਹੋ ਗਈ। ਲੋਕੀਂ ਇੰਤਜ਼ਾਰ ਕਰ ਰਹੇ ਸਨ ਕਿ ਵੇਖਦੇ ਹਾਂ ਸਤਾਈ ਫੁੱਟ ਦੀ ਹੱਦ ਕਦੋਂ ਟੁਟਦੀ ਹੈ? ਉਲੰਪਿਕ ਰਿਕਾਰਡ ਛੱਬੀ ਫੁੱਟ ਪੌਣੇ ਅੱਠ ਇੰਚ ਸੀ ਤੇ ਅਮਰੀਕਾ ਦਾ ਬਾਬ ਬੀਮਨ ਕਦੇ ਸਤਾਈ ਫੁੱਟ ਨਹੀਂ ਸੀ ਟੱਪਿਆ। ਪਰ ਮੈਕਸੀਕੋ ਵਿਚ ਉਸ ਦੀ ਪਹਿਲੀ ਹੀ ਛਾਲ ਅਜਿਹੀ ਉਠੀ ਕਿ ਉਹ ਅਖਾੜੇ ਦੇ ਅਗਲੇ ਸਿਰੇ ਕੋਲ ਜਾ ਡਿੱਗਾ। ਜਿਸ ਰੇਲਿੰਗ ਉਤੇ ਮਿਣਤੀ ਕਰਨ ਵਾਲਾ ਯੰਤਰ ਫਿੱਟ ਸੀ ਉਹ ਮਿਣਤੀ ਕਰਦਿਆਂ ਰੇਲਿੰਗ ਤੋਂ ਥੱਲੇ ਲੱਥ ਗਿਆ। ਜਿਸ ਕਾਰਨ ਪੁਰਾਣੇ ਢੰਗ ਦੀ ਮਿਣਨੀ ਕਰਨ ਵਾਲਾ ਸਟੀਲ ਦਾ ਫੀਤਾ ਮੰਗਾਇਆ ਗਿਆ। ਮਿਣਤੀ ਨੇ ਸਭ ਦੰਗ ਕਰ ਦਿਤਾ ਜਦੋਂ ਸਕੋਰ ਬੋਰਡ ਉਤੇ 8.90 ਮੀਟਰ ਯਾਨੀ 29 ਫੁੱਟ ਢਾਈ ਇੰਚ ਦੂਰੀ ਦਰਸਾਉਣ ਵਾਲੇ ਅੱਖਰ ਚਮਕੇ ਤਾਂ ਸਾਰਾ ਸਟੇਡੀਅਮ ਸਕਤੇ ਵਿਚ ਆ ਗਿਆ। ਹੋਰ ਤਾਂ ਹੋਰ ਏਨੀ ਲੰਮੀ ਛਾਲ ਦਾ ਖੁਦ ਬਾਬ ਬੀਮਨ ਨੂੰ ਵੀ ਸੱਚ ਨਹੀਂ ਸੀ ਆ ਰਿਹਾ ਤੇ ਉਹਨੇ ਬਾਕੀ ਛਾਲਾਂ ਲਾਉਣ ਤੋਂ ਬਿਨਾਂ ਹੀ ਕੱਪੜੇ ਪਾ ਲਏ। ਬਾਬ ਬੀਮਨ ਦੀ ਉਸ ਛਾਲ ਨੂੰ "ਰੱਬੀ ਛਾਲ' ਤੇ 'ਵੀਹਵੀਂ ਸਦੀ ਦੀ ਇੱਕੀਵੀਂ' ਸਦੀ ਵਿਚ ਛਾਲ' ਆਦਿ ਦੇ ਵਿਸ਼ੇਸ਼ਣ ਦਿਤੇ ਗਏ।

ਅਮਰੀਕਾ ਦਾ ਕਾਲਾ ਮੋਤੀ ਕਾਰਲ ਲਿਊਸ ਉਹਨੀਂ ਦਿਨੀ ਸੱਤ ਅੱਠ ਸਾਲ ਦਾ ਸੀ। ਉਹਨੇ ਆਪਣੇ ਘਰ ਮੂਹਰੇ ਇਕ ਪਾਰਕ ਵਿਚ ਫੀਤੇ ਨਾਲ 29 ਫੁੱਟ ਢਾਈ ਇੰਚ ਉਤੇ ਨਿਸ਼ਾਨ ਲਾਇਆ ਤੇ ਹੈਰਾਨ ਹੋਣ ਲੱਗਾ ਕਿ ਪੱਧਰ ਥਾਂ ਤੇ ਕੋਈ ਬੰਦਾ ਏਨੀ ਦੂਰ ਕਿਵੇਂ ਕੁੱਦ ਸਕਦਾ ਹੈ? ਪਰ ਕਾਰਲ ਲਿਊਸ ਦੀ ਗੱਲ ਰਤਾ ਠਹਿਰ ਕੇ ਕਰਦੇ ਹਾਂ।

1972 ਦੀਆਂ ਉਲੰਪਿਕ ਖੇਡਾਂ ਵਿਚ ਅਮਰੀਕਾ ਦੇ ਆਰ. ਵਿਲੀਅਮਜ਼ ਨੇ 8.24 ਮੀਟਰ ਤੇ ਚਾਰ ਸਾਲ ਪਿਛੋਂ ਅਮਰੀਕਾ ਦੇ ਹੀ ਵੇ. ਰਾਬਿਨਸਨ ਨੇ 8.35 ਮੀਟਰ ਲੰਮੀ ਛਾਲ ਲਾਈ। ਮਾਸਕੋ ਦੀਆਂ ਉਲੰਪਿਕ ਖੇਡਾਂ ਵਿਚ ਜਰਮਨ ਜਮਹੂਰੀ ਗਣਰਾਜ ਦਾ ਐਲ. ਡਾਂਬਰੋਵਸਕੀ 8.54 ਮੀਟਰ ਛਾਲ ਨਾਲ ਉਲੰਪਿਕ ਚੈਂਪੀਅਨ ਬਣਿਆ।

ਪਿਛਲੇ ਸਾਲ ਲਾਸ ਏਂਜਲਸ ਦੀਆਂ ਉਲੰਪਿਕ ਖੇਡਾਂ ਸਮੇਂ ਦਰਸ਼ਕ ਸੱਠ ਸੱਠ ਡਾਲਰ ਦੀਆਂ ਟਿਕਟਾਂ ਲੈ ਕੇ ਕਾਰਲ ਲਿਊਸ ਨੂੰ ਲੰਮੀਆਂ ਛਾਲਾਂ ਲਾਉਂਦੇ ਵੇਖਣ ਲਈ ਢੁੱਕੇ ਸਨ। ਉਨ੍ਹਾਂ ਨੂੰ ਆਸ ਸੀ ਕਿ ਸੰਭਵ ਹੈ ਕਾਰਲ ਲਿਊਸ ਬਾਬ ਬੀਮਨ ਦਾ ਰਿਕਾਰਡ ਤੋੜ ਦੇਵੇ। ਪਰ ਕਾਰਲ ਲਿਊਸ ਨੇ ਦਰਸ਼ਕਾਂ ਦਾ ਦਿਲ ਰਾਜ਼ੀ ਨਾ ਕੀਤਾ। ਉਹ ਸਿਰਫ ਦੋ ਛਾਲਾਂ ਲਾ ਕੇ ਹੀ ਹਟ ਗਿਆ ਤਾਂ ਜੋ ਇਕੋ ਉਲੰਪਿਕਸ ਵਿਚੋਂ ਜੈਸੀ ਓਵੇਂਸ ਵਾਂਗ ਚਾਰ ਸੋਨੇ ਦੇ ਤਗਮੇ ਜਿਤਣ ਲਈ ਦਮ ਰੱਖ ਸਕੇ। ਉਸ ਨੇ 8.54 ਮੀਟਰ ਲੰਮੀ ਛਾਲ ਨਾਲ ਸੋਨੇ ਦਾ ਤਗਮਾ ਜਿੱਤ ਕੇ ਸੌ ਮੀਟਰ, ਦੋ ਸੌ ਮੀਟਰ ਤੇ 4x100 ਰਿਲੇਅ ਦੌੜਾਂ ਵਿਚੋਂ ਵੀ ਸੋਨੇ ਦੇ ਤਗਮੇ ਜਿੱਤੇ ਜਿਸ ਨਾਲ ਛੇ ਕਰੋੜ ਰੁਪਏ ਦਾ ਇਨਾਮ ਵੀ ਹਾਸਲ ਕੀਤਾ। ਉਂਜ ਉਹ ਇਕ ਹੋਰ ਅਥਲੈਟਿਕਸ ਮੀਟ ਵਿਚ ਤੀਹ ਫੁੱਟ ਅੱਧਾ ਇੰਚ ਲੰਮੀ ਛਾਲ ਲਾ ਗਿਆ ਸੀ ਪਰ ਇਕ ਸੈਂਟੀਮੀਟਰ ਦੇ ਫਾਊਲ ਕਾਰਨ ਉਹ ਛਾਲ ਅਯੋਗ ਗਿਣੀ ਗਈ ਸੀ। ਜਿਵੇਂ ਕਹਿੰਦੇ ਹਨ ਕਿ ਬੱਕਰੇ ਦੀ ਮਾਂ ਆਖਰ ਕਿੰਨੇ ਦਿਨ ਖੈਰ ਮਨਾਵੇਗੀ ਉਵੇਂ ਲੰਮੀ ਛਾਲ ਵਿਚ ਹੁਣ ਬਾਬ ਬੀਮਨ ਦੇ ਰਿਕਾਰਡ ਦੀ ਵੀ ਖੈਰ ਨਹੀਂ। ਜੇ ਪੱਚੀ, ਸਤਾਈ ਤੇ ਉਨੱਤੀ ਫੁੱਟ ਦੀਆਂ ਹੱਦਾਂ ਟੁਟ ਸਕਦੀਆਂ ਹਨ ਤਾਂ ਤੀਹ ਫੁੱਟ ਵੀ ਕੋਈ ਦੂਰ ਨਹੀਂ।

ਦਾਰਸ਼ਨਿਕ ਟਿੱਪਣੀਆਂ

ਕਲਾ-ਪ੍ਰੀਖਿਆ

ਕਲਾ ਦੀ ਇਨ੍ਹਾਂ ਚਾਰ ਉਪਾਵਾਂ ਦੁਆਰਾ ਆਲੋਚਨਾ ਕੀਤੀ ਜਾ ਸਕਦੀ ਹੈ:

ਜੇ ਇਹ ਤੁਹਾਨੂੰ ਪਸੰਦ ਹੈ ਪਰ ਸਮਝ 'ਚ ਨਹੀਂ ਆਈ ਤਾਂ ਇਹ ਇਕ ਹੈਰਾਨੀਜਨਕ ਕ੍ਰਿਤ ਹੈ ਪਰ ਜੇ ਇਹ ਤੁਹਾਨੂੰ ਪਸੰਦ ਵੀ ਨਹੀਂ ਆਈ ਅਤੇ ਤੁਸੀਂ ਇਸ ਨੂੰ ਸਮਝੇ ਵੀ ਨਹੀਂ ਤਾਂ ਇਹ ਇਕ ਦਿਲਚਸਪ ਚੀਜ਼ ਹੈ ਅਤੇ ਜੇ ਇਹ ਤੁਹਾਨੂੰ ਸਮਝ ਆ ਗਈ ਪਰ ਪਸੰਦ ਨਹੀਂ ਆਈ ਤਾਂ ਇਹ ਅਸਲੀ ਕ੍ਰਿਤ ਹੈ ਪਰ ਜੇ ਇਹ ਤੁਹਾਨੂੰ ਪਸੰਦ ਵੀ ਆ ਗਈ ਤੇ ਸਮਝ ਵੀ ਆ ਗਈ ਤਾਂ ਫਿਰ ਇਹ ਮਹਾਨ ਕ੍ਰਿਤ ਹੈ।

ਪਰੰਪਰਾ

"ਤੂੰ ਵੱਡੀ ਹੋ ਕੇ ਕੀ ਬਣਨਾ ਚਾਹੇਂਗੀ ਮੋਨਾ?" ਮਾਸਟਰ ਜੀ ਨੇ ਛੋਟੀ ਬੱਚੀ ਤੋਂ ਪੁੱਛਿਆ।

"ਇਕ ਮਾਂ" ਮੋਨਾ ਨੇ ਉਤਰ ਦਿਤਾ "ਇਹ ਸਾਡੇ ਖਾਨਦਾਨ ਦੀ ਪਰੰਪਰਾ ਰਹੀ ਹੈ।"

ਵਪਾਰ

ਕੁਪੱਤੇ ਬਾਸ ਨੇ ਆਪਣੀ ਖੂਬਸੂਰਤ ਸੈਕਟਰੀ ਨੂੰ ਆਪਣੇ ਕਮਰੇ ਵਿਚ ਬੁਲਾਇਆ ਅਤੇ ਅਵਾਜ਼ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਕਠੋਰ ਬਣਾਉਂਦੇ ਹੋਏ ਬੋਲਿਆ, "ਕਿਸ ਮੂਰਖ ਨੇ ਤੈਨੂੰ ਇਹ ਕਿਹਾ ਹੈ ਕਿ ਮੈਂ ਕਿਉਂਕਿ ਇਕ ਦੋ ਵਾਰ ਤੇਰਾ ਚੁੰਮਣ ਲੈ ਲਿਆ ਹੈ ਤਾਂ ਤੂੰ ਇਥੇ ਕੰਮ ਬੰਦ ਕਰ ਦੇਏਂਗੀ ਅਤੇ ਵਿਹਲੀ ਬੈਠੀ ਰਹੇਂਗੀ?"

ਵੱਡੀਆਂ ਵੱਡੀਆਂ ਅੱਖਾਂ ਵਾਲੀ ਸੈਕਟਰੀ ਨੇ ਪਲਕਾਂ ਝਪਕਾ ਕੇ ਆਪਣੇ ਬਾਸ ਵਲ ਦੇਖਦੇ ਹੋਏ ਕਿਹਾ "ਮੇਰੇ ਵਕੀਲ ਨੇ।"

ਆਤਮਾ

ਚਰਚ ਲਈ ਟਿਕਟ ਖਰੀਦਣ ਤੋਂ ਇਨਕਾਰ ਕਰਦੇ ਹੋਏ ਇਕ ਵਿਅਕਤੀ ਨੇ ਬਹਾਨਾ ਬਣਾਇਆ "ਮੈਨੂੰ ਅਫਸੋਸ ਹੈ ਕਿ ਮੈਂ ਟਿਕਟ ਨਹੀਂ ਖਰੀਦ ਸਕਦਾ ਕਿਉਂਕਿ ਮੈਂ ਕੱਲ੍ਹ ਚਰਚ 'ਚ ਹਾਜ਼ਰ ਨਹੀਂ ਹੋ ਸਕਾਂਗਾ। ਪਰ ਮੇਰੀ ਆਤਮਾ ਉਥੇ ਹੀ ਹੋਏਗੀ।"

"ਠੀਕ ਹੈ" ਟਿਕਟ ਵੇਚਣ ਵਾਲੇ ਨੇ ਕਿਹਾ "ਪਰ ਤੇਰੀ ਆਤਮਾ ਚਰਚ 'ਚ ਬੈਠੇਗੀ ਕਿਥੇ?"

ਸਾਧਨ

ਹੋਟਲ 'ਚ ਕਾਫੀ ਕੁਝ ਖਾਣ-ਪੀਣ ਤੋਂ ਬਾਅਦ ਸੂਟਿਡ-ਬੂਟਿਡ ਗਾਹਕ ਨੇ ਵੇਟਰ ਨੂੰ ਬੁਲਾ ਕੇ ਕਿਹਾ "ਤੈਨੂੰ ਯਾਦ ਹੈ ਸਿਰਫ ਇਕ ਸਾਲ ਪਹਿਲਾਂ ਮੈਂ ਤੁਹਾਡੇ ਹੋਟਲ 'ਚ ਇਸੇ ਤਰ੍ਹਾਂ ਖਾਣਾ ਖਾਧਾ ਸੀ ਅਤੇ ਕਿਉਂਕਿ ਬਿਲ ਦੇਣ ਨੂੰ ਮੇਰੇ ਕੋਲੇ ਪੈਸੇ ਨਹੀਂ ਸਨ ਤਾਂ ਤੂੰ ਮੈਨੂੰ ਗੰਦਗੀ ਦੀ ਤਰ੍ਹਾਂ ਉਠਾ ਕੇ ਕੂੜੇ ਤੇ ਡਰੰਮ ਵਿਚ ਸੁੱਟ ਦਿਤਾ ਸੀ।" ਮਾਫੀ-ਦਾਨ ਦਿੰਦੇ ਹੋਏ ਕਿਹਾ "ਪਹਿਲੀ ਗੱਲ ਭੁੱਲ ਜਾ ਅਤੇ ਹੁਣ ਮੈਨੂੰ ਫਿਰ ਉਸੇ ਤਰ੍ਹਾਂ ਉਠਾ ਕੇ ਬਾਹਰ ਸੁੱਟ ਦੇ।"

— ਛਾਵਾਂ ਦਾ ਦਰ ਤਾਂ ਸਿਰਫ਼ ਰੁੱਖਾਂ ਕੋਲ ਹੁੰਦਾ ਹੈ।

— ਤੁਸੀਂ ਆਪਣੇ ਜਿਸਮ ਨਾਲ ਔਰਤ ਨਹੀਂ ਨਾਪ ਸਕਦੇ।
ਮਾਵਾਂ ਦੀ ਮੰਡੀ ਵਿਚ ਜਿਸਮਾਂ ਦੀ ਸੌਦਾਗਰੀ ਕਰਦੇ ਹੋ?
ਔਰਤ ਆਪਣੀ ਸੁਰੰਗ ਵਿਚੋਂ ਇਨਸਾਨ ਜੰਮਦੀ ਹੈ,
ਆਪਣੀ ਹਯਾ ਵਿਚੋਂ ਨਹੀਂ! ਹਸ਼ਰ ਵਾਲੇ ਦਿਨ ਵੀ
ਖ਼ੁਦਾ, ਮਾਵਾਂ ਕੋਲੋਂ ਸਬੱਬ ਮੰਗੇਗਾ ਤਾਂ ਤੁਹਾਡੀਆਂ
ਮੁਫ਼ਲਿਸ ਮਾਵਾਂ, ਕੀ ਬੋਲੀ ਲਾਣਗੀਆਂ ਖ਼ੁਦਾ ਤੋਂ?
ਕੀ ਤੁਸੀਂ ਉਸ ਵੇਲੇ ਕਹੋਗੇ ਕਿ ਮਾਂ ਤੋਂ ਜੁੱਤੀ ਮਹਿੰਗੀ ਹੁੰਦੀ ਹੈ?

ਪਾਕਿ 'ਚ ਪੰਜਾਬੀ ਭਾਸ਼ਾ ਦੇ ਬੋਲਬਾਲੇ ਲਈ ਯਤਨ

ਨਵੀਂ ਦਿੱਲੀ — ਪਾਕਿਸਤਾਨ ਅੰਦਰ ਰਹਿਣ ਵਾਲੇ ਪੰਜਾਬੀਆਂ ਨੇ ਆਪਣੀ ਬੋਲੀ ਨੂੰ ਦੇਸ਼ ਵਿਚ ਬਹੁਗਿਣਤੀ ਲੋਕਾਂ ਦੀ ਬੋਲੀ ਵਜੋਂ ਮਾਨਤਾ ਦਿਤੇ ਜਾਣ ਲਈ ਮੰਗ ਕ ਕਰਨੀ ਸ਼ੁਰੂ ਕਰ ਦਿਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਰਤਾਨਵੀ ਰਾਜ ਦੇ ਸਮੇਂ ਤੋਂ ਹੀ ਉਸ ਖਿਤੇ ਵਿਚ ਪੰਜਾਬੀ ਭਾਸ਼ਾ ਪ੍ਰਤੀ ਅਣਗਹਿਲੀ ਵਰਤੀ ਜਾਂਦੀ ਰਹੀ ਹੈ। ਬਰਤਾਨਵੀ ਸਰਕਾਰ ਵਲੋਂ ਉਸ ਸਮੇਂ ਪਰਸ਼ੀਅਨ ਅਤੇ ਉਰਦੂ ਜ਼ਬਾਨਾਂ ਨੂੰ ਪਹਿਲ ਦਿਤੀ ਜਦੀ ਰਹੀ ਅਤੇ ਇਹ ਸਮਝਿਆ ਜਾਂਦਾ ਰਿਹਾ ਕਿ ਸਾਹਿਤਕ ਜਾਂ ਵਣਜ ਦੇ ਨੁਕਤੇ ਤੋਂ ਪੰਜਾਬੀ ਜ਼ਬਾਨ ਦੀ ਕੋਈ ਅਹਿਮੀਅਤ ਨਹੀਂ ਸੀ। ਬਰਤਾਨਵੀ ਹਾਕਮਾਂ ਦੇ ਚਲੇ ਜਾਣ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ ਵੀ ਪੰਜਾਬੀ ਜ਼ਬਾਨ ਪ੍ਰਤੀ ਉਹੋ ਹੀ ਨੀਤੀ ਜਾਰੀ ਰੱਖੀ

ਪਿਛਲੇ ਦਿਨੀਂ ਪਾਕਿਸਤਾਨੀ ਪੰਜਾਬ ਅਸੈਂਬਲੀ ਦੇ ਇਕ ਮੈਂਬਰ ਨੇ ਸਦਨ ਨੂੰ ਆਪਣੀ ਬੋਲੀ ਵਿਚ ਮੁਖ਼ਾਤਬ ਹੋਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਸਪੀਕਰ ਨੇ ਸਦਨ ਵਿਚ ਪੰਜਾਬੀ ਬੋਲੀ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿਤੀ। ਸਪੀਕਰ ਦੇ ਇਸ ਫੈਸਲੇ ਵਿਰੁਧ ਰੋਸ ਪ੍ਰਗਟ ਕਰਨ ਲਈ ਸਦਨ ਦੇ ਵੀਹ ਮੈਂਬਰ ਸਦਨ ਵਿਚੋਂ ਵਾਕ ਆਊਟ ਕਰ ਗਏ।

ਸਬੰਧਤ ਮੈਂਬਰਾਂ ਨੇਂ ਸਪੀਕਰ ਦੇ ਰਵੱਈਏ ਨੂੰ ਪੰਜਾਬ ਦੇ ਲੋਕਾਂ ਵਿਰੁਧ ਜ਼ੁਲਮ ਕਰਾਰ ਦਿਤਾ ਅਤੇ ਨਹਾਲ ਹੀ ਕਿਹਾ ਕਿ "ਤੁਹਾਨੂੰ ਆਪਣੀ ਵਿਰਾਸਤ ਨੂੰ ਕਿਸੇ ਵੀ ਸੂਰਤ ਵਿਚ ਠੁੱਡੇ ਨਹੀਂ ਮਾਰਨੇ ਚਾਹੀਦੇ।" ਪਾਕਿਸਤਾਨ ਯੋਜਨਾ ਕਮਿਸ਼ਨ ਦੇ ਸਾਬਕਾ ਸਕੱਤਰ ਅਤੇ ਪੰਜਾਬ ਫੋਰਮ ਦੇ ਕਨਵੀਨਰ ਸ੍ਰੀ ਮਸੂਦ ਖੱਦਰਪੋਸ਼ ਨੇ ਪੰਜਾਬੀ ਬੋਲੀ ਦਾ ਵਿਰੋਧ ਕਰਨ ਵਾਲਿਆਂ ਨੂੰ ਚਿਤਾਵਨੀ ਦਿਤੀ ਹੈ ਅਤੇ ਕਿਹਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਕੋਨੇ ਕੋਨੇ ਵਿਚ ਪੰਜਾਬੀ ਬੋਲੀ ਦਾ ਗਲਬਾ ਹੋ ਜਾਵੇਗਾ।

'ਜੰਗ' ਨਾਂ ਦੇ ਰੋਜ਼ਾਨਾ ਉਰਦੂ ਅਖਬਾਰ ਵਿਚ ਛਪੇ ਉਨ੍ਹਾਂ ਦੇ ਬਿਆਨ ਵਿਚ ਕਿਹਾ ਕਿ ਗਿਆ ਹੈ ਕਿ ਪੰਜਾਬ ਦੇ ਲੋਕ ਅੱਜ ਤੱਕ ਆਪਣੀ ਬੋਲੀ ਤੇ ਸਭਿਆਚਾਰਕ 'ਤੇ ਤਸ਼ੱਦਦ ਬਰਦਾਸ਼ਤ ਕਰਦੇ ਰਹੇ ਹਨ ਪ੍ਰੰਤੂ ਹੁਣ ਤੋਂ ਬਾਅਦ ਉਹ ਅਜਿਹਾ ਨਹੀਂ ਕਰਨਗੇ। ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁਕਾ ਹੈ। ਅੱਜ ਦੀ ਸਥਿਤੀ ਇਹ ਹੈ ਕਿ ਪੰਜਾਬ ਮਹਾਨ ਸਭਿਆਚਾਰਕ ਕਰਾਂਤੀ ਦੇ ਕੰਢੇ ਪਹੁੰਚਿਆ ਹੋਇਆ ਹੈ। ਇਸ਼ ਦੇ ਬਾਵਜੂਦ ਅਜੇ ਵੀ ਜੇਕਰ ਸਾਡੇ ਰਾਜਨੀਤਕ ਅਤੇ ਹਾਕਮ ਆਪਣੀ ਨੀਤੀ ਤਬਦੀਲ ਨਹੀਂ ਕਰਦੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਿ ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਪਛਤਾਉਣਾ ਪਵੇਗਾ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਹਨੀਫ ਰਮਾਏ ਪਿਛਲੇ ਕਾਫੀ ਸਮੇਂ ਤੋਂ ਪਾਕਿਸਤਾਨ ਅੰਦਰ ਕਨਫੈਡਰਲੀ ਢਾਂਚੇ ਦੀ ਵਕਾਲਤ ਕਰ ਰਹੇ ਹਨ। ਉਨ੍ਹਾਂ ਨੇ ਆਪਣੀ ਹੁਣੇ ਹੁਣੇ ਛਪੀ 'ਪੰਜਾਬ ਕਾ ਮੁਕੱਦਮਾ' ਨਾਮੀ ਪੁਸਤਕ ਦੇ ਮੁਖ ਬੰਦ ਵਿਚ ਪੰਜਾਬ ਸਭਿਆਚਾਰ ਦੀ ਵਕਾਲਤ ਕਰਦਿਆਂ ਇਸ ਪ੍ਰਕਾਰ ਲਿਖਿਆ ਹੈ: "ਮੇਰਾ ਦ੍ਰਿੜ ਯਕੀਨ ਹੈ ਕਿ ਜੇਕਰ ਪੰਜਾਬ ਅਜੇ ਵੀ ਪੰਜਾਬੀਅਤ (ਪੰਜਾਬ ਸਭਿਆਚਾਰ, ਬੋਲੀ ਅਤੇ ਜੀਵਨ ਜਾਚ) ਨੂੰ ਨਹੀਂ ਅਪਣਾਉਂਦਾ ਤਾਂ ਨੁਕਸਾਨ ਨਾਂ ਕੇਵਲ ਪੰਜਾਬੀਆਂ ਦਾ ਹੀ ਹੋਵੇਗਾ ਬਲਕਿ ਪਾਕਿਸਤਾਨ ਟੁਕੜੇ ਟੁਕੜੇ ਵੀ ਹੋ ਹੋ ਜਾਵੇਗਾ।"

ਪੰਜਾਬੀ ਬੋਲੀ ਦਾ ਵਿਰੋਧ ਕਰਨ ਵਾਲਿਆਂ ਦੀ ਦਲੀਲ ਇਹ ਰਹੀ ਹੈ ਕਿ ਇਹ ਸਿੱਖਾਂ ਦੀ ਬੋਲੀ ਹੈ। ਅਤੇ ਮੁਸਲਮਾਨਾਂ ਨੂੰ ਇਸ ਦੇ ਭਲੇ-ਬੁਰੇ ਬਾਰੇ ਕੋਈ ਚਿੰਤਾ ਨਹੀਂ ਪਾਲਣੀ ਚਾਹੀਦੀ। ਪ੍ਰੰਤੂ ਇਨ੍ਹੀਂ ਦਿਨੀਂ ਇਸ ਦਲੀਲ ਦੇ 'ਖਰੀਦਦਾਰਾਂ' ਦੀ ਗਿਣਤੀ 'ਚ ਤੇਜ਼ੀ ਨਾਲ ਕਮੀ ਹੁੰਦੀ ਜਾ ਰਹੀ ਹੈ।

ਵੱਡੇ ਮੋਟਰ ਸਾਈਕਲਾਂ ਉਤੇ ਪਾਬੰਦੀ

ਫਿਰੋਜ਼ਪੁਰ — ਜ਼ਿਲਾ ਮੈਜਿਸਟਰੇਟ ਫਿਰੋਜ਼ਪੁਰ ਨੇ ਜ਼ਿਲੇ ਭਰ ਵਿਚ ਸਾਢੇ ਤਿੰਨ ਹਾਰਸ ਪਾਵਰ ਦੇ ਮੋਟਰ ਸਾਈਕਲ ਚਲਾਉਣ ਉਤੇ ਪਾਬੰਦੀ ਲਾ ਦਿਤੀ ਹੈ। ਇਸ ਦੇ ਨਾਲ ਹੀ ਜ਼ਿਲੇ 'ਚ ਢਾਈ ਹਾਰਸ ਪਾਵਰ ਤੇ ਇਸ ਤੋਂ ਘੱਟ ਦੇ ਮੋਟਰ ਸਾਈਕਲਾਂ, ਸਕੂਟਰਾਂ ਤੇ ਮੋਪਿਡਾ ਉਤੇ ਸਵੇਰੇ ਸੱਤ ਵਜੇ ਤੋਂ ਸ਼ਾਮੀਂ ਛੇ ਵਜੇ ਤਕ ਦੂਹਰੀ ਸਵਾਰੀ ਬੈਠਣ ਦੀ ਇਜਾਜ਼ਤ ਦੇ ਦਿਤੀ ਗਈ ਹੈ। ਇਹ ਆਦੇਸ਼ 30 ਨਵੰਬਰ ਤਕ ਲਾਗੂ ਰਹਿਣਗੇ। ਇਕ ਹੋਰ ਆਦੇਸ਼ ਰਾਹੀਂ 15 ਨਵੰਬਰ ਤਕ ਸਾਰੇਹੇ ਜ਼ਿਲੇ ਦੇ ਸਿਨਮਾ ਘਰ ਰਾਤੀਂ 9 ਵਜੇ ਤੋਂ ਬਾਅਦ ਬੰਦ ਰਖਣ ਲਈ ਕਿਹਾ ਗਿਆ ਹੈ।

ਲਿੰਕ ਨਹਿਰ ਬਾਰੇ ਡੈਡਲਾਕ ਜਾਰੀ

ਜਗਤਾਰ ਸਿੰਘ ਸਿੱਧੂ

ਰੋਪੜ — ਸਤਲੁਜ-ਯਮਨਾ ਲਿੰਕ ਨਹਿਰ ਦਾ ਪਾਣੀ ਰੋਪੜ ਜ਼ਿਲੇ ਵਿਚ ਡੂਮਛੇੜੀ ਪਿੰਡ ਤੱਕ ਭਾਖੜਾ ਨਹਿਰ ਵਿਚ ਪਾਉਣ ਦੇ ਸੁਆਲ ਉਤੇ ਸਰਕਾਰ ਵਿਚਾਰ ਕਰਨ ਲਈ ਸਹਿਮਤ ਹੋ ਗਈ ਹੈ ਅਤੇ ਇਸ ਸਬੰਧੀ ਸਰਵੇ ਮੁਕੰਮਲ ਕਰਕੇ ਦੋ ਹਫਤਿਆਂ ਦੇ ਅੰਦਰ ਅੰਦਰ ਸਰਕਾਰ ਨੂੰ ਰਿਪੋਰਟ ਪੇਸ਼ ਕਰ ਦਿਤੀ ਜਾਵੇਗੀ। ਭਾਰਤੀ ਕਿਸਾਨ ਯੂਨੀਅਨ ਨੇ ਸੀਨੀਅਰ ਸਰਕਾਰੀ ਅਧਿਕਾਰੀਆਂ ਦੇ ਇਸ ਫੈਸਲੇ ਨੂੰ "ਅਧੂਰਾ" ਦੱਸਦਿਆਂ ਇਸ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਜਥੇਬੰਦੀ ਨੇ ਬੜੇ ਸਪਸ਼ਟ ਰੂਪ ਵਿਚ ਇਹ ਮੰਗ ਕੀਤੀ ਹੈ ਕਿ ਲਿੰਕ ਨਹਿਰ ਦੀ ਖੁਦਾਈ ਮੁਕੰਮਲ ਤੌਰ ਉਤੇ ਬੰਦ ਕੀਤੀ ਜਾਵੇ। ਜਥੇਬੰਦੀ ਨੇ ਸੁਝਾਅ ਦਿਤਾਹ ਹੈ ਕਿ ਲਿੰਕ ਨਹਿਰ ਸ਼ਿਵਲਾਲਿਕ ਦੀਆਂ ਪਹਾੜੀਆਂ ਦੇ ਨਾਲ ਨਾਲ ਕਢੀ ਜਾਵੇ। ਜੇ ਸਰਕਾਰ ਖਰਚੇ ਨੂੰ ਮੁਖ ਰਖ ਕੇ ਅਜਿਹਾ ਨਹੀਂ ਕਰ ਸਕਦੀ ਤਾਂ ਭਾਖੜਾ ਨਹਿਰ ਵਿਚ ਲਿੰਕ ਨਹਿਰ ਦਾ ਪਾਣੀ ਪਾ ਕੇ ਇਸ ਨੂੰ ਨਰਵਾਣਾ ਨਹਿਰ ਵਿਚ ਪਹੁੰਚਾਇਆ ਜਾਵੇ ਤਾਂ ਜੋ ਉਪਜਾਊ ਜ਼ਮੀਨ ਨਹਿਰ ਹੇਠ ਆਉਣ ਤੋਂ ਬਚ ਸਕੇ।

ਇਥੇ ਸਤਲੁਜ ਯਮਨਾ ਲਿੰਕ ਨਹਿਰ ਦੀ ਖੁਦਾਈ ਦੇ ਮਾਮਲੇ ਨੂੰ ਲੈ ਕੇ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਅਤੇ ਭਾਰਤੀ ਕਿਸਾਨ ਯੂਨੀਅਨ ਵਿਚਕਾਰ ਨਹਿਰੀ ਵਿਸ਼ਰਾਮ ਘਰ ਵਿਚ ਗੱਲਬਾਤ ਸ਼ੁਰੂ ਹੋਈ। ਜਥੇਬੰਦੀ ਵਲੋਂ ਵਫਦ ਦੀ ਅਗਵਾਈ ਭਾਂਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਅਤੇ ਨਿਹਿਰ ਰੋਕਣ ਲਈ ਲਾਏ ਗਏ ਮੋਰਚੇ ਦੇ ਡਿਕਟੇਟਰ ਸ. ਅਜਮੇਰ ਸਿੰਘ ਲਖੋਵਾਲ ਨੇ ਕੀਤੀ। ਉਨ੍ਹਾਂ ਤੋਂ ਇਲਾਵਾ ਕਾਂਗਰਸ (ਆਈ) ਵਿਧਾਇਕ ਸ. ਭਾਗ ਸਿੰਘ ਅਤੇ ਪੰਚਾਇਤਾਂ ਦੇ ਪ੍ਰਤੀਨਿਧ ਵੀ ਮੀਟਿੰਗ ਵਿਚ ਸ਼ਾਮਲ ਹੋਏ।

ਨਜ਼ਰਬੰਦਾਂ ਦੀ ਰਿਹਾਈ ਸੰਭਵ

ਅੰਮ੍ਰਿਤਸਰ — ਅਕਾਲੀ ਦਲ ਦੇ ਮੈਂਬਰ ਪਾਰਲੀਮੈਂਟ ਸ. ਚਰਨਜੀਤ ਸਿੰਘ ਵਾਲੀਆ ਨੇ ਸੰਕੇਤ ਦਿਤਾ ਹੈ ਕਿ ਜੇਲ੍ਹਾਂ 'ਚ ਬੰਦ ਸਾਰੇ ਨਜ਼ਰਬੰਦਾਂ ਜਿਨ੍ਹਾਂ 'ਚ ਜੋਧਪੁਰ ਜੇਲ੍ਹ 'ਚ ਬੰਦ ਸਿਖ ਯੁਵਕ ਵੀ ਸ਼ਾਮਲ ਹਨ, ਨੂੰ ਛੇਤੀ ਹੀ ਰਿਹਾਅ ਕੀਤੇ ਜਾਣ ਦੀ ਸੰਭਾਵਨਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਵਾਲੀਆ ਨੇ ਕਿਹਾ ਕਿ ਸਿੱਖਾਂ ਉਤੇ ਸਰਕਾਰ ਵਿਰੁਧ ਜੰਗ ਸ਼ੁਰੂ ਕਰਨ ਦਾ ਦੋਸ਼ ਲਾਉਣਾ "ਤਕਨੀਕੀ ਤੌਰ" ਉਤੇ ਗਲਤ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਉਤੇ ਇਹ ਜ਼ੋਰ ਵੀ ਪਾਇਆ ਜਾ ਰਿਹਾ ਹੈ ਕਿ ਬੈਰਕਾਂ ਛੱਡ ਕੇ ਜਾਣ ਵਾਲੇ ਸਿਖ ਫੌਜੀਆਂ ਨਾਲ ਨਰਮੀ ਵਰਤੀ ਜਾਵੇ। ਭਾਵੇਂ ਫੌਜ ਦੇ ਆਪਣੀ ਕਾਇਦੇ-ਕਾਨੂੰਨ ਹੁੰਦੇ ਹਨ ਪਰ ਰਾਜ ਸਰਕਾਰ ਪੂਰੀ ਵਾਹ ਲਾ ਰਹੀ ਹੈ ਕਿ ਫੌਜੀਆਂ ਦੇ ਮੁੜ ਵਸੇਬੇ ਲਈ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਸ. ਵਾਲੀਆ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਜਿਨ੍ਹਾਂ 300 ਦੇ ਕਰੀਬ ਸਰਕਾਰੀ ਮੁਲਾਜ਼ਮਾਂ ਨੂੰ ਨੌਕਰੀਓਂ ਕੱਢਿਆ ਗਿਆ, ਅਸਤੀਫੇ ਦੇਣ ਲਈ ਮਜ਼ਬੂਰ ਕੀਤਾ ਗਿਆ ਜਾਂ ਸਮੇਂ ਤੋਂ ਪਹਿਲਾਂ ਜਬਰੀ ਰਿਟਾਇਰ ਕੀਤਾ ਗਿਆ, ਉਨ੍ਹਾਂ ਦੀ ਛੇਤੀ ਹੀ ਬਹਾਲੀ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਰਾਜ ਦੇ ਮੁਲਾਜ਼ਮਾਂ ਲਈ ਤਨਖਾਹ ਕਮਿਸ਼ਨ ਕਾਇਮ ਕਰਨ ਦਾ ਐਲਾਨ 5 ਜਨਵਰੀ ਦੇ ਇਰਦ-ਗਿਰਦ ਕੀਤਾ ਜਾਵੇਗਾ ਜਦੋਂ ਪਟਿਆਲਾ ਵਿਖੇ ਮੁਲਾਜ਼ਮਾਂ ਦੀ ਇਕ ਸੂਬਾਈ ਕਨਵੈਨਸ਼ਨ ਹੋਣੀ ਹੈ। ਸ. ਵਾਲੀਆ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਾਲੀਆ ਧੜਾ) ਤੇ ਪੰਜਾਬ ਰਾਜ ਬਿਜਲੀ ਬੋਰਡ ਇੰਪਲਾਈਜ਼ ਫੈਡਰੇਸ਼ਨ ਦੇ ਪ੍ਰਧਾਨ ਹਨ। ਉਨ੍ਹਾਂ ਨੇ ਰਾਜ 'ਚ ਗੌਰਮਿੰਟ ਟੀਚਰਜ਼ ਯੂਨੀਅਨ ਦੀਆਂ ਚ ਚੋਣਾਂ ਕਰਾਉਣ ਦਾ ਐਲਾਨ ਵੀ ਕੀਤਾ ਤੇ ਇਸ ਕੰਮ ਲਈ ਸ. ਦਲ ਸਿੰਘ ਸੰਧੂ ਦੀ ਅਗਵਾਈ ਹੇਠ ਇਕ ਚੋਣ ਕਮੇਟੀ ਕਾਇਮ ਕੀਤੀ ਹੈ।

ਨਹਿਰ ਲਈ ਕੇਂਦਰ ਨੇ ਪੰਜਾਬ ਨੂੰ 30 ਕਰੋੜ ਰੁਪਏ ਦਿਤੇ


ਕੇਂਦਰ ਨੇ ਸਤਲੁਜ-ਯਮਨਾ ਲਿੰਕ ਨਹਿਰ ਪ੍ਰਾਜੈਕਟ ਲਈ ਤੁਰੰਤ ਪੈਦਾ ਹੋਈ ਲੋੜ ਨੂੰ ਧਿਆਨ ਵਿਚ ਰਖਦਿਆਂ ਪੰਜਾਬ ਨੂੰ ਤੀਹ ਕੋਰੜ ਰੁਪਏ ਦੀ ਗਰਾਂਟ ਰਿਲੀਜ਼ ਕੀਤੀ ਹੈ। ਇਹ ਰਕਮ ਉਸ ਰਕਮ ਤੋਂ ਵੱਖਰੀ ਹੈ ਜੋ ਇਸ ਨਹਿਰ ਨੂੰ ਅਗਲੇ ਸਾਲ 15 ਅਗਸਤ ਤਕ ਪੂਰਾ ਕਰਨ ਦੇ ਸੋਧੇ ਹੋਏ ਪਰੋਗਰਾਮ ਅਧੀਨ ਕੇਂਦਰੀ ਸਹਾਇਤਾ ਦੇ ਰੂਪ ਵਿਚ ਪਹਿਲਾਂ ਦਿਤੀ ਜਾ ਚੁੱਕੀ ਹੈ। ਅਸਲ ਵਿਚ ਸਾਲ 1985-86 ਲਈ ਇਸ ਪ੍ਰਾਜੈਕਟ ਵਾਸਤੇ 84 ਕਰੋੜ ਰੁਪਏ ਦ ਰਖੇ ਗਏ ਸਨ ਪਰ ਇਹ ਰਕਮ ਵਧਾ ਕੇ ਬਾਅਦ ਵਿਚ 115 ਕਰੋੜ ਰੁਪਏ ਕਰ ਦਿਤੀ ਗਈ। ਇਹ ਜਾਣਕਾਰੀ ਇਕ ਸਰਕਾਰੀ ਪ੍ਰੈਸ ਰਿਲੀਜ਼ ਰਾਹੀਂ ਦਿਤੀ ਗਈ ਹੈ।

ਹਾਲ ਵਿਚ ਹੀ ਕੇਂਦਰੀ ਵਿੱਤ ਮੰਤਰਾਲੇ ਨੂੰ ਬੇਨਤੀ ਕੀਤੀ ਗਈ ਸੀ ਕਿ ਚਾਲੂ ਮਾਲੀ ਸਾਲ ਲਈ ਤੀਹ ਕਰੋੜ ਰੁਪਏ ਦੀ ਹੋਰ ਸਹਾਇਤਾ ਦਿਤੀ ਜਾਵੇ। ਭਾਵੇਂ ਇਸ ਬੇਨਤੀ ਉਤੇ ਫੈਸਲਾ ਅਜੇ ਲਿਆ ਜਾਣਾ ਹੈ ਪਰ ਕੇਂਦਰ ਨੇ ਫੰਡਾਂ ਦੀ ਤੁਰੰਤ ਲੋੜ ਨੂੰ ਪੂਰਾ ਕਰਨ ਲਈ ਪੰਜਾਬ ਨੂੰ ਤੀਹ ਕਰੋੜ ਰੁਪਏ ਦੀ ਰਕਮ ਸਿੱਧੀ ਰਿਲੀਜ਼ ਕੀਤੀ ਹੈ।

ਕਾਹਨ ਸਿੰਘ ਨੂੰ 'ਗੰਭੀਰ ਸਿੱਟੇ' ਦੀ ਧਮਕੀ ਦਿਤੀ ਗਈ ਸੀ

ਅੰਮ੍ਰਿਤਸਰ — ਨਿਹੰਗਾਂ ਦੇ ਤਰੁਨਾ ਦਲ ਦੇ ਡਿਪਟੀ ਆਗੂ ਬਾਬਾ ਕਾਹਨ ਸਿੰਘ ਨੂੰ ਅਤਿਵਾਦੀਆਂ ਨੂੰ ਕਤਲ ਕਰਨ ਦੀਆਂ ਧਮਕੀਆਂ ਦਿਤੀਆਂ ਸਨ। ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਅੰਗ ਰਖਿਅਕ ਸੁੱਖਾ ਸਿੰਘ ਨੂੰ ਮੰਗ ਨੰਦੇੜ ਵਿਚ ਗੋਲੀ ਮਾਰ ਕੇ ਕਤਲ ਕਰ ਦਿਤਾ ਗਿਆ ਸੀ। ਪੁਲੀਸ ਸੂਤਰਾਂ ਅਨੁਸਾਰ ਕੁਝ ਦਿਨ ਪਹਿਲਾਂ ਇਥੋਂ ਕਰੀਬ ਚਾਲੀ ਕਿਲੋਮੀਟਰ ਦੂਰ ਖਡੂਰ ਸਾਹਿਬ ਵਿਚ ਇਕ ਇਕੱਠ ਸਮੇਂ ਇਕ ਸਿਖ ਯੁਵਕ ਨੇ ਬਾਬਾ ਕਾਹਨ ਸਿੰਘ ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਨੁਕਤਾਚੀਨੀ ਕਰਨ ਵਿਰੁੱਧ ਇਤਰਾਜ਼ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਸੰਤ ਭਿੰਡਰਾਂਵਾਲਾ ਸ੍ਰੀ ਅਕਾਲ ਤਖਤ ਦੀ ਤਬਾਹੀ ਅਤੇ ਬੇਹੁਰਮਤੀ ਲਈ ਜ਼ਿੰਮੇਵਾਰ ਸੀ।

ਇਸ 'ਤੇ ਸੰਤ ਜਰਨੈਲ ਸਿੰਘ ਦੇ ਪੈਰੋਕਾਰ ਯੁਵਕ ਨੇ ਇਤਰਾਜ਼ ਕੀਤਾ। ਬਾਬਾ ਕਾਹਨ ਸਿੰਘ ਨੇ ਉਸ ਦੇ ਇਤਰਾਜ਼ ਨੂੰ ਨਾਪਸੰਦ ਕਰਦੇ ਹੋਏ ਹੋਰ ਖੀ ਸਖਤ ਸ਼ਬਦਾਵਲੀ ਦੀ ਵਰਤੋਂ ਕੀਤੀ ਅਤੇ ਉਹਨਾਂ ਦੇ ਸਾਥੀਆਂ ਨੇ ਯੁਵਕ ਨੂੰ ਕਾਬੂ ਕਰ ਲਿਆ। ਪਤਾ ਲੱਗਾ ਹੈ ਕਿ ਉਸ ਨੌਜਵਾਨ ਨੂੰ ਕੁੱਟਮਾਰ ਕੀਤੀ ਗਈ। ਉਸ ਨੇ ਜਾਂਦੇ ਹੋਏ ਬਾਬਾ ਕਾਹਨ ਸਿੰਘ ਨੂੰ ਗੰਭੀਰ ਸਿੱਟਿਆਂ ਦੀ ਚਿਤਾਵਨੀ ਦਿਤੀ। ਦੱਸਿਆ ਜਾਂਦਾ ਹੈ ਕਿ ਉਹ ਜ਼ਿਲੇ ਦੱਸਿਆ ਜਾਂਦਾ ਹੈ ਕਿ ਉਹ ਜ਼ਿਲੇ ਵਿਚ ਸਰਗਰਮ ਅਤਿਵਾਦੀ ਗਰੁਪ ਦਾ ਮੈਂਬਰ ਸੀ। ਪੁਲਸ ਸੂਤਰਾਂ ਅਨੁਸਾਰ ਇਸ ਘਟਨਾ ਦੀ ਸੂਚਨਾ ਉਨ੍ਹਾਂ ਨੂੰ ਤਰੁਨਾ ਦਲ ਦੇ ਮੁਖੀ ਬਾਬਾ ਬਿਸ਼ਨ ਸਿੰਘ ਨੇ ਦਿਤੀ। ਬਾਬਾ ਕਾਹਨ ਸਿੰਘ ਅਕਾਲੀ ਦਲ (ਲੌਂਗੋਵਾਲ) ਵਿਚ ਸ਼ਾਮਲ ਹੋ ਗਏ ਸਨ ਅਤੇ ਸੰਯੁਕਤ ਅਕਾਲੀ ਦਲ ਦੀ ਨੁਕਤਾਚੀਨੀ ਕਰਦੇ ਸਨ।





ਬਾਬਾ ਚਰਨ ਸਿੰਘ ਪਢਾਣੀਆਂ ਇਕ ਭਖਦੀ ਜੀਵਨ ਚੰਗਿਆੜੀ ਅਤੇ ਦੋ ਸੰਗਦਿਲ ਸਰਕਾਰਾਂ

ਸੁਰਜਜੀਤ ਸਿੰਘ ਸੰਧੂ, ਰਿਚਮੰਡ

ਅੱਜ ਇਹ ਘੁਲਾਟੀਆ ਬਜ਼ੁਰਗ ਆਪਣੀ ਜ਼ਿੰਦਗੀ ਦੀ ਪੌੜੀ ਦੇ 96ਵੇਂ ਡੰਡੇ ਤੇ ਪੈਰ ਧਰ ਚੁਕਾ ਏ। ਸਰੀਰ ਕਿਸੇ ਆਸਰੇ ਤੋਂ ਬਗੈਰ ਤੁਰ ਫਿਰ ਨਹੀਂ ਸਕਦਾ ਬਾਬਾ ਜੀ ਨੂੰ ਆਪਣੀ ਸਰੀਰਕ ਹਾਲਤ ਤੇ ਬੜੀ ਖਿਝ ਵੀ ਆਉਂਦੀ ਹੈ। ਕਿਉਂਕਿ ਉਹਨਾਂ ਨੇ ਆਪਣੀ ਜ਼ਿੰਦਗੀ ਵਿਚ ਕਿਸੇ ਦਾ ਆਸਰਾ ਲੈਣ ਦੀ ਜਾਚ ਨਹੀਂ ਸੀ ਸਿਖੀ।

ਬਾਬਾ ਜੀ ਦਾ ਜਨਮ 1890 ਈ: ਵਿਚ ਲਾਹੌਰ ਦੇ ਜ਼ਿਲੇ ਵਿਚ ਇਕ ਬੜੇ ਵੱਡੇ ਕਸਬੇ ਪਢਾਣੇ ਵਿਚ ਸੈਦੇ ਕੀ ਪੱਤੀ ਦੇ ਇਕ ਪ੍ਰਵਾਰ ਵਿਚ ਹੋਇਆ ਸੀ। ਏਸੇ ਪੱਤੀ ਦਾ ਇਕ ਬਜ਼ੁਰਗ ਮਹਾਰਾਜਾ ਰਣਜੀਤ ਵੇਲੇ ਇਸ ਇਲਾਕੇ ਦਾ ਹਾਕਮ ਬਣ ਚੁਕਾ ਸੀ ਅਤੇ ਜਦੋਂ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਤਾਂ ਹਾਕਮ ਜਮਾਤ ਨੂੰ ਆਪਣੇ ਤਾਬਿਆਦਾਰ ਬਨਾਉਣ ਲਈ ਸ: ਜਵਾਲਾ ਸਿੰਘ ਦੇ ਪ੍ਰਵਾਰ ਨੂੰ ਇਸ ਪਿੰਡ ਦੀ ਜ਼ਮੀਨ ਦਾ ਕੋਈ ਤੀਜਾ ਹਿਸਾ ਦੇ ਦਿਤਾ ਅਤੇ ਬਾਕੀ ਦੇ ਸਾਰੇ ਪਿੰਡ ਨੂੰ ਦੋ ਹਿੱਸੇ ਜ਼ਮੀਨ ਵਿਚ ਹੀ ਆਪਣਾ ਝੱਟ ਲੰਘਾਉਣਾ ਪੈ ਗਿਆ। ਜ਼ਮੀਨ ਦੀ ਮਲਕੀਅਤ ਦਿਨੋਂ ਦਿਨ ਛੋਟੇ ਛੋਟੇ ਟੁਕੜਿਆਂ ਵਿਚ ਵਟਦੀ ਗਈ ਅਤੇ ਪ੍ਰਵਾਰਾਂ ਨੂੰ ਆਪਣਾ ਝਟ ਲੰਘਾਉਣਾ ਅਸੰਭਵ ਹੁੰਦਾ ਗਿਆ। ਏਸ ਮਜ਼ਬੂਰੀ ਨੇ ਸੈਦੇ ਕੀ ਪੱਤੀ ਦੇ ਇਕ ਜੱਟ ਨੂੰ ਆਪਣਾ 17 ਸਾਲ ਦੀ ਉਮਰ ਦਾ ਮੁੱਛ ਫੁੱਟਦਾ ਇਕਲੌਤਾ ਬੱਚਾ ਸੱਤ ਸਮੁੰਦਰੋਂ ਪਾਰ, ਅਮਰੀਕਾ ਘੱਲਣ ਤੇ ਮਜ਼ਬੂਰ ਕਰ ਦਿਤਾ। ਉਸ ਮਾਈ ਬਾਪ ਲਈ ਇਹ ਕਿੱਡੀ ਔਖੀ ਘੜੀ ਹੋਵੇਗੀ ਆਪਣੇ ਇਕੱਲੇ ਬੱਚੇ ਨੂੰ ਘਰੋਂ ਸਦਾ ਲਈ ਤੋਰ ਦੇਣ ਦੀ। ਜਿਸਦਾ ਕਿ ਉਹਨਾਂ ਮੁੜਕੇ ਦਰਸ਼ਨ ਨਹੀਂ ਕਰ ਪਾਉਣਾ। ਅੰਦਾਜ਼ਾ ਲਾਉਣਾ ਮੁਸ਼ਕਲ ਹੈ।

ਸ. ਚਰਨ ਸਿੰਘ ਜੀ ਅਮਰੀਕਾ ਪਹੁੰਚ ਜਾਂਦੇ ਨੇ, ਅਤੇ ਆਪਣੇ ਹੋਰ ਪੰਜਾਬੀ ਸਾਥੀਆਂ ਨਾਲ ਰਲਕੇ ਖੇਤਾਂ ਵਿਚ ਕੰਮ ਕਰਨ ਲਗ ਜਾਂਦੇ ਨੇ। ਦਿਲ ਦੀ ਤਾਂਘ ਇਹੀ ਸੀ ਕਿ ਚਾਰ ਪੈਸੇ ਕਮਾ ਕੇ ਪਿੰਡ ਜ਼ਮੀਨ ਦੇ ਚਾਰ ਕਿੱਲੇ ਹੋਰ ਖਰੀਦ ਕੇ ਆਪਣੇ ਘਰ ਸੁਖ ਦੀ ਜ਼ਿੰਦਗੀ ਬਸ਼ਰ ਕਰਨਗੇ। ਪਰ ਉਹ ਦਿਨ ਵੇਖਣਾ ਨਸੀਬ ਨਾ ਹੋਇਆ। ਕਿਉਂਕਿ ਇਹ ਜੱਟ ਭਾਵੇਂ ਅੱਲੜ ਉਮਰ ਵਿਚ ਹੀ ਘਰੋਂ ਤੁਰ ਪਿਆ ਸੀ ਪਰ ਇਸ ਦੇ ਮਜ਼ਹਬ, ਕੌਮ ਅਤੇ ਖਾਸ ਕਰਕੇ ਪਿੰਡ ਦੀ ਅਣਖ ਇਹਨਾਂ ਦੇ ਲੂੰ ਲੂੰ ਵਿਚ ਰਚ ਚੁਕੀ ਸੀ। ਇਹ ਉਸ ਪਿੰਡ ਦੇ ਜਾਏ ਨੇ ਜਿਸ ਨੇ ਮੁਗਲ ਹਾਕਮ (ਲਾਹੌਰ) ਜ਼ਕਰੀਏ ਵੇਲੇ ਤਾ ਸਿੰਘ ਵਰਗੇ ਅਣਖੀਲੇ ਯੋਧਿਆਂ ਨੂੰ ਜਨਮ ਦਿਤਾ ਸੀ।

ਬੋਤਾ ਸਿੰਘ ਪਢਾਣੀਆਂ ਸੰਨ 1739 ਦੇ ਅਖੀਰ 'ਚ ਤਰਨ-ਤਾਰਨੋਂ ਤਿੰਨ ਕੁ ਮੀਲ ਉਤਰ ਲਹਿੰਦੇ ਵੱਲ ਸਰਾਏ ਨੂਰਦੀਨ ਪਾਸ ਔਝੜੇ ਔਝੜੇ ਇਕ ਹੋਰ ਸਾਥੀ ਗਿਰਜਾ ਸਿੰਘ ਨਾਲ ਤੁਰੇ ਜਾਂ ਰਹੇ ਸਨ ਤਾਂ ਕੁਝ ਰਾਹੀਆਂ ਨੇ ਆਖਿਆ "ਔਹ ਕੋਈ ਸਿਖ ਜਾਂਦਾ ਪਿਆ ਏ।" ਦੂਜੇ ਰਾਹੀ ਨੇ ਆਖਿਆ "ਇਹ ਜ਼ਰੂਰ ਕੋਈ ਗੀਦੀ ਗਿੱਦੜ ਸਿਖ ਹੋਣੈ ਜਾਨ ਲਕਾਉਂਦਾ ਫਿਰਦਾ।" ਇਹ ਗਲ ਬੋਤਾ ਸਿੰਘ ਨੂੰ ਖਾ ਗਈ ਅਤੇ ਇਹ ਗੱਲ ਪ੍ਰਗਟ ਕਰਨ ਲਈ ਕਿ ਉਹ ਗਿਦੜ ਸਿਖ ਨਹੀਂ, ਲਾਹੌਰ ਨੂੰ ਜਾ ਰਹੀ ਸ਼ਾਹੀ ਸੜਕ ਉਤੇ ਜਾ ਖਲੋਤੇ ਅਤੇ ਇਕ ਆਨਾ ਗੱਡਾ ਤੇ ਇਕ ਪੈਸਾ ਖੋਤਾ ਮਸੂਲ ਉਗਰਾਹੁਣ ਲੱਗ ਪਏ। ਇਹ ਆਪਣੀ ਹੋਂਦ ਅਤੇ ਸੁਤੰਤਰਤਾ ਦਾ ਇਕ ਐਲਾਨ ਸੀ ਜੋ ਇਕ ਸਿੰਘ ਆਪਣਾ ਸਿਰ ਤਲੀ ਤੇ ਰਖਕੇ ਸ਼ਾਹੀ ਸੜਕ ਉਤੇ ਖਲੋਤਾ ਕਰ ਲੈ ਰਿਹਾ ਸੀ। ਇਹ ਪ੍ਰਤੱਖ ਮੌਤ ਨੂੰ ਸੁਨੇਹਾ ਸੀ। ਬੋਤਾ ਸਿੰਘ ਕੁਛ ਦਿਨ ਮਸੂਲ ਇਕੱਠਾ ਕਰੀ ਗਿਆ ਪਰ ਉਹ ਕੋਈ ਪੈਸੇ ਇਕੱਠੇ ਕਰਨ ਦੀ ਲਾਲਸਾ ਨਾਲ ਤਾਂ ਉਥੇ ਨਹੀਂ ਸੀ ਖੜੇ। ਜਦ ਕੋਈ ਸਰਕਾਰੀ ਬੰਦਾ ਉਥੇ ਨਾ ਪਹੁੰਚਿਆ ਤਾਂ ਉਤਾਵਲੇ ਹੋਏ ਬੋਤਾ ਸਿੰਘ ਨੇ ਲਾਹੌਰ ਦੇ ਨਵਾਬ ਜ਼ਕਰੀਆ ਖਾਨ ਨੂੰ ਇਸ ਤਰ੍ਹਾਂ ਚਿਠੀ ਲਿਖੀ ਕਿ ਸੁਣਦੇ ਸਾਰ ਉਸਨੂੰ ਗੁੱਸਾ ਚੜ੍ਹ ਜਾਏ ਅਤੇ ਤੁਰਤ ਹੀ ਫੌਜ ਚੜ੍ਹ ਆਏ।

ਚਿੱਠੀ ਲਿਖੇ ਸਿੰਘ ਬੋਤਾ ਹੱਥ ਹੈ ਸੋਟਾ
ਆਨਾ ਲਾਇਆ ਗੱਡੇ ਨੂੰ ਪੈਸਾ ਲਾਇਆ ਖੋਤਾ
ਆਖੋ ਭਾਈ ਖਾਨੇ ਨੂੰ ਯੋ ਆਖੇ ਸਿੰਘ ਬੋਤਾ।

ਚਿਠੀ ਪੁੱਜਣ ਦੀ ਦੇਰ ਸੀ ਕਿ ਲਾਹੌਰੋਂ ਫੌਜ ਚੜ੍ਹ ਆਈ। ਉਹਨਾਂ ਨੇ ਯਤਨ ਕੀਤਾ ਕਿ ਬੋਤਾ ਸਿੰਘ ਅਤੇ ਗਿਰਜਾ ਸਿੰਘ ਨੂੰ ਜੀਉਂਦੇ ਫੜ ਲੈਣ। ਪਰ ਬੋਤਾ ਸਿੰਘ ਅਤੇ ਗਿਰਜਾ ਸਿੰਘ ਨੇ ਆਪਣੀਆਂ ਪਿਠਾਂ ਜੋੜ ਲਈਆਂ ਅਤੇ ਸੋਟਿਆਂ ਨਾਲ ਵੈਰੀ ਦਾ ਟਾਕਰਾ ਕਰਨ ਲਗ ਪਏ ਅਤੇ ਅੰਤ ਉਹਨਾਂ ਦੀਆਂ ਤਲਵਾਰਾਂ ਨਾਲ ਟੁਕੜੇ ਟੁਕੜੇ ਹੋ ਕੇ ਢਹਿ ਢੇਰੀ ਹੋ ਗਏ।

ਇਹ ਬੋਤਾ ਸਿੰਘ ਪਢਾਣੀਏ ਵਰਗੀ ਅਣਖ ਬਾਬਾ ਚਰਨ ਸਿੰਘ ਪਢਾਣੀਆਂ ਵੀ ਆਪਣੇ ਵਿਰਸੇ ਵਿਚ ਲਿਆ ਚੁਕਾ ਸੀ। ਮਿਲਾਂ ਅਤੇ ਖੇਤਾਂ ਵਿਚ ਹੱਡ ਭੰਨਵੀਂ ਕਾਰ ਕਰਦਿਆਂ ਵੀ ਗੋਰੇ ਮਾਲਕ ਪੰਜਾਬੀ ਲੋਕਾਂ ਨਾਲ ਬੜਾ ਕੋੜਾ ਸਲੂਕ ਕਰਨ ਲਗ ਜਾਂਦੇ ਸਨ। ਨਤੀਜੇ ਵਜੋਂ ਗਦਰ ਪਾਰਟੀ ਨੇ ਜਨਮ ਲਿਆ ਅਤੇ ਬਾਬਾ ਜੀ ਵੀ ਆਪਣੇ ਸਾਥੀਆਂ ਨਾਲ ਰਲਕੇ ਹਿੰਦੋਸਤਾਨ ਵਿਚੋਂ ਫਰੰਗੀ ਰਾਜ ਨੂੰ ਖਤਮ ਕਰਨ ਲਈ ਮੈਦਾਨ ਵਿਚ ਜੁਝ ਪਏ। ਜਦੋਂ ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਜਵਾਲਾ ਸਿੰਘ ਜੀ ਵਰਗੇ ਦੇਸ਼ ਭਗਤ ਹਿੰਦੋਸਤਾਨ ਚਲੇ ਗਏ ਤਾਂ ਬਾਬਾ ਚਰਨ ਸਿੰਘ ਜੀ ਨੇ ਤਨ ਮਨ ਨਾਲ ਗਦਰ ਪਾਰਟੀ ਦੀ ਵਾਗ ਡੋਰ ਸੰਭਾਲ ਰੱਖੀ।

ਸੰਨ 1947 ਆ ਗਿਆ ਹਿੰਦੋਸਤਾਨ ਆਜ਼ਾਦ ਹੋ ਗਿਆ। ਪਰ ਉਹ ਆਜ਼ਾਦੀ ਕਾਹਦੀ ਸੀ ਇਕ ਧੋਖਾ ਸੀ। ਅੰਗਰੇਜ਼ ਸਾਮਰਾਜੀਏ ਨਿਕਲਦੇ ਨਿਕਲਦੇ ਦੇਸ਼ ਦੇ ਟੁਕੜੇ ਕਰ ਗਏ। ਬਾਬਾ ਜੀ ਦਾ ਨਗਰ ਪਢਾਣਾ ਵੀ ਪਾਕਿਸਤਾਨ ਦੇ ਹਿੱਸੇ ਆ ਗਿਆ। ਫੇਰ ਵੀ ਗਦਰੀ ਬਾਬਿਆਂ ਨੇ ਆਪਣਾ ਸੁਫਨਾ ਪੂਰਾ ਹੋ ਗਿਆ ਸਮਝ ਲਿਆ। 1956 ਵਿਚ ਚਰਨ ਸਿੰਘ ਜੀ ਆਪਣੇ ਪਿੰਡ ਦੀ ਯਾਤਰਾ ਕਰਨ ਲਈ ਤਿਆਰ ਕਰਨ ਲੱਗੇ, ਭਾਵੇਂ ਇਹਨਾਂ ਦੇ ਪ੍ਰਵਾਰ ਅਤੇ ਪਿੰਡ ਦੇ ਸਾਰੇ ਲੋਕ ਪਿੰਡ ਛੱਡ ਕੇ ਹਿੰਦੋਸਤਾਨ ਵੱਲ ਆ ਗਏ ਸਨ ਪਰ ਫੇਰ ਵੀ ਬਾਬਾ ਜੀ ਆਪਣੀ ਜੰਮਣ ਭੌਂ ਦਾ ਦਰਸ਼ਨ ਕਰਨਾ ਚਾਹੁੰਦੇ ਸਨ। ਜਿਸ ਪਿੰਡ ਦੀਆਂ ਗਲੀਆਂ ਵਿਚ ਇਹ ਆਪਣੇ ਹਾਣੀਆਂ ਨਾਲ ਰਹੇ ਉਹ ਖੇਤ ਵੇਖਣਾ ਚਾਹੁੰਦੇ ਸਨ ਜਿਥੇ ਇਹਨਾਂ ਨੇ ਆਪਣੀਆਂ ਮੱਝਾਂ ਗਾਈਆਂ ਚਾਰੀਆਂ। ਪਰ ਇਹਨਾਂ ਦੀ ਮਾਯੂਸੀ ਦੀ ਹੱਦ ਕੋਈ ਨਾ ਰਹੀ ਜਦੋਂ ਪਾਕਿਸਤਾਨ ਸਰਕਾਰ ਨੇ ਇਹਨਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ। ਪਾਕਿਸਤਾਨ ਦੀ ਸਰਕਾਰ ਦਾ ਇਹ ਕਾਇਰ ਰਵੱਈਆ ਤਾਂ ਇਕ ਪਾਸੇ ਰਿਹਾ ਹਿੰਦ ਦੀ ਅਖੌਤੀ ਆਜ਼ਾਦ ਸਰਕਾਰ ਨੇ ਵੀ ਇਹਨਾਂ ਨੂੰ ਤੀਹ ਦਿਨ ਤੋਂ ਜ਼ਿਆਦਾ ਹਿੰਦ ਵਿਚ ਰਹਿਣ ਦੀ ਇਜਾਜ਼ਤ ਨਾ ਦਿਤੀ। ਉਸ ਆਜ਼ਾਦ ਹੋਏ ਹਿੰਦ ਸਰਕਾਰ ਦੇ ਕੁਛ ਉਹ ਵੀ ਕਰਮਚਾਰੀ ਸਨ। ਪ੍ਰਤਾਪ ਸਿੰਘ ਕੈਰੋਂ, ਅਤੇ ਡਾਕਟਰ ਅਨੂਪ ਸਿੰਘ ਵਰਗੇ ਜਿਨ੍ਹਾਂ ਨੂੰ ਅਮਰੀਕਾ ਵਿਚ ਪੜ੍ਹਨ ਆਇਆਂ ਨੂੰ ਇਹ ਗਦਰੀ ਬਾਬੇ ਹਰ ਤਰ੍ਹਾਂ ਦੀ ਮਦਦ ਕਰਦੇ ਰਹੇ ਸਨ। ਇਹ ਸੀ ਦੋਵਾਂ ਸਰਕਾਰਾਂ ਵਲੋਂ ਬਾਬਾ ਜੀ ਦੀ ਇਸ ਕੀਤੀ ਗਈ ਕੁਰਬਾਨੀ ਦਾ ਸਿਰੋਪਾ।

ਜਦੋਂ ਮੈਂ ਪਢਾਣੇ ਸਕੂਲ ਵਿਚ ਪੜ੍ਹਦਾ ਹੁੰਦਾ ਸਾਂ ਤਾਂ ਇਹ ਸੁਣੀਦਾ ਸੀ ਕਿ ਅਮਰੀਕਾ ਵਿਚ ਪਢਾਣੇ ਦੇ ਦੋ ਸਿੰਘ ਕਰਮ ਸਿੰਘ ਭਲਵਾਨ ਅਤੇ ਚਰਨ ਸਿੰਘ ਰਹਿੰਦੇ ਨੇ। ਕਰਮ ਸਿੰਘ ਜੀ ਸਾਡੇ ਪਿੰਡ ਦੇ ਉਘੇ ਭਲਵਾਨ ਕਿੱਕਰ ਸਿੰਘ ਜੀ ਘਣੀਏਕੇ ਦੇ ਸ਼ਗਿਰਦ ਹੁੰਦੇ ਸਨ ਅਤੇ 1947 ਦੇ ਅਖੀਰ 'ਚ ਜਦੋਂ ਉਹ ਹਿੰਦੋਸਤਾਨ ਗਏ ਤਾਂ ਅੰਮ੍ਰਿਤਸਰ ਕਚੈਹਰੀ ਵਿਚ ਆਪਣੀਆਂ ਜਾਇਦਾਦਾਂ ਦੇ ਕਲੇਮ ਭਰਨ ਆਏ ਪਢਾਣੀਆਂ ਨੂੰ ਮਿਲੇ। ਲੱਖ ਰੁਪੈ ਦੇ ਲਗਭਗ ਆਪਣੇ ਉਜੜੇ ਹੋਏ ਪੇਂਡੂਆਂ ਵਿਚ ਉਹਨਾਂ ਵੰਡੇ। ਅਤੇ ਤਰਨਤਾਰਨ ਦੀਆਂ ਪ੍ਰਕਾਕਰਮਾਂ ਵਿਚ ਗਹਿਣੇ ਪਿਆ ਬੁੰਗਾ ਸੱਠ ਹਜ਼ਾਰ ਰੁਪਿਆਂ ਤਾਰ ਕੇ ਪਿੰਡ ਨੂੰ ਦੇ ਦਿਤਾ।

ਅੱਜ 14 ਅਗਸਤ 1985 ਨੂੰ ਐਲ ਸੈਂਟਰੋ, ਕੈਲੇਫੋਰਨੀਆ ਦੇ ਗੁਰਦੁਆਰੇ 'ਚ ਮੈਨੂੰ ਬਾਬਾ ਜੀ ਦਾ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਉਥੇ ਉਹਨਾਂ ਦੇ ਹਾਣ ਦੇ ਹੋਰ ਵੀ ਸਾਥੀ ਬੈਠੇ ਹੋਏ ਸਨ। ਬੜੀਆਂ ਸੁਆਦਲੀਆਂ ਗੱਲਾਂ ਉਹਨਾਂ ਤੋਂ ਸੁਣੀਆਂ। ਹਰਿਮੰਦਰ ਦੀ ਹੋਈ ਬੇਇਜ਼ਤੀ ਤੋਂ ਲੈ ਕੇ ਐਲਸੈਂਟਰੋ ਦੇ ਖੇਤਾਂ ਤਕ ਵਿਚਾਰ ਵਟਾਂਦਰਾ ਸੁਣੇ ਗਏ ਅਤੇ ਫਿਰ ਬਾਬਾ ਜੀ ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਐਨਾ ਜੀ ਮੇਰੇ ਸਾਥੀਆਂ ਸਮੇਤ ਆਪਣੇ ਖੇਤ ਵਾਲੇ ਘਰ ਲੈ ਗਏ। ਜਦੋਂ ਮੈਂ ਉਹਨਾਂ ਨਾਲ ਉਹਨਾਂ ਦੇ ਚਾਚਾ ਜੀ ਮੂਲਾ ਸਿੰਘ ਅਤੇ ਉਹਨਾਂ ਦੇ ਚਾਚੇ ਦੇ ਪੁਤਰ ਭਰਾ ਲਾਭ ਸਿੰਘ ਦੀਆਂ ਗੱਲਾਂ ਕੀਤੀਆਂ ਉਹਨਾਂ ਦੇ ਖੇਤਾਂ ਵਿਚ ਦੀਆਂ ਗੱਲਾਂ ਛੇੜੀਆਂ। ਇਹ ਵੀ ਦਸਿਆ ਕਿ ਉਹਨਾਂ ਦੀ ਭੂਆ ਜੀ ਅਤੇ ਮੇਰੇ ਭੂਆ ਜੀ ਇਕ ਪਿੰਡ ਨਰਵੱੜ ਦਿਰਾਣੀ ਜਠਾਣੀ ਸਨ। ਫੇਰ ਗੱਲਾਂ ਕਰਦਿਆਂ ਕਰਦਿਆਂ ਇਹ ਵੀ ਪਤਾ ਲੱਗਾ ਕਿ ਮੇਰੇ ਭਰਾ ਦਾਹ ਸਹੁਰਾ ਸ. ਸੁਦਾਗਰ ਸਿੰਘ ਬੈਂਕਾਂ ਫਰੈਜਨੋ ਲਾਗੇ ਇਕੱਠੇ ਖੇਤੀ ਕਰਦੇ ਰਹੇ ਸਨ। ਤਾਂ ਐਨਾ ਕੁਛ ਸੁਣ ਕੇ ਬਾਬਾ ਜੀ ਕਹਿਣ ਲੱਗੇ "ਸੁਰਜੀਤ ਅਜ ਤੂੰ ਮੈਨੂੰ ਇਕ ਵਾਰ ਫੇਰ ਪਢਾਣੇ ਦੇ ਸੈਰ ਕਰਾ ਦਿਤੇ ਨੇ। ਐਂ ਲਗਦਾ ਏ ਕਿ ਮੈਂ ਘੜੀ ਦੀ ਘੜੀ ਪਢਾਣੇ ਦੇ ਖੇਤਾਂ ਵਿਚ ਫਿਰ ਆਇਆ ਹਾਂ।

ਉਹਨਾਂ ਦੇ ਘਰ ਦਾ ਵਾਤਾਵਰਣ ਬਿਲਕੁਲ ਪੰਜਾਬੀ ਸੀ। ਬੈਠਕ ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੋਟੋਆਂ ਲਮਕ ਰਹੀਆਂ ਸਨ। ਤੇਜਾ ਸਿੰਘ ਸੁਤੰਤਰ ਜੀ ਦੀ ਫੋਟੋ ਵੀ ਇਕ ਫਰੇਮ ਵਿਚ ਜੜੀ ਰਖੀ ਹੋਈ ਸੀ। ਉਹਨਾਂ ਦਾ ਸਪੁੱਤਰ ਪ੍ਰੀਤਮ ਸਿੰਘ ਬੜੇ ਸੂਝਵਾਨ ਲਗੇ ਪੰਜਾਬ ਅਤੇ ਖਾਸ ਕਰਕੇ ਜੱਟ ਕੌਮ ਦੇ ਇਤਿਹਾਸ ਬਾਰੇ ਉਹ ਬੜੀ ਜਾਣਕਾਰੀ ਰਖਦੇ ਹਨ।

ਬਾਬਾ ਜੀ ਨੇ ਮੈਨੂੰ ਇਹ ਵੀ ਦੱਸਿਆ ਕਿ ਉਹਨਾਂ ਨੇ ਆਪਣੇ ਬੱਚਿਆਂ ਪੋਤਰੇ ਦੋਹਤਿਆਂ ਨੂੰ ਅੰਮ੍ਰਿਤ ਪਾਨ ਤਾਂ ਨਹੀਂ ਸੀ ਕਰਵਾਇਆ ਪਰ ਪਾਹੁਲ ਜ਼ਰੂਰ ਛਕਾਇਆ ਸੀ। ਸਵਰਗਵਾਸੀ ਭਲਵਾਨ ਕਰਮ ਸਿੰਘ ਜੀ ਦੀਆਂ ਜਦੋਂ ਗੱਲਾਂ ਛੇੜੀਆਂ ਤਾਂ ਕਹਿਣ ਲਗੇ ਕਿ ਤੀਹ ਪੈਂਤੀ ਸਾਲ ਉਹ ਦੋਵੇਂ ਪੇਂਡੂ ਇਕੱਠੇ ਰਹੇ ਜੋ ਵੀ ਉਹਨਾਂ ਦੀ ਕਮਾਈ ਦੀ ਬਚਤ ਸੀ ਉਹ ਇਕੱਠੀ ਹੀ ਰਖੀ। ਜਦੋਂ ਸਾਡੇ ਵਿਆਹ ਹੋ ਗਏ ਤਾਂ ਫੇਰ ਅਸੀਂ ਵੱਖੋ ਵੱਖਰੇ ਹੋਏ। ਇਹ ਬੜੀ ਸਤਜੁੱਗੀ ਗਲ ਸੀ। ਇਹਨਾਂ ਦੇਸ਼ਾਂ ਵਿਚ ਰਹਿੰਦੇ ਹੋਣ ਤੇ ਐਨੀ ਭਰਾਤਰੀ ਸਾਂਝ ਨਿਭਾਉਣੀ ਕਿਆਸ ਤੋਂ ਬਾਹਰ ਹੈ।

ਹਿੰਦੋਸਤਾਨ ਦੀ ਤੀਹ ਦਿਨ ਦੀ ਯਾਤਰਾ ਬਾਰੇ ਗਲਾਂ ਕਰਦਿਆਂ ਮੈਨੂੰ ਉਹਨਾਂ 'ਚ ਉਹ ਪਢਾਣੀਆਂ ਵਾਲਾ ਅਣਖੀ ਮਾਦਾ ਫੇਰ ਦਿਸਿਆ ਜਦੋਂ ਉਹਨਾਂ ਦੱਸਿਆ ਕਿ ਪ੍ਰਤਾਪ ਸਿੰਘ ਕੈਰੋਂ ਉਹਨਾਂ ਪਾਸ ਖੜਾ ਸੀ ਪਰ ਉਹਨਾਂ ਨੇ ਉਸਨੂੰ ਬੁਲਾਉਣਾ ਨਹੀਂ ਚਾਹਿਆ ਸੀ ਕਿਉਂਕਿ ਇਸ ਨੇ ਮੇਰੇ ਸਾਥੀਆਂ ਨਾਲ ਬੜੀ ਗਦਾਰੀ ਕੀਤੀ ਹੈ। ਅਮਰੀਕਾ ਵਿਚ ਅਸੀਂ ਇਹਨਾਂ ਦੋਵਾਂ ਭਰਾਵਾਂ ਨੂੰ ਪੜ੍ਹਾਈ ਕਰਾਈ ਅਤੇ ਜੋ ਕੁੱਝ ਵੀ ਹੋ ਸਕਦਾ ਸੀ ਅਸੀਂ ਇਹਨਾਂ ਲਈ ਕੀਤਾ। ਪਰ ਇਹ ਬੰਦਾ ਉਸ ਟੋਲੇ ਵਿਚ ਜਾ ਰਲਿਆ ਜਿਸ ਨੇ ਮੇਰੇ ਸਾਥੀਆਂ ਨੂੰ ਜੇਹਲਾਂ ਵਿਚ ਡੱਕ ਕੇ ਰਖ ਦਿਤਾ।

ਸੋਹਣ ਸਿੰਘ ਜੋਸ਼ ਤੇ ਵੀ ਉਹਨਾਂ ਦਾ ਕੁਛ ਗਿਲਾ ਸੀ ਕਿ ਜਦੋਂ ਅਮਰੀਕਾ ਉਹਨਾਂ ਪਾਸ ਆਏ ਤਾਂ ਉਹਨਾਂ ਨਾਲ ਕਈ ਕਿਸਮ ਦੀਆਂ ਝੜਪਾਂ ਹੋਈਆਂ ਸਨ ਜੋਸ਼ ਜੀ ਨੇ ਉਹਨਾਂ ਨਾਲ ਵਾਅਦਾ ਕੀਤਾ ਸੀ ਕਿ ਜਦੋਂ ਉਹਨਾਂ ਗਦਰਪਾਰਟੀ ਦੇ ਇਤਿਹਾਸ ਦੀ ਕਿਤਾਬ ਤਿਆਰ ਕਰ ਲਈ ਤਾਂ ਇਕ ਕਿਤਾਬ ਉਹ ਉਹਨਾਂ ਨੂੰ ਜ਼ਰੂਰ ਭੇਜੇਗਾ। ਪਰ ਉਹਨਾਂ ਨੂੰ ਕੋਈ ਕਿਤਾਬ ਨਾ ਭੇਜੀ ਗਈ।

ਅਖੀਰ ਉਹਨਾਂ ਦੇ ਸਾਰੇ ਪ੍ਰਵਾਰ ਨੇ ਇਹ ਰੋਸ ਵੀ ਪ੍ਰਗਟ ਕੀਤਾ ਕਿ ਮੈਨੂੰ ਤੀਹ ਸਾਲ ਏਥੇ ਆਏ ਨੂੰ ਹੋ ਗਏ ਹੋਣ ਤੇ ਉਹਨਾਂ ਨੂੰ ਪਹਿਲੀ ਵਾਰ ਮਿਲਣ ਆਵਾਂ

ਐਸ ਤਰ੍ਹਾਂ ਚਾਰ ਘੜੀਆਂ ਅਸੀਂ ਉਹਨਾਂ ਨਾਲ ਪਢਾਣੇ ਦੀਆਂ ਯਾਦਾਂ ਨੂੰ ਤਾਜ਼ਾ ਕਰਕੇ ਉਹਨਾਂ ਤੋਂ ਵਿਦਾ ਹੋਏ ਅਤੇ ਇਹ ਵਾਅਦਾ ਕੀਤਾ ਕਿ ਮੈਂ ਫੇਰ ਵੀ ਜਲਦੀ ਹੀ ਭਵਿਖ ਵਿਚ ਮਿਲਣ ਆਵਾਂਗਾ। ਵਾਪਸ ਆਉਂਦਿਆਂ ਰਾਹ ਵਿਚ ਮੈਂ ਇਸ ਪਢਾਣੀਏ ਬਜ਼ੁਰਗ ਨਾਲ ਪਾਕਿਸਤਾਨ ਅਤੇ ਹਿੰਦੋਸਤਾਨ ਦੀਆਂ ਸਰਕਾਰਾਂ ਦੇ ਸੰਗ-ਦਿਲ ਰਵੱਈਏ ਬਾਰੇ ਸੋਚਦਾ ਆਇਆ ਜਿਨਾਂ ਨੇ ਸਤ-ਸਮੁੰਦਰ ਪਾਰ ਬੈਠੇ ਸਚੇ ਸੁਚੇ ਦੇਸ਼-ਸੇਵਕ ਨੂੰ ਆਪਣੀ ਜ਼ਿੰਦਗੀ ਵਿਚ ਚਾਰ ਦਿਨ ਆਪਣੀ ਜੰਮਣ ਭੌਂ ਵਿਚ ਪੈਰ ਰੱਖਣ ਦੀ ਇਜਾਜ਼ਤ ਨਾ ਦਿਤੀ।

ਇਕ ਪੂਰੀ ਔਰਤ

ਸਾਰਾ ਸ਼ਗੁਫ਼ਤਾ

— ਸੂਰਜ ਦਿਨ ਜੰਮਦਾ ਹੈ, ਮੈਂ ਇਨਸਾਨ ਜੰਮਦੀ ਹਾਂ।
— ਖ਼ੁਦਾ ਨੇ ਕੁਰਾਨ ਲਿਖਿਆ, ਮੈਂ ਇਨਸਾਨ ਲਿਖਿਆ।
— ਮੈਨੂੰ ਕਣਕ ਤੋਂ ਜ਼ਿਆਦਾ ਇਨਸਾਨ ਦੀ ਤਲਾਸ਼ ਹੈ।
— ਮੈਂ ਕਦੇ ਦੀਵਾਰਾਂ 'ਚ ਚਿਣੀ ਗਈ, ਕਦੇ ਬਿਸਤਰ 'ਚ ਚਿਣੀ ਜਾਂਦੀ ਹਾਂ।
— ਕੀ ਔਰਤ ਦਾ ਬਦਨ ਤੋਂ ਜ਼ਿਆਦਾ ਕੋਈ ਵਤਨ ਨਹੀਂ?
— ਸੈਂ ਸਦੀਆਂ ਦੀ ਮਾਂ ਹਾਂ, ਮੇਰੀ ਰਾਤ ਵਿਚ ਦਾਗ਼ ਸਿਰਫ਼ ਚੰਨ ਦਾ ਹੈ।
— ਮੈਂ ਖ਼ਾਮੋਸ਼ ਚੰਨ ਕਦੇ ਨਹੀਂ ਵੇਖਿਆ — ਨਾ ਇਨਸਾਨ ਦੇ ਸਾਹਿਲ ਤੇ, ਨਾ ਜ਼ਮੀਨ ਦੇ ਸਾਹਿਲ ਤੇ।
— ਕੀ ਇਨਸਾਨ ਦੇ ਜਿਸਮ ਵਿਚ ਹੀ ਸਾਰੇ ਰਾਜ਼ ਰਹਿ ਗਏ ਹਨ?
— ਮੈਂ ਨੰਗੀ ਅੱਖ ਨਾਲ ਮਰਦ ਕਮਾਂਦੀ ਹਾਂ, ਮੈਂ ਅਸਮਾਨ ਵੇਚ ਕੇ ਚੰਨ ਨਹੀਂ ਕਮਾਂਦੀ।
— ਕੋਈ ਮੰਦਰ, ਕੋਈ ਮਸਜਿਦ, ਕੋਈ ਗਿਰਜਾ ਇਹੋ ਜਿਹਾ ਨਹੀਂ, ਜਿਥੇ ਮੈਂ ਆਪਣੇ ਕਪੜਿਆਂ ਤੋਂ ਨਫ਼ਰਤ ਧੋ ਸਕਾਂ।
— ਮੇਰਾ ਤਵਾਇਫ਼ੀ ਫ਼ਖ਼ਰ ਇਹ ਹੈ ਕਿ ਮੈਂ ਨਹੀਂ ਜਾਣਦੀ ਕਿ ਮੈਂ ਰਾਤ ਕਿੱਥੇ ਸੌਣਾ ਹੈ, ਤੇ ਕਿਸ ਮਰਦ ਨੇ ਮੇਰੇ ਨਾਲ ਕਹਿਕਹਾ ਲਗਾਣਾ ਹੈ।
— ਅਸੀਂ ਕੈਦ ਵਿਚ ਬੱਚੇ ਜੰਮਦੀਆਂ ਹਾਂ, ਸੋ ਸਾਡੇ ਹਰ ਬੱਚੇ ਦੀਆਂ ਅੱਖਾਂ ਹਰਾਮੀ ਹੁੰਦੀਆਂ ਹਨ।
— ਮੈਂ ਫ਼ਾਨੀ ਹਾਂ ਤੇ ਗੁਨਾਹ ਨੂੰ ਖ਼ੁਦਾ ਮੰਨਦੀ ਹਾਂ।

ਦਿੱਲੀ ਅਕਾਲੀ ਦਲ ਗੰਭੀਰ ਫੁੱਟ ਦਾ ਸ਼ਿਕਾਰ

ਨਵੀਂ ਦਿੱਲੀ — ਅਕਾਲੀ ਦਲ (ਲੌਂਗੋਵਾਲ) ਦੀ ਦਿੱਲੀ ਸਟੇਟ ਇਕਾਈ ਫੁੱਟ ਦਾ ਸ਼ਿਕਾਰ ਹੈ। ਸ. ਓਂਕਾਰ ਸਿੰਘ ਥਾਪਰ ਨੂੰ ਤਿੰਨਾਂ ਵਿਚੋਂ ਇਕ ਜਨਰਲ ਸਕੱਤਰ ਨਿਯੁਕਤ ਕੀਤੇ ਜਾਣ ਦੇ ਮਸਲੇ ਨੂੰ ਲੈ ਕੇ ਚਲ ਰਹੀ ਧੜੇਬੰਦਕ ਲੜਾਈ ਜ਼ੋਰ ਫੜ ਰਹੀ ਹੈ।

ਆਪਣੀ ਹੱਤਿਆ ਆਪਣੀ ਹੱਤਿਆ ਤੋਂ ਥੋੜੇ ਦਿਨ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦਿੱਲੀ ਸਟੇਟ ਅਕਾਲੀ ਦਲ ਦੇ ਤਿੰਨ ਜਨਰਲ ਸਕੱਤਰ ਨਿਯੁਕਤ ਕੀਤੇ ਸਨ ਜਿਨ੍ਹਾਂ ਵਿਚ ਸ. ਪਰ ਪਰਮਜੀਤ ਸਿੰਘ ਸਰਨਾ, ਸ. ਅਵਤਾਰ ਸਿੰਘ ਹਿਤ ਤੇ ਸ. ਓਂਕਾਰ ਸਿੰਘ ਥਾਪਰ ਸ਼ਾਮਲ ਹਨ। ਪਰ ਕਿਉਂਕਿ ਦਿੱਲੀ ਸਟੇਟ ਅਕਾਲੀ ਦਲ ਦੇ ਪ੍ਰਧਾਨ ਪ੍ਰੋ: ਅਜਾਇਬ ਸਿੰਘ ਤੇ ਸ. ਥਾਪਰ ਵਿਚ ਤਿੱਖਾ ਵਿਰੋਧ ਹੈ ਇਸ ਲਈ ਪ੍ਰੋ: ਅਜਾਇਬ ਸਿੰਘ ਨੇ ਕੁਝ ਦੋਸ਼ਾਂ ਦੇ ਆਧਾਰ ਉਤੇ ਸ. ਥਾਪਰ ਨੂੰ ਛੇ ਸਾਲਾਂ ਲਈ ਪਾਰਟੀ ਚੋਂ ਕੱਢ ਦਿਤਾ ਸੀ। ਪਰ ਇਸ ਦੇ ਉਲਟ ਅਕਾਲੀ ਦਲ ਸਕੱਤਰ ਜਨਰਲ ਸ. ਬਨਵੰਤ ਸਿੰਘ ਰਾਮੂਵਾਲੀਆ ਨੇ ਬਾਅਦ ਵਿਚ ਇਕ ਬਿਆਨ ਦੇ ਕੇ ਕਿਹਾ ਸੀ ਕਿ ਸ. ਥਾਪਰ, ਜਿਨ੍ਹਾਂ ਨੂੰ ਸਵਰਗੀ ਸੰਤ ਲੌਂਗੋਵਾਲ ਨੇ ਜਨ ਜਨਰਲ ਸਕੱਤਰ ਥਾਪਿਆ ਸੀ, ਆਪਣੇ ਅਹੁਦੇ ਉਤੇ ਬਰਕਰਾਰ ਰਹਿਣਗੇ ਤੇ ਪ੍ਰੋ: ਅਜਾਇਬ ਸਿੰਘ ਨੂੰ ਉਨ੍ਹਾਂ ਨੂੰ ਪਾਰਟੀ 'ਚੋਂ ਕੱਢਣ ਦਾ ਕੋਈ ਅਧਿਕਾਰ ਨਹੀਂ।

ਇਸ਼ ਦੇ ਨਾਲ ਹੀ ਦਿੱਲੀ ਅਕਾਲੀ ਦਲ ਦੇ 25 ਵਿਚੋਂ 15 ਐਗਜ਼ੇਕਟਿਵ ਕਮੇਟੀ ਮੈਂਬਰਾਂ ਨੇ ਇਕ ਸਾਂਝਾ ਬਿਆਨ ਜਾਰੀ ਕਰਕੇ ਪ੍ਰੋ: ਅਜਾਇਬ ਸਿੰਘ ਦੀ ਕਾਰਵਾਈ ਦੀ ਨਿਖੇਧੀ ਕੀਤੀ ਸੀ। ਬਿਆਨ ਵਿਚ ਕਿਹਾ ਗਿਆ ਸੀ ਕਿ ਅਕਾਲੀ ਦਲ ਦੇ ਸੰਵਿਧਾਨ ਦੀ ਧਾਰਾ 28 ਅਧੀਨ ਕੇਵਲ ਵਰਕਿੰਗ ਕਮੇਟੀ ਹੀ ਸ. ਥਾਪਰ ਨੂੰ ਪਾਰਟੀ ਵਿਚੋਂ ਕੱਢਣ ਦਾ ਅਧਿਕਾਰ ਰਖਦੀ ਹੈ। ਬਿਆਨ ਉਤੇ ਦਸਤਖਤ ਕਰਨ ਵਾਲਿਆਂ ਵਿਚ ਸੀਨੀਅਰ ਮੀਤ ਪ੍ਰਧਾਨ ਪ੍ਰੋ: ਜਸਪਾਲ ਸਿੰਘ, ਦੋ ਮੀਤ ਪ੍ਰਧਾਨਾਂ ਗਿਆਨੀ ਭਜਨ ਸਿੰਘ, ਸ. ਜੀ. ਐਸ. ਗਿੱਲ, ਜਨਰਲ ਸਕੱਤਰ ਸ. ਅਵਤਾਰ ਸਿੰਘ ਹਿਤ, ਤੇ ਜਾਇੰਟ ਸਕੱਤਰ ਸ. ਕੁਲਦੀਪ ਸਿੰਘ ਭੋਗਲ ਸ਼ਾਮਲ ਹਨ। ਹਾਲ ਵਿਚ ਹੀ ਦਿੱਲੀ ਅਕਾਲੀ ਦਲ ਦੇ ਕੁਝ ਮੈਂਬਰਾਂ ਨੇ ਅਕਾਲੀ ਦਲ ਹਾਈ ਕਮਾਂਡ ਨੂੰ ਇਕ ਯਾਦ ਪੱਤਰ ਦੇ ਕੇ ਪ੍ਰੋ: ਅਜਾਇਬ ਸਿੰਘ ਨੂੰ ਪ੍ਰਧਾਨਗੀ ਤੋਂ ਹਟਾਉਣ ਦੀ ਮੰਗ ਕੀਤੀ ਸੀ।

ਰਾਗੀ ਦੀ ਲਾਸ਼ ਮਿਲੀ

ਨਵੀਂ ਦਿੱਲੀ — ਗੁਰਦੁਆਰਾ ਬੰਗਲਾ ਸਾਹਿਬ ਵਿਚ ਸੇਵਾ ਕਰਦੇ ਜਗਜੀਤ ਸਿੰਘ ਰਾਗੀ ਦੀ ਗੁਰਦੁਆਰਾ ਕੰਪਲੈਕਸ ਦੇ ਇਕ ਕਮਰੇ ਵਿਚ ਲਾਸ਼ ਮਿਲੀ। ਜਗਜੀਤ ਸਿੰਘ ਰਾਗੀ (50) ਪਿਛਲੇ 15 ਸਾਲਾਂ ਤੋਂ ਗੁਰਦੁਆਰੇ ਵਿਚ ਸੇਵਾ ਕਰ ਰਹੇ ਸਨ। ਇਸੇ ਦੌਰਾਨ ਇਕ ਹੋਰ ਘਟਨਾ ਵਿਚ ਉਤਰੀ ਦਿਲੀ ਦੇ ਕਸ਼ਮੀਰੀ ਗੇਟ ਵਿਖੇ ਇਕ ਹੋਟਲ ਵਿਚੋਂ ਪੱਚੀ ਸਾਲਾ ਔਰਤ ਦੀ ਲਾਸ਼ ਮਿਲੀ। ਪੁਲੀਸ ਅਨੁਸਾਰ ਬਲਵੰਤ ਸਿੰਘ (28) ਨਾਂ ਦਾ ਵਿਅਕਤੀ ਅਤੇ ਨਸੀਬ ਕੌਰ 25 ਅਕਤੂਬਰ ਨੂੰ ਹੋਟਲ ਵਿਚ ਠਹਿਰੇ। ਉਹ ਦੋਵੇਂ ਜਲੰਧਰ ਤੋਂ ਆਏ ਸਨ।

ਇੰਦਰਾ ਕੇਸ 'ਚ ਚੌਥੇ ਗਵਾਹ ਵਲੋਂ ਕੁਝ ਕਹਿਣ ਤੋਂ ਨਾਂਹ

ਨਵੀਂ ਦਿੱਲੀ — ਇੰਦਰਾ ਕਤਲ ਕੇਸ ਦੀ ਸੁਣਵਾਈ ਦੌਰਾਨ ਸ੍ਰੀ ਸਥਿਤੀ ਉਸ ਵੇਲੇ ਬੜੀ ਦਿਲਚਸਪ ਹੋ ਗਈ ਜਦੋਂ ਅਡੀਸ਼ਨਲ ਇਸਤਗਾਸਾ ਗਵਾਹ ਸਰਦੂਲ ਸਿੰਘ ਨੇ ਕਹਿ ਦਿਤਾ ਕਿ ਉਸ ਨੂੰ ਇਸ ਕੇਸ ਬਾਰੇ ਕੋਈ ਪਤਾ ਨਹੀਂ ਹੈ। ਸਫਾਈ ਦੇ ਵਕੀਲ ਸ੍ਰੀ ਪੀ. ਪੀ. ਗਰੋਵਰ ਦੇ ਰਾਹੀਂ ਦਿੱਤੀ ਅਰਜ਼ੀ ਵਿਚ ਸਰਦੂਲ ਸਿੰਘ ਨੇ ਸਪੈਸ਼ਲ ਜੱਜ ਮਹੇਸ਼ ਚੰਦਰ ਨੂੰ ਬੇਨਤੀ ਕੀਤੀ ਕਿ ਗਵਾਈ ਲਈ ਉਸ ਨੂੰ ਸੰਮਨ ਨਾ ਜਾਰੀ ਕੀਤੇ ਜਾਣ।

ਚਾਰ ਗਵਾਹਾਂ ਵਿਚੋਂ ਸਿਰਫ ਸਰਦੂਲ ਸਿੰਘ ਹੀ ਬਾਕੀ ਸੀ ਜਿਸ ਨੇ ਅਦਾਲਤ ਵਿਚ ਪੇਸ਼ ਹੋ ਕੇ ਬਿਆਨ ਦੇਣੇ ਸਨ। ਪੰਜਾਬੀ ਪੈਂਫਲਟ "ਇੰਦਰਾ ਦੇ ਸਿੱਖ" ਪ੍ਰਕਾਸ਼ਤ ਕਰਨ ਵਾਲੇ ਸਰਦੂਲ ਸਿੰਘ ਨੇ ਕਿਹਾ ਕਿ ਉਹ ਅਦਾਲਤ ਵਿਚ ਬਤੌਰ ਗਵਾਹ ਪੇਸ਼ ਨਹੀਂ ਹੋਣਾ ਚਾਹੁੰਦਾ ਕਿਉਂਕਿ ਪੁਲੀਸ ਨੇ ਮੈਜਿਸਟਰੇਟ ਦੇ ਸਾਹਮਣੇ ਪਹਿਲਾਂ ਹੀ ਉਸ ਦੇ ਬਿਆਨ 'ਜਬਰੀ' ਦਰਜ ਕਰਵਾ ਲਏ ਸਨ। ਆਪਣੀ ਮਰਜ਼ੀ ਵਿਚ ਸਰਦੂਲ ਸਿੰਘ ਨੇ ਕਿਹਾ ਹੈ ਕਿ ਮੈਜਿਸਟਰੇਟ ਅੱਗੇ ਦਿਤਾ ਗਿਆ ਬਿਆਨ ਗਲਤ ਹੈ ਤੇ ਇਹ ਬਿਆਨ ਉਸ ਨੇ ਆਪਣੀ ਮਰਜ਼ੀ ਨਾਲ ਨਹੀਂ ਦਿਤਾ। ਉਸ ਨੇ ਅਰ ਅਰਜ਼ੀ ਵਿਚ ਇਹ ਵੀ ਕਿਹਾ, "ਮੈਨੂੰ ਪੁਲੀਸ ਵਾਲਿਆਂ ਨੇ ਧਮਕੀਆਂ ਦਿੱਤੀਆਂ ਹਨ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਅਨੁਸਾਰ ਬਿਆਨ ਨਾ ਦਿਤੇ ਤਾਂ ਮੇਰੇ ਪਰਿਵਾਰ ਨੂੰ ਤੇ ਮੈਨੂੰ ਬਰਬਾਦ ਕਰ ਦਿ ਤਾ ਜਾਵੇਗਾ। ਕਿਰਪਾ ਕਰਕੇ ਮੇਰੀ ਅਤੇ ਮੇਰੇ ਪਰਿਵਾਰ ਦੀ ਹਿਫਾਜ਼ਤ ਕੀਤੀ ਜਾ ਜਾਵੇ।"

ਨਵੀਂ ਵਿਦਿਅਕ ਨੀਤੀ ਉਤੇ ਮੁਕੰਮਲ ਗੌਰ ਦੀ ਮੰਗ

ਪਟਿਆਲਾ — ਪੰਜਾਬ ਦੇ ਮਾਨਤਾ ਪ੍ਰਾਪਤ ਸਕੂਲਾਂ ਦੀ ਟੀਚਰਜ਼ ਯੂਨੀਅਨ ਨੇ ਮੰਗ ਕੀਤੀ ਹੈ ਕਿ ਰਾਜ ਵਿਚ ਦਸ ਜਮ੍ਹਾਂ ਦੋ ਵਿਦਿਅਕ ਪ੍ਰਧਾਂਲੀ ਲਾਗੂ ਕਰਨ ਤੂੰ ਪਹਿਲਾਂ ਇਸ ਦੇ ਸਾਰੇ ਪੱਖਾਂ ਉਤੇ ਵਿਚਾਰ ਕਰਨ ਲਈ ਇਕ ਸਰਵੇ ਕਮੇਟੀ ਕਾਇਮ ਕੀਤੀ ਜਾਵੇ ਜਿਸ ਵਿਚ ਉਦਯੋਗ, ਖੇਤੀਬਾੜੀ, ਛੋਟੇ ਘਰੇਲੂ ਉਦਯੋਗਾਂ ਅਤੇ ਦੂਜੇ ਕਿੱਤੇ ਦੇ ਮਾਹਿਰਾਂ ਨੂੰ ਸ਼ਾਮਲ ਕੀਤਾ ਜਾਵੇ। ਇਸ ਕਮੇਟੀ ਨੂੰ ਇਸ ਗੱਲ ਦਾਹ ਪਤਾ ਲਾਉਣਾ ਚਾਹੀਦਾ ਹੈ ਕਿ ਕਿਹੜੇ ਕਿੱਤੇ ਵਿਦਿਆਰਥੀਆਂ ਲਈ ਰੁਜ਼ਗਾਰ ਦੇਣ ਵਿਚ ਵੱਧ ਲਾਹੇਵੰਦ ਸਾਬਤ ਹੋ ਸਕਦੇ ਹਨ। ਯੂਨੀਅਨ ਨੇ ਰਾਜ ਵਿਚ ਨਵੇਂ ਮਾਡਲ ਸਕੂਲ ਖੋਲ੍ਹਣ ਦੀ ਸਰਕਾਰੀ ਨੀਤੀ ਉਤੇ ਵੀ ਕਿੰਤੂ ਕੀਤਾ ਹੈ ਤੇ ਕਿਹਾ ਕਿ ਇਸ ਤੋਂ ਪਹਿਲਾਂ ਰਾਜ ਵਿਚ ਚਲਦੇ 2500 ਤੋਂ ਵੱਧ ਸਕੂਲਾਂ ਵਿਚ ਮੁਢਲੀਆਂ ਵਿਦਿਅਕ ਸਹੂਲਤਾਂ ਦਿਤੀਆਂ ਜਾਣੀਆਂ ਜ਼ਰੂਰੀ ਹਨ।

ਯੇਹ ਜੋ ਉਠ ਰਹਾ ਹੈ, ਧੂੰਆਂ ਖਿੜਕੀ ਸੇ,
ਤਨ ਕਿਸੀ ਬੇਟੀ ਕਾ ਜਲ ਰਹਾ ਹੋਗਾ।

ਯੂੰਹੀ ਨਹੀਂ ਰੋਯਾ ਵੋ ਮਿਲਕਰ ਮੁਝਸੇ,
ਦੁਖਤੀ ਰਗ ਕੋ ਮੈਂਨੇ ਛੂ ਦੀਯਾ ਹੋਗਾ।

ਵਰਤਮਾਨ ਵਾਰਿਸ

ਤੋਤਾ ਰਾਮ ਚੀਮਾ

ਐ ਵਰਤਮਾਨ ਯੁਗ ਦੇ ਵਾਰਿਸ ਨੌ-ਜਵਾਨ,
ਇਤਿਹਾਸ ਦੇ ਪੰਨਿਆਂ 'ਤੇ,
ਭਵਿੱਖ ਵਿਚ ਹੋਵੇਗਾ,
ਤੇਰੇ ਕਰਤੱਵਾਂ ਦਾ ਵਰਨਣ॥
ਇਸ ਲਈ :—
ਤੂੰ,
ਮਨੁੱਖ ਬਣ, ਆਦਰਸ਼, ਸਦਾਚਾਰੀ, ਸ਼ਿਸ਼ਟਾਚਾਰੀ,
ਪਰਉਪਕਾਰੀ॥
ਅੰਦਰੋਂ ਆਪਣੇ ਕੱਢ ਦੇ,
ਮੈਲਾ ਲਾਲਚ, ਈਰਖਾ,
ਖੁਦ-ਗਰਜ਼ੀ ਤੇ ਹਿੰਸਾ॥

ਆਗਿਆਕਾਰ ਬਣ।
ਪ੍ਰੇਰਣਾ-ਪ੍ਰਕਾਸ਼ ਹਾਸਿਲ ਕਰ,
ਬੌਧਿਕਤਾ, ਅਧਿਆਤਮ ਭਰੇ,
ਵਡੇਰਿਆਂ ਦੇ ਗ੍ਰੰਥਾਂ 'ਚੋਂ॥
ਯੋਧਾ, ਵਿਦਵਾਨ ਬਣ॥
ਬਿਕ੍ਰਮਾਦਿੱਤ, ਅਸ਼ੋਕ, ਪੋਰਸ,
ਭਰਤ, ਅਰਜੁਨ, ਸ਼ਿਵਾ ਜਿਹਾ,
ਗੋਬਿੰਦ, ਰਾਣਾ ਪ੍ਰਤਾਪ ਜਿਹਾ॥

ਮਧੁਰ, ਨਿਮਰ ਬਾਣੀ,
ਵਧਾਉਂਦੀ ਹੈ, ਆਪਣਾ ਹੀ ਗੌਰਵ,
ਉਪਜਾਉਂਦੀ ਹੈ, ਆਨੰਦ ਸੁੱਖ ਤੇ ਪ੍ਰਸੰਨਤਾ॥
ਇਸ ਲਈ :
ਵਿਵੇਕ ਵ ਹੁਨਰਾਂ ਨਾਲ,
ਸਾਜ ਉਹ 'ਕਲਾ-ਕ੍ਰਿਤੀਆਂ'
ਕਿ 'ਸੁੰਦਰ-ਦ੍ਰਿਸ਼' ਬਣ ਜਾਏ
ਸਮੁੱਚੀ 'ਧਰਤੀ ਦਾ ਮੰਚ'
ਕਿ
ਮਿਲ ਸਕੇ ਤੈਨੂੰ ਸ਼ਰਧਾ ਤੇ ਮਾਣ
ਐ ਨੌ ਜਵਾਨ॥

ਕਾਨ੍ਹਪੁਰ ਵਿਚ ਬੈਂਕ ਡਾਕਾ ਲੁਟੇਰੇ ਤਿੰਨ ਲਖ ਲੈ ਗਏ

ਕਾਨਪੁਰ, — ਛੇ ਤੋਂ ਵੱਧ ਹਥਿਆਰਬੰਦ ਜਵਾਨਾਂ ਨੇ ਅਜ ਸਵੇਰੇ ਏਥੇ ਯੂਨਾਈਟਿਡ ਕਮਰਸ਼ੀਅਲ ਬੈਂਕ ਤੇ ਧਾਵਾ ਬੋਲ ਦਿਤਾ ਅਤੇ ਤਿੰਨ ਲੱਖ ਰੁਪੈ ਲੈ ਕੇ ਤਿੱਤਰ ਹੋ ਗਏ। ਇਹ ਬੈਂਕ ਆਰੀਆ ਨਗਰ ਵਿਚ ਹੈ।

ਧਾੜਵੀ ਕੇਸ਼ ਖਾਤਾ ਬੰਦ ਹੋਣ ਤੋਂ ਕੋਈ ਇਕ ਘੰਟਾ ਪਹਿਲਾਂ ਗਾਹਕਾਂ ਵਜੋਂ ਆਏ ਅਤੇ ਏਧਰ ਓਧਰ ਘੁੰਮਦੇ ਰਹੇ ਅਤੇ ਫੇਰ ਬੈਂਕ ਮੈਨੇਜਰ ਤੇ ਕੈਸ਼ੀ- ਤੋਂ ਗੋਲੀ ਦੀ ਨੋਕ ਤੇ ਚਾਬੀਆਂ ਲੈ ਕੇ ਤਿੰਨ ਲੱਖ ਰੁਪੈ ਕਢਕੇ ਭੱਜ ਗਏ। ਉਹਨਾਂ ਨੇ ਗਾਹਕਾਂ ਤੇ ਸਟਾਫ ਨੂੰ ਵੀ ਸਟਰਾਂਗ ਰੂਮ ਵਿਚ ਬੰਦ ਕਰ ਦਿਤਾ। ਦਸਿਆ ਜਾਂਦਾ ਹੈ ਕਿ ਧਾੜਵੀ ਚਿੱਟੀ ਐਮਬੈਸੇਡਰ ਕਾਰ ਵਿਚ ਆਏ। ਪੁਲਸ ਪੁਛ-ਪੜਤਾਲ ਕਰ ਰਹੀ ਹੈ।

ਦੀਵਾਲੀ ਮੁਬਾਰਕ!

ਸਾਡਾ ਵਿਰਸਾ ਸਾਡਾ ਗੌਰਵ

ਵਿਸ਼ੇਸ਼ ਪੰਨਾ -

ਦਰੀਆਂ ਵਿਚ ਲੋਕ-ਕਲਾ

ਦਿਲਜੀਤ ਕੌਰ ਕੰਗ

ਪੰਜਾਬ ਅਤੇ ਹਰਿਆਣਾ ਦੇ ਪਿੰਡਾਂ ਦੀਆਂ ਸੁਆਣੀਆਂ ਨੂੰ ਕਿਸੇ ਸੰਸਥਾ ਜਾਂ ਸਕੂਲ ਵਿਚ ਕਲਾ ਜਾਂ ਕਰਾਫਟ ਦੀ ਸਿਖਲਾਈ ਨਹੀਂ ਮਿਲਦੀ ਪਰ ਉਨ੍ਹਾਂ ਦੇ ਘਰਾਂ ਵਿਚ ਮੌਲਿਕ ਕਲਾ ਦੇ ਅਜਿਹੇ ਨਮੂਨੇ ਦੇਖਣ ਵਿਚ ਆਉਂਦੇ ਹਨ ਜਿਨ੍ਹਾਂ ਨੂੰ ਬੜੇ ਗੌਰਵ ਨਾਲ ਕਲਾਮਈ ਵਸਤੂਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਸੂਚੀ ਅਧੀਨ ਹੀ ਘਰ ਬੁਣੀਆਂ ਦਰੀਆਂ ਵਿਚ ਲੋਕ-ਕਲਾ ਦੀ ਰਚਨਾਤਮਕ ਪ੍ਰਕ੍ਰਿਆ ਦਾ ਆਪਣਾ ਇਕ ਨਵੇਕਲਾ ਸਥਾਨ ਹੈ।

ਆਮ ਤੌਰ 'ਤੇ "ਸੂਤੀ ਗਲੀਚੇ" ਨੂੰ ਦਰੀ ਕਿਹਾ ਜਾਂਦਾ ਹੈ ਅਤੇ ਪੰਜਾਬ ਅਤੇ ਹਰਿਆਣਾ ਦੇ ਹਰ ਪਿੰਡ ਵਿਚ ਨਾਰੀਆਂ ਨਿੱਤ ਦੀ ਵਰਤੋਂ ਲਈ ਦਰੀਆਂ ਬੁਣਦੀਆਂ ਹਨ ਅਤੇ ਇਹ ਕੰਮ ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿੰਦੇ ਕਈ ਘਰਾਂ ਵਿਚ ਵੀ ਕੀਤਾ ਜਾਂਦਾ ਹੈ। ਸੂਤੀ ਗਲੀਚੇ ਜਾਂ ਦਰੀਆਂ ਆਕਾਰ ਵਿਚ ਵੱਡੀਆਂ ਛੋਟੀਆਂ ਹੁੰਦੀਆਂ ਹਨ ਪਰ ਆਮ ਤੌਰ ਤੇ ਦਰੀ ਇਕ ਚਾਰਪਾਈ ਉੱਤੇ ਵਿਛਾਉਣ ਦੇ ਸਾਈਜ਼ ਦੀ ਬਣੀ ਹੁੰਦੀ ਹੈ। ਅੰਗਰੇਜ਼ਾਂ ਵੇਲੇ ਜੇਲਾਂ ਵਿਚ ਦਰੀਆ ਦੀ ਬੁਣਾਈ ਆਰੰਭ ਕਰਵਾਉਣ ਤੋਂ ਪਹਿਲਾਂ ਦਰੀ ਬਾਜ਼ਾਰ ਵਿਚ ਨਹੀਂ ਸੀ ਮਿਲਦੀ ਹੁੰਦੀ ਸਗੋਂ ਹਰ ਘਰ ਆਪਣੀ ਲੋੜ ਅਨੁਸਾਰ ਆਪ ਦਰੀਆਂ ਬੁਣਦਾ ਸੀ। ਲੜਕੀ ਦੇ ਵਿਆਹ ਸਮੇਂ ਉਸ ਨੂੰ ਦਾਜ ਵਿਚ ਘਰ ਦੀ ਸਮਰੱਥਾ ਅਨੁਸਾਰ ਦਰੀਆਂ ਦੇਣ ਦੀ ਪ੍ਰਥਾ ਸੀ ਅਤੇ ਇਹ ਪ੍ਰਥਾ ਅੱਜ ਵੀ ਪ੍ਰਚਲਿੱਤ ਹੈ।

ਦਰੀਆਂ ਬਨਾਉਣ ਲਈ ਸੂਤ ਰੰਗਣ ਦੇ ਪੁਰਾਤਨ ਰਵਾਇਤੀ ਢੰਗ ਦੀ ਜਗ੍ਹਾ ਹੁਣ ਕਾਰਖਾਨਿਆਂ ਦੀ ਰੰਗਾਈ ਨੇ ਲੈ ਲਈ। ਰੰਗਾਂ ਦੀ ਸਥਾਨਕ ਵਿਸ਼ੇਸ਼ਤਾ ਅਤੇ ਪਸੰਦ ਦੇ ਬਾਵਜੂਦ ਮੁੱਖ ਤੌਰ ਤੇ ਨੀਲਾ, ਕਾਲਾ, ਲਾਲ, ਪੀਲਾ ਅਤੇ ਸਫੈਦ ਰੰਗ ਵਰਤੇ ਜਾਂਦੇ ਹਨ।

ਦਰੀ ਬੁਣਨਾ ਨਿਰੋਲ ਦਸਤਕਾਰੀ ਹੀ ਨਹੀਂ ਇਕ ਕਲਾਤਮਕ ਕੰਮ ਵੀ ਹੈ ਅਤੇ ਕਈ ਵੇਰ ਧਿਆਨ, ਰੀਝ ਅਤੇ ਪਿਆਰ ਨਾਲ ਬੁਣੀ ਦਰੀ ਇਕ ਕਲਾ ਕਿਰਤ ਬਣ ਜਾਂਦੀ ਹੈ। ਪਿੰਡਾਂ ਦੀਆਂ ਨਾਰੀਆਂ ਦਰੀਆਂ ਬੁਣਨ ਵਿਚ ਬਹੁਤ ਪ੍ਰਬੀਨ ਹੁੰਦੀਆਂ ਹਨ। ਉਨ੍ਹਾਂ ਦਾ ਮਨੋਰਥ ਸਿਰਫ ਘਰ ਦੀ ਵਰਤੋਂ ਲਈ ਦਰੀਆਂ ਬੁਣਨਾਂ ਹੀ ਨਹੀਂ ਹੁੰਦਾ ਸਗੋਂ ਇਨ੍ਹਾਂ ਵਿਚ ਰੰਗ ਬਰੰਗੇ ਸੂਤ ਨਾਲ ਸੁੰਦਰ ਨਮੂਨੇ ਬੁਣ ਕੇ ਇਕ ਕਲਾਮਈ ਰੂਪ ਦੇਣਾ ਵੀ ਹੈ। ਇਨ੍ਹਾਂ ਦਰੀਆਂ ਵਿਚ ਅਜਿਹੇ ਕਲਾਮਈ ਡਜ਼ਾਇਨ ਦੇਖਣ ਵਿਚ ਆਉਂਦੇ ਹਨ ਕਿ ਟੈਕਸਟਾਈਲ ਡੀਜ਼ਾਈਨ ਦੇ ਕਲਾਕਾਰ ਵੀ ਦੰਗ ਰਹਿ ਜਾਂਦੇ ਹਨ। ਵੱਖ ਵੱਖ ਡੀਜ਼ਾਈਨਾਂ ਦੇ ਵੱਖ ਵੱਖ ਨਾਂ ਵੀ ਨਾਰੀਆਂ ਆਪ ਹੀ ਰੱਖ ਲੈਂਦੀਆਂ ਹਨ। ਇਸ ਸਬੰਧ ਵਿਚ ਦਰੀ ਅਤੇ ਗਲੀਚੇ ਵਿਚ ਅੰਤਰ ਨੂੰ ਨਜ਼ਰ ਰਖਣਾ ਜ਼ਰੂਰੀ ਹੈ ਕਿਉਂਕਿ ਦਰੀ ਪੰਜਾਬੀ ਜੀਵਨ ਵਿਚ ਇਕ ਨਿੱਤ ਦੇ ਸਾਧਾਰਣ ਵਰਤੋਂ ਦੀ ਵਸਤੂ ਹੈ ਪਰ ਗਲੀਚੇ ਦੀ ਵਰਤੋਂ ਕੇਵਲ ਅਮੀਰ ਵਰਗ ਤਕ ਹੀ ਸੀਮਿਤ ਹੈ।

ਜਦੋਂ ਦਰੀ ਦਾ ਉਤਪਾਦਨ ਵਪਾਰ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਜਾਂਦਾ ਹੈ ਤਾਂ ਉਹ ਨਿਰੋਲ ਦਸਤਕਾਰੀ ਬਣ ਜਾਂਦੀ ਹੈ ਪਰ ਜਦੋਂ ਇਸ ਨੂੰ ਘਰ ਦੀ ਵਰਤੋਂ ਦੀ ਲੋੜ ਅਨੁਸਾਰ ਸੁਆਣੀਆਂ ਆਪ ਬੁਣਦੀਆਂ ਹਨ ਤਾਂ ਇਕ ਕਲਾਮਈ ਲੋਕ-ਕਲਾ ਦਾ ਰੂਪ ਲੈ ਲੈਂਦੀ ਹੈ।



ਸ਼ੇਰ ਨੂੰ ਸ਼ੈਲੀਗਤ ਰੂਪ ਵਿਚ ਪ੍ਰਦਰਸ਼ਿਤ ਕਰਦਾ ਦਰੀ ਦਾ ਇਕ ਨਮੂਨਾ

ਦਰੀ ਬੁਣਨ ਲਈ ਬੜੇ ਸਾਧਾਰਣ ਯੰਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਨੂੰ 'ਘੋੜੀ' ਕਹਿੰਦੇ ਹਨ। ਇਹ ਇਕ ਅਜਿਹਾ ਚੌਖਟਾ ਹੁੰਦਾ ਹੈ ਜਿਸ ਦੇ ਲੰਬੇ ਪਾਸੇ ਦੇ ਸਿਰਿਆਂ ਨਾਲ ਘਰ ਕੱਤੇ ਸੂਤ ਦੀ ਤਾਣੀ ਤਣ ਦਿੱਤੀ ਜਾਂਦੀ ਹੈ। ਅਤੇ ਫਿਰ ਕੱਪੜਾ ਬੁਣਨ ਦੀ ਸਾਧਾਰਣ ਤਕਨੀਕ ਅਨੁਸਾਰ ਚੌੜੇ ਰੁੱਖ ਸੂਤ ਦੇ ਧਾਗਿਆਂ ਨੂੰ ਡੀਜ਼ਾਈਨ ਦੀ ਲੋੜ ਅਨੁਸਾਰ ਲੰਘਾਇਆ ਜਾਂਦਾ ਹੈ ਅਤੇ ਨਾਲ ਹੀ ਨਾਲ ਪੰਜੇ ਦੀ ਸਹਾਇਤਾ ਨਾਲ ਗੁੰਦਵਾ ਰੱਖਿਆ ਜਾਂਦਾ ਹੈ। ਘੋੜੀ ਉੱਤੇ ਦਰੀ ਬੁਣਨ ਦਾ ਕੰਮ ਦੋ ਜਾਂ ਦੋ ਤੋਂ ਵੱਧ ਔਰਤਾਂ ਇਕੱਠੀਆਂ ਹੀ ਕਰਦੀਆਂ ਹਨ।

ਦਰੀ ਨੂੰ ਕਲਾਤਮਕ ਰੰਗ ਦੇਣ ਲਈ ਇਸ ਵਿਚ ਕਈ ਪ੍ਰਕਾਰ ਦੇ ਸਜਾਵਟੀ ਨਮੂਨੇ ਪ੍ਰਯੋਗ ਹੁੰਦੇ ਹਨ। ਪਰ ਪ੍ਰਮੁੱਖ ਰੂਪ ਵਿਚ ਇਨ੍ਹਾਂ ਨਮੂਨਿਆਂ ਨੂੰ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ ਜਿਵੇਂ ਰੇਖਾ ਗਣਿਤ, ਬੇਲ ਬੂਟੇ, ਅਤੇ ਆਕ੍ਰਿਤੀਆਂ ਉੱਤੇ ਆਧਾਰਿਤ ਡੀਜ਼ਾਈਨ। ਇਨ੍ਹਾਂ ਨਮੂਨਿਆਂ ਦਾ ਸੰਯੋਜਨ ਬੜਾ ਸਾਦਾ ਸਪਸ਼ਟ ਅਤੇ ਸੰਤੁਲਨਾਤਮਕ ਹੁੰਦਾ ਹੈ ਅਤੇ ਡੀਜ਼ਾਈਨ ਦਾ ਹਰ ਤੱਤ ਸਮੁਚੀ ਬਣਤਰ ਨਾਲ ਸੁਮੇਲ ਰੱਖਦਾ ਹੈ। ਸਾਧਾਰਣ ਤੌਰ ਤੇ ਦਰੀ ਵਿਚ ਇਕ ਜਾਂ ਇਕ ਤੋਂ ਵੱਧ ਬਾਰਡਰ ਹੁੰਦੇ ਹਨ ਅਤੇ ਇਨ੍ਹਾਂ ਦੇ ਅੰਦਰ ਵਾਲੇ ਭਾਗ ਵਿਚ ਪ੍ਰਮੁੱਖ ਨਮੂਨੇ ਬਣਾਏ ਜਾਂਦੇ ਹਨ ਜਿਨ੍ਹਾਂ ਵਿਚ ਬੇਲ ਬੂਟੇ, ਪਸ਼ੂ ਪੰਛੀ, ਮੱਛੀਆਂ, ਮਨੁੱਖੀ ਆਕ੍ਰਿਤੀਆਂ ਅਤੇ ਕਈ ਵਾਰ ਐਬਸਟੈਕਟ ਡਿਜ਼ਾਈਨ ਵੀ ਬਣਾਏ ਜਾਂਦੇ ਹਨ।

ਅੱਜ ਕੱਲ੍ਹ ਪ੍ਰਚੱਲਿਤ ਬਹੁਤੇ ਡਿਜ਼ਾਇਨਾਂ ਵਿਚ ਪਸ਼ੂ ਅਤੇ ਪੰਛੀਆਂ ਦੇ ਜੋੜਿਆਂ ਨੂੰ ਮੂੰਹ ਜੋੜੀ ਜਾਂ ਪਿੱਠ ਜੋੜੀ ਖੜ੍ਹੇ ਵਿਖਾਇਆ ਜਾਂਦਾ ਹੈ ਜਿਵੇਂ ਤੋਤੇ, ਮੁਰਗੇ, ਚਿੜੀਆਂ, ਖਰਗੋਸ਼ ਅਤੇ ਕੁੱਤੇ, ਬੱਤਖ ਆਦਿ। ਕਈ ਵਾਰੀ ਸਮੁੱਚੀ ਦਰੀ ਉੱਤੇ ਵੱਡੇ ਆਕਾਰ ਵਿਚ ਕੇਵਲ ਇਕ ਹੀ ਆਕ੍ਰਿਤੀ ਬਣਾਈ ਜਾਂਦੀ ਹੈ ਜਿਵੇਂ ਖੜ੍ਹਵੇਂ ਸ਼ੇਰ ਦੀ ਆਕ੍ਰਿਤੀ, ਪੈਲ ਪਾਉਂਦੇ ਮੋਰ, ਮਨੁੱਖ ਆਦਿ। ਰੇਖਾ-ਗਣਿਤ ਡੀਜਾਈਨਾਂ ਵਿਚ ਤਿਕੋਣ ਅਤੇ ਸਮਚਤੁਰਭੁਜ ਆਦਿ ਆਕਾਰ ਬਣਾਏ ਜਾਂਦੇ ਹਨ।

ਮਨੁੱਖੀ ਆਕ੍ਰਿਤੀਆਂ ਘੱਟ ਬਣਾਈਆਂ ਜਾਂਦੀਆਂ ਹਨ। ਕਿਉਂਕਿ ਇਨ੍ਹਾਂ ਨੂੰ ਬੁਣਨ ਵਿਚ ਬਹੁਤ ਮਿਹਨਤ ਕਰਨੀ ਪੈਂਦੀ ਹੈ ਅਤੇ ਸਮਾਂ ਵੀ ਜ਼ਿਆਦਾ ਲਗਦਾ ਹੈ ਪਰ ਇਹ ਕਲਾ ਪਖੋਂ ਬਹੁਤ ਰੌਚਿਕ ਅਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ। ਕਈ ਵਾਰ ਇਨ੍ਹਾਂ ਦਰੀਆਂ ਵਿਚ ਪ੍ਰਸਿੱਧ ਆਸ਼ਕ ਜੋੜੇ ਹੀਰ ਰਾਂਝਾ, ਸੋਹਣੀ ਮਹਿਵਾਲ ਆਦਿ ਦੇ ਸੰਕੇਤਕ ਰੂਪ ਵੀ ਬਣਾਏ ਜਾਂਦੇ ਹਨ। ਪਰੀਆਂ ਦੇ ਸੰਕੇਤਕ ਰੂਪ ਦੀਆਂ ਆਕ੍ਰਿਤੀਆਂ ਦੇ ਡਿਜ਼ਾਈਨ ਵੀ ਵੇਖਣ ਨੂੰ ਮਿਲਦੇ ਹਨ। ਐਬਸਟ੍ਰੈਕਟ ਡੀਜ਼ਾਈਨ ਬਹੁਤ ਘੱਟ ਬੁਣੇ ਜਾਂਦੇ ਹਨ। ਜਿਵੇਂ ਕਣਕ ਦੀ ਬੱਲੀ ਆਦਿ ਨੂੰ ਸੰਕੇਤਕ ਆਕਾਰ ਰਾਹੀਂ ਹੀ ਦਰਸਾਇਆ ਜਾਂਦਾ ਹੈ। ਸਿੱਧੀਆਂ ਫਾਂਟ ਵਾਲੀਆਂ ਬਹੁ-ਰੰਗੀਆਂ ਦਰੀਆਂ ਦਾ ਆਮ ਰਿਵਾਜ਼ ਹੈ ਕਿਉਂਕਿ ਇਨ੍ਹਾਂ ਨੂੰ ਬੁਣਦੇ ਸਮੇਂ ਬਹੁਤ ਘੱਟ ਸਮਾਂ ਲਗਦਾ ਹੈ।

ਭਾਵੇਂ ਬਜ਼ਾਰੀ ਦਰੀਆਂ ਨੇ ਘਰ ਵਿਚ ਦਰੀਆਂ ਬੁਣਨ ਦਾ ਰਿਵਾਜ਼ ਬਹੁਤ ਹੱਦ ਤਕ ਘਟਾ ਦੱਤਾ ਹੈ ਪਰ ਫਿਰ ਵੀ ਹਰ ਸੁਆਣੀ ਘਰ ਬੁਣੀ ਦਰੀ ਨੂੰ ਵਧੇਰੇ ਮਹੱਤਵ ਦਿੰਦੀ ਹੈ। ਕਿਉਂਕਿ ਉਹ ਘਰ ਬੁਣੀ ਦਰੀ ਦੀ ਹੰਡਣਸਾਰਤਾ ਅਤੇ ਰੰਗਾਂ ਦੀ ਪਕਿਆਈ ਤੋਂ ਚੰਗੀ ਤਰ੍ਹਾਂ ਜਾਣੂ ਹੈ। ਸ਼ਾਇਦ ਇਸੇ ਲਈ ਦਰੀਆ ਵਿਚ ਲੋਕ-ਕਲਾ ਦੀ ਰਚਨਾਤਮਕ ਪ੍ਰਕ੍ਰਿਆ ਨੂੰ ਅੱਜ ਵੀ ਪੰਜਾਬ ਅਤੇ ਹਰਿਆਣਾ ਦੇ ਪਿੰਡਾਂ ਵਿਚ ਸੁਜੀਵ ਦੇਖਿਆ ਜਾ ਸਕਦਾ ਹੈ।

ਪੰਜਾਬੀ ਕਵੀ ਹੁੰਦਲ ਦਾ ਪਾਸਪੋਰਟ ਜ਼ਬਤ ਕਰਨ ਵਿਰੁਧ ਕੇਂਦ੍ਰੀ ਲੇਖਕ ਸਭਾ ਵਲੋਂ ਪਤਰ

ਚੰਡੀਗੜ੍ਹ,
ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੀਫ ਪਾਸਪੋਰਟ ਅਫਸਰ ਦਿੱਲੀ ਨੂੰ ਇਕ ਵਿਸਥਾਰ ਪੂਰਵਕ ਪਤਰ ਭੇਜਿਆ ਹੈ, ਜਿਸ ਵਿਚ ਤੱਥਾਂ ਤੇ ਦਲੀਲਾਂ ਦੇ ਆਧਾਰ ਤੇ ਪੰਜਾਬ ਪੁਲੀਸ ਤੇ ਰਿਜਨਲ ਪਾਸਪੋਰਟ ਅਫਸਰ ਜਲੰਧਰ ਵਲੋਂ ਪੰਜਾਬੀ ਕਵੀ ਸ੍ਰੀ ਹਰਭਜਨ ਸਿੰਘ ਹੁੰਦਲ ਦੇ ਪਾਸਪੋਰਟ ਨੂੰ ਜ਼ਬਤ ਕਰਨ ਦੀ ਕਾਰਵਾਈ ਨੂੰ ਝੁਠਲਾਇਆ ਗਿਆ ਹੈ ਤੇ ਇਹ ਮੰਗ ਕੀਤੀ ਗਈ ਹੈ ਕਿ ਸ੍ਰੀ ਹੁੰਦਲ ਨਾਲ ਕੀਤੀ ਗਈ ਧਕੇਸ਼ਾਹੀ ਖਤਮ ਕੀਤੀ ਜਾਵੇ। ਇਸ ਪੱਤਰ ਦੀ ਇਕ ਕਾਪੀ ਪੰਜਾਬ ਦੇ ਮੁਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਭੇਜੀ ਗਈ ਤੇ ਮੰਗ ਕੀਤੀ ਗਈ ਹੈ

ਕਿ ਨਵੀਂ ਸਰਕਾਰ ਇਹ ਬੇਇਨਸਾਫੀ ਦੂਰ ਕਰੇ। ਯਾਦ ਰਹੇ ਕਿ ਸ੍ਰੀ ਹੁੰਦਲ ਆਪਣੇ ਵਕੀਲ ਸੀ ਪਰਮਜੀਤ ਸਿੰਘ ਗੁਰਾਇਆ,

ਰਾਹੀਂ ਪਹਿਲਾਂ ਹੀ ਇਕ ਅ.ਪੀਲ ਚੀਫ ਪਾਸਪੋਰਟ ਦਫਤਰ ਦਿੱਲੀ ਨੂੰ ਕਰ ਚੁਕੇ ਹਨ।

ਮਦਰ ਟਰੇਸਾ ਲਈ ਡੀ. ਲਿਟ ਦੀ ਡਿਗਰੀ

ਪਟਿਆਲਾ — ਪੰਜਾਬੀ ਯੂਨੀਵਰਸਿਟੀ ਦੀ ਸੈਨੇਟ ਦੀ ਇਥੇ ਹੋਈ ਮੀਟਿੰਗ ਨੇ ਮਦਰ ਟਰੇਸਾ ਨੂੰ ਡੀ. ਲਿਟ ਦੀ ਆਨਰੇਰੀ ਡਿਗਰੀ ਦੇਣ ਦਾ ਫੈਸਲਾ ਕੀਤਾ ਜੋ 8 ਨਵੰਬਰ ਨੂੰ ਹੋ ਰਹੀ ਸਲਾਨਾ ਕਨਵ ਕਾਨਵੋਕੇਸ਼ਨ ਸਮੇਂ ਪ੍ਰਦਾਨ ਕੀਤੀ ਜਾਵੇਗੀ। ਮਦਰ ਟਰੇਸਾ ਕਾਨਵੋਕੇਸ਼ਨ ਭਾਸ਼ਨ ਦੇਣ ਲਈ ਇਥੇ ਆ ਰਹੇ ਹਨ।

ਸੈਨੇਟ ਨੇ ਸ: ਜਸਦੇਵ ਸਿੰਘ ਸੰਧੂ ਐਮ. ਐਲ. ਏ., ਸ. ਗੁਰਦਰਸ਼ਨ ਸਿੰਘ ਗਰੇਵਾਲ ਐਡਵੋਕੇਟ ਜਨਰਲ ਪੰਜਾਬ ਤੇ ਪ੍ਰੋ: ਗੁਰਬਚਨ ਸਿੰਘ ਤਾਲਿਬ ਨੂੰ ਯੂਨੀਵਰਸਿਟੀ ਸਿੰਡੀਕੇਟ ਲਈ ਆਪਣੇ ਨੁਮਾਇੰਦੇ ਚੁਣਿਆ। ਇਸ ਨੇ ਸ੍ਰੀ ਬ੍ਰਹਮ ਮਹਿੰਦਰਾ ਐਮ. ਐਲ. ਏ., ਸ. ਅਜੀਤ ਸਿੰਘ ਬੈਂਸ ਸਾਬਕਾ ਐਡਵੋਕੇਟ ਜਨਰਲ ਤੇ ਪ੍ਰੋ: ਦਵਿੰਦਰ ਹਿਸਿੰਘ ਦੁੱਗਲ ਨੂੰ ਸੈਨੇਟ ਮੈਂਬਰਾਂ ਵਜੋਂ ਕੋਆਪਟ ਕੀਤਾ। ਮੀਟਿੰਗ ਨੇ ਪੰਜਾਬੀ ਦੇ ਵਿਾਸ ਵਿਕਾਸ ਲਈ ਸੈਨੇਟ ਦੀ ਇਕ 9- ਮੈਂਬਰੀ ਸਬ ਕਮੇਟੀ ਕਾਇਮ ਕੀਤੀ ਜਿਸ ਦੀ ਮਿਆਦ ਦੋ ਸਾਲ ਹੋਵੇਗੀ। ਇਸ ਵਿਚ ਸ: ਕਰਤਾਰ ਸਿੰਘ ਦੁੱਗਲ, ਡਾ. ਐਸ. ਐਸ. ਸਿੱਧੂ, ਡਾ. ਅਵਤਾਰ ਸਿੰਘ, ਸ੍ਰੀਮਤੀ ਕੇ. ਆਤਮਾ ਰਾਮ, ਸ੍ਰੀ ਕੁਲਦੀਪ ਸਿੰਘ ਅ ਐਡਵੋਕੇਟ, ਸ੍ਰੀ ਬ੍ਰਿਜ ਲਾਲ ਗੋਇਲ, ਮੇਜਰ ਜਨਰਲ ਅਵਤਾਰ ਸਿੰਘ, ਮੇਜਰ ਜਨਰਲ ਏ. ਐਸ. ਲੂਥਰਾ ਤੇ ਜਨਾਬ ਫਜ਼ਲ — ਉਰ-ਰਹਿਮਾਨ, ਹਿਲਾਲ ਉਸਮਾਨੀ ਸ਼ਾਮਲ ਹਨ। ਇਹ ਫੈਸਲਾ ਵੀ ਕੀਤਾ ਗਿਆ ਕਿ ਲੋੜ ਪੈਣ ਦੀ ਸੂਰਤ ਵਿਚ ਉਪ-ਕੁਲਪਤੀ ਇਸ ਕਮੇਟੀ 'ਚ ਹੋਰ ਮੈਂਬਰ ਕੋਆਪਟ ਕਰ ਸਕਦਾ ਹੈ।

ਬੱਸ ਕਾਰ ਟੱਕਰ 'ਚ ਤਿੰਨ ਮਰੇ

ਲੁਧਿਆਣਾ, (ਯੂ. ਐਨ. ਆਈ.)—ਪੰਜਾਬ ਦੇ ਸਾਬਕਾ ਮੰਤਰੀ ਜੁਗਿੰਦਰ ਪਾਲ ਪਾਂਡੇ ਦੇ ਪੁੱਤਰ ਰਾਜੀਵ ਪਾਂਡੇ ਸਮੇਤ ਤਿੰਨ ਵਿਅਕਤੀ ਸਮਰਾਲੇ ਨੇੜੇ ਇਕ ਕਾਰ ਤੇ ਬੱਸ ਦੀ ਸਾਹਮਣੀ ਟੱਕਰ ਵਿਚ ਹਲਾਕ ਹੋ ਗਏ।

ਇਥੇ ਪੁਜੀਆਂ ਖਬਰਾਂ ਅਨੁਸਾਰ ਦੂਜਾ ਮ੍ਰਿਤਕ ਪੰਜਾਬ ਬਪਾਰ ਮੰਡਲ ਦੇ ਮੀਤ ਪ੍ਰਧਾਨ ਧਰਮਪਾਲ ਗਰਗ ਦਾ ਪੁਤਰ ਸੁਧੀਰ ਗਰਗ ਹੈ।

ਮ੍ਰਿਤਕ ਕਾਰ ਵਿਚ ਚੰਡੀਗੜ ਨੂੰ ਜਾ ਰਹੇ ਸਨ।

ਸੰਤ ਲੌਂਗੋਵਾਲ ਦੀ ਯਾਦ 'ਚ ਕੀਰਤਨ ਦਰਬਾਰ

ਲੁਧਿਆਣਾ — ਸਥਾਨਕ ਸਿੱਖ ਯੂਥ ਵੈਲਫੇਅਰ ਕੌਂਸਲ ਪੰਜਾਬ ਵਲੋਂ 28 ਅਕਤੂਬਰ ਨੂੰ ਸ਼ਾਮੀਂ ਛੇ ਵਜੇ ਗੁਰੂ ਨਾਨਕ ਮਾਰਕੀਟ ਗਿੱਲ ਚੌਕ ਵਿਖੇ ਮਰਹੂਮ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਵਿਚ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਇਸ ਅਵਸਰ ਤੇ ਪ੍ਰਸਿੱਧ ਰਾਗੀ - ਪ੍ਰੋਫੈਸਰ ਦਰਸ਼ਨ ਸਿੰਘ, ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਭਾਈ ਸਾਧੂ ਸਿੰਘ ਦੇਹਰਾਦੂਨ ਵਾਲੇ, ਨਾਭੇ ਵਾਲੀਆਂ ਬੀਬੀਆਂ, ਭਾਈ ਸੁਰਿੰਦਰ ਸਿੰਘ ਪਟਨਾ, ਭਾਈ ਬਲਵਿੰਦਰ ਸਿੰਘ ਯੰਗੀਲਾ, ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਦੇ ਜ ਜਥਿਆਂ ਨੇ ਕੀਰਤਨ ਕੀਤਾ। ਖੇਤੀ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਿਖਿਆ ਮੰਤਰੀ ਸ: ਸੁਖਜਿੰਦਰ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਵਲੋਂ ਆਪਣੇ ਆਪਣੇ ਵਿਚਾਰ ਪ੍ਰੇਸ਼ ਪੇਸ਼ ਕੀਤੇ ਗਏ।

ਲਿਬੀਆਂ ਦੇ ਲੋਕਾਂ ਨੇ ਪ੍ਰਧਾਨ ਰੇਗਨ ਦਾ ਪਤੁਲਾ ਸਾੜਿਆ

ਤਿਰਪੋਲੀ — ਲੀਬੀਆਂ ਦੇ ਪ੍ਰਧਾਨ ਗਦਾਫੀ ਨੂੰ ਕਤਲ ਕਰਨ ਸਬੰਧੀ ਛਪੀਆਂ ਖਬਰਾਂ ਅਨੁਸਾਰ ਸੀ. ਆਈ. ਏ. ਜੋ ਕਿ ਅਮਰੀਕਨ ਖੁਫੀਆ ਏਜੰਸੀ ਹੈ ਨੇ ਗਦਾਫੀ ਨੂੰ ਕਤਲ ਕਰਨ ਦੀਆਂ ਕਈ ਵਾਰੀ ਯੋਜਨਾਵਾਂ ਬਣਾਈਆਂ ਹਨ। ਇਹ ਖਬਰਾਂ ਪੱਛਮੀ ਅਖਬਾਰਾਂ ਵਿਚ ਛਪੀਆਂ, ਲੀਬੀਆ ਦੇ ਲੋਕਾਂ ਤਿਰਪੋਲੀ ਵਿਚ ਅਮਰੀਕਾ ਦੇ ਖਿਲਾਫ ਮੁਜਾਹਰਾ ਕੀਤਾ ਅਤੇ ਪ੍ਰਧਾਨ ਰੀਗਨ ਦਾ ਪੁਤਲਾ ਸਾੜਿਆ।

ਆਰ. ਕੇ. ਓ. ਦੇ ਨਿਰਦੇਸ਼ਕ ਨੇ ਆਪਣੀ ਇਕ ਕਿਤਾਬ ਦੇ ਸਮਰਪਣ ਵਿਚ ਲਿਖਿਆ ਹੈ :

ਆਪਣੀ ਪਤਨੀ ਦੇ ਨਾਂ
ਜਿਸ ਦੀ ਗ਼ੈਰ-ਹਾਜ਼ਰੀ ਤੋਂ ਬਿਨਾਂ ਇਹ ਕਿਤਾਬ ਕਦੇ ਨਾ ਲਿਖੀ ਜਾਂਦੀ।

•

ਸਟੀਫ਼ਨ ਵਿਨਸੇਂਟ ਬੇਨੇਟ ਤੇ ਰੋਜ਼ਮੇਰੀ ਬੇਨੇਟ ਪਤੀ-ਪਤਨੀ ਨੇ ਪਰਸਪਰ ਸਹਿਯੋਗ ਨਾਲ ਇਕ ਕਿਤਾਬ ਲਿਖੀ : "ਏ ਬੁਕ ਔਫ਼ ਅਮੇਰੀਕਨਸ" ਤੇ ਉਸ ਨੂੰ ਆਪਣੇ ਬੱਚਿਆਂ ਦੇ ਨਾਂ ਸਮਰਪਤ ਕਰਦਿਆਂ ਲਿਖਿਆ :

ਸਟੇਫ਼ਨੀ, ਟਾਮਸ ਤੇ ਰੈਚੇਲ ਲਈ
ਜੋ ਸਾਡੀਆਂ ਹੋਰ ਸਹਿਯੋਗੀ ਰਚਨਾਵਾਂ ਹਨ।

... ਲਾੜੇ ਨੇ ਵਾਹੀ ਕਿਰਪਾਨ ਮੀਆਂ

ਦੀਨਾਨਗਰ — ਬੀਤੇ ਦਿਨ ਇਥੋਂ ਦੋ ਕਿਲੋਮੀਟਰ ਦੂਰ ਜੀ. ਟੀ. ਰੋਡ ਤੇ ਉਸ ਵੇਲੇ ਦਿਲਚਸਪ ਘਟਨਾ ਵੇਖਣ ਨੂੰ ਮਿਲੀ, ਜਦੋਂ ਇਕ ਸ਼ਰਾਬੀ ਬਰਾਤ ਆਪਸ ਵਿ ਗੁੱਥਮਗੁੱਥਾ ਹੋ ਗਈ ਤੇ ਇਕ ਦਰਜਨ ਬਰਾਤੀ ਜ਼ਖਮੀ ਹੋ ਗਏ। ਪਤਾ ਲੱਗਾ ਹੈ ਕਿ ਇਕ ਬਰਾਤ ਅੰਮ੍ਰਿਤਸਰ ਤੋਂ ਪਠਾਨਕੋਟ ਨੇੜੇ ਇਕ ਪਿੰਡ ਵਿਚ ਜਾ ਰਹੀ ਸੀ ਤੇ ਇਸ ਦੇ ਸਾਰੇ ਮੈਂਬਰ, ਸ਼ਰਾਬੀ ਸਨ। ਦੀਨਾਨਗਰ ਲਾਗੇ ਇਕ ਬਰਾਤੀ ਤੇ ਲਾੜੇ ਦੀ ਜੀਜੇ ਦੀ ਆਪਸ ਵਿਚ ਲੜਾਈ ਸ਼ੁਰੂ ਹੋ ਗਈ ਤੇ ਹੁਰਾਮੁੱਕੀ ਚਲਦੇ ਵੇਖ ਕੇ ਡਰਾਈਵਰ ਨੇ ਬੱਸ ਰੋਕ ਦਿਤੀ। ਇਹ ਦੋਵੇਂ ਬੱਸ ਤੋਂ ਹੇਠਾਂ ਉਤਰ ਕੇ ਲੜਨ ਲਗ ਪਏ। ਲਾੜੇ ਦਾ ਬਾਪ ਜਦ ਇਨ੍ਹਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਇਕ ਬਰਾਤੀ ਨੇ ਉਸ ਨੂੰ ਹੁਰਾਮੁੱਕੀ ਸ਼ੁਰੂ ਕਰ ਦਿਤੀ ਜਿਸ ਤੋਂ ਗੱਲ ਵਿਗੜ ਗਈ। ਸਾਰੇ ਬਰਾਤੀ ਦੋ ਧੜਿਆਂ ਵਿਚ ਹੋ ਗਏ ਤੇ ਖੁਲ੍ਹ ਕੇ ਲੜਾਈ ਸ਼ੁਰੂ ਹੋ ਗਈ। ਇਸ ਲੜਾਈ ਵਿਚ ਲਾੜਾ ਵੀ ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਕੁੱਦ ਪਿਆ।

ਇਸ ਸ਼ਰਾਬੀ ਬਰਾਤ ਦੀ ਲੜਾਈ ਕਾਰਨ ਸੜਕ 'ਤੇ ਅੱਧਾ ਘੰਟਾ ਟਰੈਫਿਕ ਵੀ ਰੁਕ ਗਈ ਕਿਉਂਕਿ ਇਹ ਬਰਾਤੀ ਸੜਕ ਦੇ ਵਿਚਕਾਰ ਹੀ ਲੜ ਰਹੇ ਸਨ। ਬਾਅਦ ਵਿਚ ਦੂਜੀਆਂ ਬੱਸਾਂ ਦੀਆਂ ਸਵਾਰੀਆਂ ਨੇ ਦਖਲ ਦੇ ਕੇ ਇਸ ਬਰਾਤ ਨੂੰ ਲੜਨੋਂ ਹਟਾਇਆ। ਪਰ ਲੜਾਈ ਹਟਣ ਤਕ ਲਾੜੇ ਦਾ ਬਾਪ ਤੇ ਜੀਜੇ ਸਮੇਤ ਲਗਭਗ ਇਕ ਦਰਜਨ ਬਰਾਤੀ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਮਰਹਮ ਪੱਟੀ ਕਰਨ ਦੇ ਬਾਅਦ ਉਸ ਬੱਸ ਵਿਚ ਬਿਠਾ ਦਿਤਾ ਗਿਆ।

ਕੇਪ ਟਾਊਨ ਸੰਕਟ ਕਾਲ ਚ66 ਗ੍ਰਿਫਤਾਰ

ਜੋਹੰਸਬਰਗ, (ਏ. ਪੀ.)—ਦੱਖਣੀ ਅਫਰੀਕਾ ਦੀ ਗੋਰੀ ਸਰਕਾਰ ਨੇ ਨਸਲਵਾਦ ਵਿਰੋਧੀ 66 ਆਗੂਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਲ ਕੇਪ ਟਾਊਨ ਅਤੇ ਸੱਤ ਆਲੇ ਦੁਆਲੇ ਦੇ ਸ਼ਹਿਰਾਂ ਵਿਚ 'ਸੰਕਟ-ਕਾਲ ਵਾਲੀ ਹਾਲਤ ਦਾ ਐਲਾਨ ਕੀਤਾ।

ਕਾਲੇ ਅਫਰੀਕੀ ਲੋਕਾਂ ਦੇ ਇਕ ਆਗੂ ਨੇ ਇਸ ਨੂੰ ਕੇਪ ਟਾਊਨ ਦੇ ਲੋਕਾਂ ਵਿਰੁਧ ਜੰਗ ਦਾ ਐਲਾਨ ਕਿਹਾ।

ਾਲੀ
ਰ ਦਿਨ
ਰ ਦੀ ਹੈ



ਸ਼ੁਕਲਾ

BOMBAY SWEETS
MANUFACTURER INC.

ਨਰੇਸ਼ ਸ਼ੁਕਲਾ ਐਂਡ ਬ੍ਰਦਰਜ਼
ਵਲੋਂ

ਦੀਵਾਲੀ ਦੇ ਉਤਸਵ ਦੀ ਸਭ ਨੂੰ
ਲੱਖ ਲੱਖ ਵਧਾਈ ਹੋਵੇ!!

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੰਬੇ ਸਵੀਟਸ ਤੇ ਦੀਵਾਲੀ ਦੇ ਮੌਕੇ ਤੇ ਮਠਿਆਈਆਂ ਦਾ ਦੀਵਾਲੀ ਬਾਜ਼ਾਰ ਸਜੇਗਾ

ਮਠਿਆਈਆਂ ਦਾ ਬਾਜ਼ਾਰ ਸ਼ੁਕਰਵਾਰ 8 ਨਵੰਬਰ ਤੋਂ ਲੈ ਕੇ ਮੰਗਲਵਾਰ 12 ਨਵੰਬਰ ਤੱਕ ਸਜਿਆ ਰਹੇਗਾ। ਹਰ ਸਾਲ ਦੀ ਤਰ੍ਹਾਂ ਇਸ ਮਠਿਆਈਆਂ ਦੇ ਬਾਜ਼ਾਰ ਵਿਚ ਪਹੁੰਚੋ ਅਤੇ ਆਪਣੇ ਮਨ ਪਸੰਦ ਦੀਆਂ ਮਠਿਆਈਆਂ ਖਰੀਦੋ!

ਗਾਜਰ ਹਲਵਾ ਆਪ ਮੰਗ ਕੇ ਟੇਸਟ ਕਰੋ!

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

● ਕੇਂਦਰ ਸਰਕਾਰ ਨੂੰ ਇਨਟੈਲੀਜੇਂਸ ਨੇ ਰੀਪੋਰਟ ਕੀਤੀ ਹੈ (ਇ: ਕ: ਟਾ:)
— ਤੁਹਾਡੀ ਅੰਦਰਗਤੀ ਕੇਂਦਰ ਸਰਕਾਰ ਨਾਲ ਤਾਰ ਜੁੜਦੀ ਹੈ ਜਾਂ ਇਨਟੈਲੀਜੇਂਸ ਨਾਲ, ਜੋ ਖੁਫੀਆ ਰੀਪੋਰਟ ਤੋਂ ਜਾਣੂੰ ਹੋ ?

● ਸੰਯੁਕਤ ਅਕਾਲੀ ਦਲ ਅਤੇ ਫੈਡਰੇਸ਼ਨ ਨਾਲ ਗੱਲਬਾਤ ਕਰਨ ਨੂੰ ਤਿਆਰ ਹਾਂ (ਬਰਨਾਲਾ)
— ਪੁੱਤਰ ਸੱਪਾਂ ਦੇ ਕਦੇ ਨਾ ਮਿਤ ਬਣਦੇ, ਸੱਤਰ ਚੂਲੀਆਂ ਦੁੱਧ ਪਿਆ ਲੀਏ ਜੇ। (ਵਾਰਸ ਸ਼ਾਹ)

● ਜਾਸੂਸੀ ਕਰਦਾ ਇਕ ਹੋਰ ਹਿੰਦੂ ਗ੍ਰਿਫਤਾਰ (ਇ: ਕ: ਟਾ:)
— ਅਖਬਾਰ ਲਈ ਸੁਰਖੀ ਦਾ ਮਸਾਲਾ ਮਿਲ ਗਿਆ ।

● ਨੰਦ ਲਾਲ ਨੂਰਪੁਰੀ ਸਮਾਰੋਹ (ਇ: ਕ: ਟਾ:)
— ਪਤਾ ਲੱਗਾ ਹੈ ਕਿ ਉਨ੍ਹਾਂ ਇਹ ਸੁਝਾਓ ਠੁਕਰਾ ਦਿਤਾ ਕਿ ਸਮਾਰੋਹ ਦਾ ਨਾਂ "ਨੰਦ ਸਿੰਘ ਨੂਰਪੁਰੀ" ਸਮਾਰੋਹ ਹੋਣਾ ਚਾਹੀਦਾ ਹੈ ।

● ਕੌਮ ਦੇ ਰਾਜ ਭਾਗ ਦੀ ਲੜਾਈ ਲਈ ਤਿਲ ਫੁਲ ਭੇਟ ਕਰਕੇ ਦਸ਼ਮੇਸ਼ ਪਿਤਾ ਦੀਆਂ ਖੁਸ਼ੀਆਂ ਪ੍ਰਾਪਤ ਕਰੋ (ਡਾ: ਚੌਹਾਨ)
— ਭਲਿਆ ਮਾਣਸਾ ! ਠੱਗੀ ਮਾਰਨੀ ਹੀ ਹੈ ਤਾਂ ਘੱਟੋ ਘੱਟ ਦਸ਼ਮੇਸ਼ ਪਿਤਾ ਦਾ ਨਾਂ ਲੈ ਕੇ ਤਾਂ ਨਾ ਮਾਰ ।

● ਅਪਰਾਧੀਆਂ ਦੀ ਦੇਸ਼ ਵਾਪਸੀ ਬਾਰੇ ਕੈਨੇਡਾ ਵੀ ਭਾਰਤ ਨਾਲ ਸੰਧੀਕਰਨ ਦੇ ਯਤਨਾਂ ਵਿਚ (ਇ: ਕ: ਟਾ:)
— ਕੁੱਬੇ ਦੇ ਲੱਤ ਬਾਰੇ ਆਈ ਆਖੋ, ਕਿਥੇ ਤਾਂ ਵੀਜ਼ਾ ਨਹੀਂ ਦਿੰਦੇ ਸੀ ਕਿਥੇ ਆਪਣੇ ਖਰਚੇ ਤੇ ਲੈ ਕੇ ਜਾਣਗੇ ।

● 9 ਨਵੰਬਰ ਤੋਂ ਨਵਾਂ ਰੇਡੀਓ ਪਰੋਗਰਾਮ (ਇ: ਕ: ਟਾ:)
— ਕੰਨਾਂ ਵਾਲੇ ਡਾਕਟਰ ਨਾਲ ਅਪੁਆਇੰਟਮੈਂਟ ਬਣਾ ਲੋ ਜਾਂ ਪਹਿਲਾਂ ਪਹਿਲਾਂ ਕੰਨਾਂ 'ਚ ਤੇਲ ਪਾ ਲੋ ।

● ਇਕ ਅਖਬਾਰ ਹਰ ਹਫਤੇ ਵਧੇਰੇ ਪੰਨੇ ਇੰਡੋ ਕਨੇਡੀਅਨ ਟਾਈਮਜ਼ ਵਿਰੁੱਧ ਲਿਖ ਕੇ ਭਰਦਾ ਹੈ (ਇ: ਕ: ਟਾ:)
— ਲਪੋਟ ਸੰਖ ਜੀ, ਕਦੀ ਤਾਂ ਸੱਚ ਬੋਲੋ ! ਤੁਹਾਡੇ ਛੱਤੀ ਸਫਿਆਂ ਦੇ ਜਨੂੰਨ ਦਾ ਮੁਕਾਬਲਾ ਭਲਾ ਕੌਣ ਕਰ ਸਕਦਾ ਹੈ ?

● ਲੜਨਾ, ਝਗੜਨਾ, ਗਾਲੀ, ਗਲੋਚ, ਹੱਥੋਪਾਈ ਬੜੇ ਘਟੀਆ ਤੇ ਅਸੱਭਿਆ ਲੋਕਾਂ ਦਾ ਕੰਮ ਹੈ (ਇ: ਕ: ਟਾ:)
— ਭਾਵੇਂ ਸਭ ਨੂੰ ਪਤਾ ਕਿ ਇਹ ਲਾਈਨਾਂ ਆਪਦੀ ਪਿਛਲੀ ਕਰਤੂਤ ਨੂੰ ਧੋਣ ਲਈ ਲਿਖੀਆਂ ਹਨ ਪਰ ਫਿਰ ਵੀ ਜਿੰਨਾਂ ਨੇ ਗੁਰੂ ਘਰਾਂ ਵਿਚ ਭਲੇਮਾਣਸਾਂ ਦੀ ਪਤ ਲਾਹੀ ਹੈ, ਉਨ੍ਹਾਂ ਦੇ ਮੂੰਹ ਤੇ ਚੰਗੀ ਚਪੇੜ ਮਾਰੀ ਹੈ। ਜੇ ਉਹ ਅਕਲ ਵਾਲੇ ਹੋਣਗੇ, ਤਾਂ ਤੇਰੇ ਨਾਲ ਛੇਤੀ ਮੁਲਾਕਾਤ ਕਰਨਗੇ ।

● ਸਿਤਮ ਦੀ ਗੱਲ ਇਹ ਹੈ ਕਿ ਲੜਨ ਵਾਲੇ ਵੀ ਸਿੱਖ, ਕੁੱਟਣ ਵਾਲੇ ਵੀ ਸਿਖ ਤੇ ਕੁੱਟ ਖਾਣ ਵਾਲੇ ਵੀ ਸਿੱਖ (ਇ: ਕ: ਟਾ:)
— ਅੱਗ ਲਾਉਣ ਵਾਲੇ ਤਾਂ ਫਿਰ ਸਿੱਖ ਵੀ ਨਾ ਹੋਏ, ਮਨਮੁਖਸ਼ ?

● ਵੋਟਾਂ ਬਨਾਉਣ ਗਿਆਂ ਨੂੰ ਕੁੱਟ ਮਾਰ (ਕ: ਦਰਪਣ)
— ਇਸ ਬਿਨਾਂ ਪੂਜਾ ਦੇ ਧਾਨ ਨੂੰ ਕੌਣ ਹੱਥ ਲਾਉਣ ਦਿੰਦਾ ਹੈ ਪਿਆਰਿਓ !

● ਗੁਰੂ ਘਰਾਂ ਵਿਚ ਹਰ ਰੋਜ਼ ਵਾਪਰ ਰਹੀਆਂ ਘਟਨਾਵਾਂ (ਕੈ: ਦਰਪਣ)
— ਹਰ ਕੈਨੇਡੀਅਨ ਪੁੱਛਦਾ ਹੈ, ਇਹ ਕਿਹੋ ਜਿਹਾ ਧਰਮ ਹੈ ਅਤੇ ਕਿਹੋ ਜਿਹੇ ਧਰਮ ਦੇ ਧਾਰਨੀ ਹਨ, ਇਹ ਲੋਕ ?

● ਮੇਰੇ ਉਤੇ ਹਮਲਾ ਕਰਕੇ ਇਨ੍ਹਾਂ ਪਰਤੱਖ ਸਬੂਤ ਦਿਤਾ ਹੈ ਕਿ ਇਹ ਹੁਲੜਬਾਜ਼ ਹਨ । (ਚਰਨਪਾਲ ਗਿੱਲ)
— ਚਰਨਪਾਲ ਜੀ ਜ਼ਰਾ ਸੋਚੋ, ਜਿਨ੍ਹਾਂ ਨੂੰ ਗੁਰੂ ਘਰ ਦਾ ਸਤਿਕਾਰ ਨਹੀਂ, ਸਿੱਖੀ ਅਸੂਲਾਂ ਨੂੰ ਲਤਾੜ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਸਿਖੀ ਅਸੂਲਾਂ ਦਾ, ਉਨ੍ਹਾਂ ਲਈ ਚਰਨਪਾਲ, ਉਜਲ ਦੁਸਾਂਝ ਜਾਂ ਫਿਰ ਹਰਦਿਆਲ ਸਿੰਘ ਜੌਹਲ ਕਿਹੜੇ ਬਾਗ ਦੀ ਮੂਲੀ ਹਨ ।

● ਪੰਜਾਬ ਨੂੰ ਮੁੜ ਖੁਸ਼ਹਾਲ ਬਣਾਇਆ ਜਾਵੇਗਾ (ਸ. ਸ. ਬਰਨਾਲਾ)
— ਜ਼ਰੂਰ ਬਣੇਗਾ, ਕਿਉਂ ਨਾ ਬਣੇਗਾ, ਜਦੋਂ ਤੁਸੀਂ "ਬਾਬੇ ਦਲ ਤੇ ਫੈਡਰੇਸ਼ਨ" ਨਾਲ ਸਮਝੌਤਾ ਕਰ ਲਿਆ ।

● ਗੁਰੂ ਘਰਾਂ ਦੀਆਂ ਕਮੇਟੀਆਂ ਦਾ ਫਰਜ਼ ਹੈ (ਕੈ: ਦਰਪਣ)
— ਉਹ ਤਾਂ ਬੇਹੇ ਪਾਣੀਆ 'ਚ ਬਹਿ ਗਈਆਂ ਹੁਣ ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਫਰਜ਼ ਪਛਾਣ ਕੇ ਬਾਬੇ ਦਾ ਦਿਤਾ "ਬਾਈਕਾਟ" ਦਾ ਨਾਗ ਵਲ ਮਾਰ ਕੇ ਦਿਖਾਉਣ ।

● ਚੋਣ ਸਿੱਟੇ ਅਤਿਵਾਦੀ ਵਖਵਾਦੀ ਤਾਕਤਾਂ ਤੇ ਭਾਰੀ ਸੱਟ ਹੈ। (ਗੁਰਚਰਨ ਸਿੰਘ ਰੰਧਾਵਾ)
— ਕਾਮਰੇਡ ਹੀ ਤਕੜੇ ਨਿਕਲੇ ਜਿਨ੍ਹਾਂ ਸੀ ਨਾ ਉਚਰੀ ।

● ਫਿਰਕੂਪੁਣਾ ਛੱਡਣ ਅਤੇ ਸਹਿਯੋਗ ਦੇਣ ਦੀ ਅਪੀਲ ('ਸਿਖਿਆ ਮੰਤਰੀ ਸੁਖਜਿੰਦਰ ਸਿੰਘ)
— ਤੁਸੀਂ ਮੰਤਰੀ ਬਣਕੇ ਫਿਰਕੂ ਪੁਣਾ ਤਿਆਗ ਦਿਤਾ ਹੈ ਜਾਂ ਕੁਝ ਸਮੇਂ ਲਈ ਸਸਪੇਂਡ ਕੀਤਾ ਹੈ ?

ਉਮਰ ਭਰ ਦੀ ਰਾਸ ਪੂੰਜੀ ਖਾ ਕੇ ਵੀ ਨਾ ਮੁੱਕਿਆ,
ਰਿਸ਼ਤਿਆਂ ਦਾ ਇਕ ਜੰਗਲ ਮੇਰੇ ਚੁਫੇਰੇ ਦੇਰ ਤੱਕ ।
ਬਰਸਾਂ ਦੀ ਉਲਫਤ ਸਾਂਭ ਕੇ ਜੋ ਕੱਲ ਰਾਤੀਂ ਮਰ ਗਿਆ,
ਵਾਂਗ ਬੱਦਲ ਘੁੰਮੇਗਾ ਇਸ ਸ਼ਹਿਰ ਵਿਚ ਵੀ ਦੇਰ ਤੱਕ ।
ਪੰਛੀ, ਵਛਾ, ਮਮਤਾ ਤੇ ਅੰਬਰ, ਤੇ ਸਾਰਾ ਬ੍ਰਹਿਮੰਡ ਵੀ,
ਨਾਲ ਮੇਰੇ ਕਲ ਰਾਤੀਂ ਰੋਂਦੇ ਰਹੇ ਨੇ ਦੇਰ ਤੱਕ ।
ਸੁੱਟਕੇ ਸਾਰੇ ਹੀ ਪਰਦੇ ਤੇ ਬੰਦ ਕਰਕੇ ਖਿੜਕੀਆਂ,
ਤੂੰ ਤਾਂ ਸੂਰਜ ਰੋਕਿਆ ਸੀ ਕੱਲ ਬੜੀ ਹੀ ਦੇਰ ਤੱਕ ।

ਲੋਕਾਂ ਦਾ ਕਵੀ : ਪਾਬਲੋ ਨਰੂਦਾ

ਪ੍ਰਤੀਕ ਸਿੰਘ

ਪਾਬਲੋ ਨਰੂਦਾ ਦੁਨੀਆਂ ਦੇ ਕੁਝ ਕੁ ਗਿਣਵੇਂ ਲੋਕ-ਪੱਖੀ ਲੇਖਕਾਂ ਵਿਚੋਂ ਇਕ ਪ੍ਰਮੁਖ ਨਾਂ ਹੈ ਜਿਹੜੇ ਖੁਲ੍ਹੇਆਮ ਆਪਣੀ ਸ਼੍ਰੇਣੀ ਦੇ ਪੱਖ ਵਿਚ ਖੜ੍ਹੇ ਅਤੇ ਜਿਨ੍ਹਾਂ ਸਾਰੀ ਉਮਰ ਆਪਣੀ ਪ੍ਰਤੀਬੱਧਤਾ ਨੂੰ ਬਰਕਰਾਰ ਰੱਖਿਆ ਆਪਣੀ ਮਾਨਵਵਾਦੀ ਅਤੇ ਅੰਤਰਰਾਸ਼ਟਰੀ ਪਹੁੰਚ ਕਾਰਨ ਨਰੂਦਾ ਦੀ ਸ਼ਾਇਰੀ ਅਜ ਵੀ ਓਨੀ ਹੀ ਆਦਰਯੋਗ ਅਤੇ ਹਰਮਨ ਪਿਆਰੀ ਹੈ ਜਿੰਨੀ ਉਸ ਦੇ ਸਮਕਾਲੀਨ ਦੌਰ ਵਿਚ ਸੀ ।

ਨਰੂਦਾ ਸਹੀ ਅਰਥਾਂ ਵਿਚ ਕਲਮ ਦਾ ਯੋਧਾ ਸੀ । ਉਸ ਨੇ ਉਲਟ ਪ੍ਰਸਥਿਤੀਆਂ ਵਿਚ ਵੀ ਆਪਣੀ ਸੋਚ 'ਤੇ ਪਹਿਰਾ ਦਿਤਾ ਜਿਸ ਦੇ ਫਲਸਰੂਪ ਉਸ ਨੂੰ ਬਹੁਤ ਸਾਰੇ ਮਾਨਸਿਕ ਅਤੇ ਸਰੀਰਕ ਕਸ਼ਟ ਵੀ ਝੱਲਣੇ ਪਏ ।

ਉੱਨੀ ਸੌ ਵੀਹਵਿਆਂ ਵਿਚ ਲਾਤੀਨੀ ਅਮਰੀਕਾ ਦੀ ਸ਼ਾਇਰੀ ਵਿਚ ਇਕ ਖੜੋਤ ਆ ਚੁੱਕੀ ਸੀ । ਇਸ ਦੌਰ ਦੀ 'ਨਵੀਨਵਾਦੀ' ਅਦਬੀ ਲਹਿਰ ਦਾ ਮੋਢੀ ਤੇ ਪਰਚਾਰਕ ਰੁਬੇਨ ਦਾਰੀਓ 1916 ਵਿਚ ਚਲਾਣਾ ਕਰ ਗਿਆ ਤੇ ਆਪਣੇ ਪਿਛਲੇ ਸਾਹਿਤਕ ਪਿੜ ਨੂੰ ਸੁੰਨਾ ਕਰ ਗਿਆ। ਇਸ ਸਾਹਿਤਕ ਸੰਕਟ ਨੂੰ ਕੁਝ ਕੁ ਪ੍ਰੰਪਰਿਕ ਲੇਖਕਾਂ ਨੇ ਆਪਣੀ ਸ਼ਕਤੀ ਮੁਜਬ ਲੰਘਣ ਦਾ ਯਤਨ ਤਾਂ ਕੀਤਾ ਪਰ ਸਫਲ ਨਾ ਹੋ ਸਕੇ । ਇਸ ਬੇਸ਼ਕੀਨੀ ਭਰੇ ਦੌਰ ਵਿਚ 20-ਸਾਲਾ ਨਫਤਾਲੀ ਰਿਕਾਰਡੋ ਰੇਅਸ, ਜਿਹੜਾ ਕਿ ਪਾਬਲੋ ਨਰੂਦਾ ਦੇ ਕਲਪਿਤ ਨਾਂ ਥੱਲੇ ਲਿਖਦਾ ਸੀ; ਦੀ ਇਕ ਕਾਵਿ-ਕਿਤਾਬ 'ਵੀਹ ਪ੍ਰੇਮ ਕਵਿਤਾਵਾਂ ਅਤੇ ਇਕ ਸ਼ੋਕ ਗੀਤ' ਆਈ । ਇਸ ਕਿਤਾਬ ਦੇ ਆਗਮਨ ਨੇ ਲੋਕਾਂ ਦੇ ਮਨਾਂ ਅੰਦਰ ਨਵੀ ਆਸ ਭਰ ਦਿਤੀ ਕਿ ਇਹ ਨੌਜਵਾਨ ਸ਼ਾਇਰੀ ਕਵਿਤਾ ਦੇ ਰਵਾਇਤੀ ਰਾਹਾਂ ਨੂੰ ਤਿਆਗ ਕੇ ਨਵੀਆਂ ਲੀਹਾਂ ਪਾਵੇਗਾ । ਬਾਅਦ ਵਿਚ ਸੱਚਮੁਚ ਨਰੂਦਾ ਇਸ ਕਸਵੱਟੀ 'ਤੇ ਖਰਾ ਉਤਰਿਆ ।

1936 ਵਿਚ ਨਰੂਦਾ ਮੈਡਰਿਡ (ਸਪੇਨ) ਵਿਚ ਦਿੱਲੀ ਦਾ ਰਾਜਦੂਤ ਬਣ ਕੇ ਗਿਆ। ਆਪਣੇ ਸਰਕਾਰੀ ਰੁਝੇਵਿਆਂ ਦੇ ਬਾਵਜੂਦ ਉਹ ਕਵਿਤਾ ਨਾਲ ਪੂਰੀ ਤਰ੍ਹਾਂ ਜੁੜਿਆ ਰਿਹਾ । ਉਹਦੇ ਨਿਵਾਸ 'ਤੇ ਸਾਹਿਤਕ ਬੈਠਕਾਂ ਹੁੰਦੀਆਂ ਤੇ ਸ਼ਾਇਰੀ ਦੀਆਂ ਗੱਲਾਂ ਤੁਰਦੀਆਂ । ਇਨ੍ਹਾਂ ਵੇਲਿਆਂ ਵਿਚ ਹੀ ਫਾਸ਼ੀਆਂ ਨੇ ਮਨੁੱਖਤਾ ਦਾ ਘਾਣ ਸ਼ੁਰੂ ਕਰ ਦਿਤਾ। ਉਹ ਬਰਲਿਨ ਵਿਚ ਮਜ਼ਦੂਰਾਂ ਨੂੰ ਭੁੰਨ ਰਹੇ ਅਤੇ ਕਿਤਾਬਾਂ ਸਾੜ ਰਹੇ ਸਨ। ਨਰੂਦਾ ਦੇ ਮਨ 'ਤੇ ਇਸ ਤਤਕਾਲੀਨ ਦੁਖਾਂਤ ਦਾ ਡੂੰਘਾ ਅਸਰ ਹੋਇਆ । ਉਹਦੀ ਸ਼ਾਇਰੀ ਵਿਚ ਅਚਨਚੇਤ ਹੀ 'ਲੋਕ', 'ਯੋਧਾ', 'ਹਥਿਆਰ', 'ਗੁਰੀਲਾ', ਜਿਹੇ ਲਫਜ਼ ਆ ਗਏ । ਕਈ ਲੋਕ ਇਸ 'ਤੇ ਅਚੰਭਿਤ ਵੀ ਹੋਏ । ਪਰ ਉਹ ਇਕ ਸੂਖਮ-ਭਾਵੀ ਮਨੁੱਖ ਸੀ ਤੇ ਉਸ ਦੇ ਅੰਦਰੋਂ ਇਹੋ ਜਿਹੀ ਭਾਵਨਾ ਉਠਣੀ ਲਾਜ਼ਮੀ ਸੀ ।

ਫਾਸ਼ੀਆਂ ਨੇ ਨਰੂਦਾ ਦੇ ਮਿੱਤਰ ਲੇਖਕ ਫ੍ਰੇਦਰੀਕੋ ਲੋਰਕਾ ਨੂੰ ਗੋਲੀ ਨਾਲ ਉਡਾ ਦਿਤਾ। ਹਰ ਰਾਤ ਮੈਡਰਿਡ ਦੀ ਝੋਲੀ ਵਿਚ ਸੌਂ ਰਹੇ ਬੱਚਿਆਂ 'ਤੇ ਅੱਗ ਦੀ ਵਾਛੜ ਹੁੰਦੀ। ਇਸ ਗੈਰ-ਮਨੁੱਖੀ ਵਰਤਾਰੇ ਨੇ ਸਪੇਨੀ ਲੋਕਾਂ ਵਿਚ ਰੋਹ ਪੈਦਾ ਕਰ ਦਿਤਾ । ਨਰੂਦਾ ਦੇ ਅਹੁਦੇ ਦਾ ਰਵਾਇਤੀ ਤਕਾਜ਼ਾ ਸੀ ਕਿ ਉਹ 'ਨਿਰਲੇਪ' ਬੈਠਾ ਰਹਿੰਦਾ । ਪਰ ਉਹ ਆਪਣੀਆਂ ਪ੍ਰਬੰਧਕੀ ਤੇ ਸਿਆਸੀ ਪਾਬੰਦੀਆਂ ਦੀਆਂ ਧੱਜੀਆਂ ਉਡਾਉਂਦਾ ਹੋਇਆ ਸਪੇਨ ਦੇ ਲੋਕਾਂ ਨਾਲ ਆ ਖੜ੍ਹਾ ਹੋਇਆ। ਉਹਨੇ ਲੋਕਾਂ ਦੀ ਹੱਕੀ ਜਦੋਜਹਿਦ ਦਾ ਪ੍ਰਚਾਰ ਕੀਤਾ ਤੇ ਤਿਖੇ ਗਮ ਤੇ ਗੁੱਸੇ 'ਚ ਉਬਲਦੀਆਂ ਕਵਿਤਾਵਾਂ ਲਿਖੀਆਂ ।

ਪਾਬਲੋ ਨਰੂਦਾ ਦੀ ਕਵਿਤਾ ਨੂੰ ਲੋਕ ਕਿੰਨਾ ਪਿਆਰਦੇ ਸਨ, ਇਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ । ਇਹ ਉਨ੍ਹਾਂ ਹੀ ਦਿਨਾਂ ਦੀ ਗੱਲ ਹੈ ਜਦੋਂ ਸਪੇਨ ਦੀ ਜੰਗ ਛਿੜੀ ਹੋਈ ਸੀ। ਨਰੂਦਾ ਦਾ ਇਕ ਦੋਸਤ ਸਿਪਾਹੀ ਸ਼ਾਇਰੀ ਨਾਲ ਲਗਾਓ ਰਖਦਾ ਸੀ । ਉਹ ਆਪਣੇ ਮੋਰਚਿਆਂ ਵਿਚ ਸਾਥੀਆਂ ਨੂੰ ਨਰੂਦਾ ਦੀਆਂ ਕਵਿਤਾਵਾਂ ਸੁਣਾਉਂਦਾ। ਸਿਪਾਹੀ ਉਸ ਦੀ ਕਵਿਤਾ ਤੇ ਇਸ ਕਦਰ ਪ੍ਰਭਾਵਿਤ ਹੋਏ ਕਿ ਉਨ੍ਹਾਂ ਨਰੂਦਾ ਦੀ ਕਾਵਿ-ਕਿਤਾਬ ਛਾਪਣ ਦਾ ਫੈਸਲਾ ਕੀਤਾ । ਪਰ ਕਿਤਾਬ ਦੀ ਛਪਣ ਸਮੱਗਰੀ ਹਾਸਲ ਕਰਨਾ ਇਕ ਸਮੱਸਿਆ ਸੀ । ਜਦ ਵੀ ਬੰਬਾਰੀ ਜ਼ਰਾ ਮੱਠੀ ਪੈਂਦੀ ਤਾਂ ਸਿਪਾਹੀ ਘਾਹ ਫੂਸ ਤੇ ਲੀਰਾਂ ਇਕੱਠੀਆਂ ਕਰਨ ਲਗਦੇ । ਫਿਰ ਇਕ ਉਜੜੀ ਮਿਲ 'ਚੋਂ ਇਨ੍ਹਾਂ ਤੋਂ ਕਾਗਜ਼ ਤਿਆਰ ਕੀਤਾ ਗਿਆ। ਇਕ ਪੁਰਾਣੇ ਗਿਰਜੇ ਵਿਚ ਛਾਪਾਖਾਨਾ ਖੋਲ੍ਹਿਆ ਗਿਆ ਤੇ ਹੱਥੋ-ਹੱਥੀਂ ਕੰਮ ਕਰਕੇ ਨਰੂਦਾ ਦੀ ਕਿਤਾਬ ਛਾਪੀ ਗਈ ।

1942 ਵਿਚ ਜਦੋਂ ਪਾਬਲੋ ਨਰੂਦਾ ਮੈਕਸੀਕੋ ਸ਼ਹਿਰ ਵਿਚ ਆਪਣੇ ਮੁਲਕ ਦੇ ਸਫੀਰ ਵਜੋਂ ਤਾਇਨਾਤ ਸੀ, ਉਦੋਂ ਸੋਵੀਅਤ ਜਨਤਾ ਤੇ ਹੁਕਮਰਾਨਾਂ ਵਿਰੁਧ ਘਿਨਾਉਣਾ ਪ੍ਰਚਾਰ ਆਪਣੀ ਸਿਖਰ 'ਤੇ ਸੀ। ਨਰੂਦਾ ਦਾ ਸਟਾਲਿਨਗ੍ਰਾਦ ਨਾਲ ਕੋਈ ਭਾਵਨਾਤਮਕ ਰਿਸ਼ਤਾ ਸੀ । ਉਸ ਨੇ ਸਟਾਲਿਨਗ੍ਰਾਦ ਦੀ ਮਾਰਫਤ ਰੂਸੀ ਲੋਕਾਂ ਲਈ ਇਕ ਸ਼ਕਤੀਸ਼ਾਲੀ ਕਵਿਤਾ ਲਿਖੀ । ਉਸ ਨੇ ਰਾਜਦੂਤਕ ਸ਼ਿਸ਼ਟਾਚਾਰ ਦੀ ਪ੍ਰਵਾਹ ਨਾ ਕਰਦਿਆਂ ਇਹ ਕਵਿਤਾ ਇਸ਼ਤਿਹਾਰਾਂ ਦੇ ਰੂਪ ਵਿਚ ਸ਼ਹਿਰ ਦੀਆਂ ਕੰਧਾਂ 'ਤੇ ਚਿਪਕਾ ਦਿਤੀ।

ਨਰੂਦਾ ਇਕ ਕਮਿਊਨਿਸਟ ਕਵੀ ਸੀ। ਉਸ ਨੇ ਆਪਣੇ ਇਕ ਮਿੱਤਰ ਦੀ ਨਿਬੰਧਪੁਸਤਕ ਦੀ ਭੂਮਿਕਾ ਵਿਚ ਲਿਖਿਆ ਹੈ, 'ਮਹਾਨ ਕਮਿਊਨਿਸਟ ਪਾਰਟੀ ਹੀ ਮਨੁੱਖ ਦੀ ਇਕੋ ਇਕ ਪਾਰਟੀ ਹੈ।" ਚਿੱਲੀ ਵਾਪਸ ਪਰਤਣ 'ਤੇ ਨਰੂਦਾ ਕਮਿਊਨਿਸਟ ਪਾਰਟੀ ਦੇ ਗਠਨ ਦੇ ਕੰਮ ਵਿਚ ਪੂਰੀ ਤਨਦੇਹੀ ਨਾਲ ਜੁਟ ਪਿਆ ਉਹ ਮਜ਼ਦੂਰਾਂ ਵਿਚ ਗਿਆ, ਕਿਸਾਨਾਂ ਤੀਕ ਪਹੁੰਚਿਆ । ਲੋਕਾਂ ਨੇ ਉਹਨੂੰ ਸੈਨੇਟ ਦਾ ਮੈਂਬਰ ਬਣਾਇਆ ।

1947 ਵਿਚ ਨਰੂਦਾ ਇਕ ਮਹਾਂ ਕਾਵਿ 'ਵਿਸ਼ਵਗੀਤ' ਰਚਣ ਦੇ ਆਹਰ ਵਿਚ ਸੀ। ਉਹਦੀ ਪਾਰਟੀ ਨੇ ਉਹਨੂੰ ਪਾਰਟੀ ਦੇ ਕੰਮਾਂ ਤੋਂ ਯਥਾਯੋਗ ਵਿਹਲ ਦੇ ਕੇ ਸਾਹਿਤਕ ਕਰਨ ਦਾ ਖੁਲ੍ਹਾ ਮੌਕਾ ਪ੍ਰਦਾਨ ਕੀਤਾ। ਨਰੂਦਾ ਪੂਰੀ ਤਰ੍ਹਾਂ ਵਿਸ਼ਵਗੀਤ ਉਤੇ ਕੇਂਦਰਿਤ ਹੋ ਰਿਹਾ ਸੀ ਕਿ ਉਨੀਂ ਦਿਨੀਂ ਉਹਦੇ ਮੁਲਕ ਵਿਚ ਰਾਜ ਪਲਟਾ ਹੋ ਗਿਆ। ਗੌਨਾਜਾਲਿਜ਼ ਵਿਦੇਲਾ, ਕਮਿਊਨਿਸਟਾਂ ਦਾ ਵਿਰੋਧੀ ਬਣ ਗਿਆ । ਉਹਨੇ ਜਨਤਕ ਗਤੀਵਿਧੀਆਂ 'ਤੇ ਪਾਬੰਦੀ ਲਾ ਦਿਤੀ ਤੇ ਸੋਵੀਅਤ ਰੂਸ ਨਾਲੋਂ ਸਬੰਧ ਤੋੜ ਲਏ। ਨਰੂਦਾ ਨੇ ਇਸ ਰਾਜਨੀਤਕ ਉਥਲ-ਪੁਥਲ ਦਾ ਪੋਲ ਖੋਲ੍ਹਦੀ ਇਕ ਖੁੱਲ੍ਹੀ ਚਿੱਠੀ ਲੋਕਾਂ ਦੇ ਨਾਂ ਪ੍ਰਕਾਸ਼ਿਤ ਕੀਤੀ ਇਸ 'ਤੇ ਹੁਕਮਰਾਨਾਂ ਨੇ ਉਹਦੇ ਘਰ ਨੂੰ ਅੱਗ ਲਾ ਦਿਤੀ ਜਿਸ ਦੀ ਲਪੇਟ ਵਿਚ ਨਰੂਦਾ ਦੀ ਲਾਇਬਰੇਰੀ ਅਤੇ ਕਲਾ-ਸੰਗ੍ਰਹਿ ਵੀ ਆ ਗਿਆ । ਉਸ 'ਤੇ ਬਗਾਵਤ ਦਾ ਦੋਸ਼ ਲਾ ਕੇ ਮੁਕੱਦਮਾ ਚਲਾਇਆ ਗਿਆ। ਜਨਵਰੀ 1948 ਦੇ ਸੈਨੇਟ ਦੇ ਇਕੱਠ ਵਿਚ ਨਰੂਦਾ ਨੇ ਜ਼ਬਰਦਸਤੀ ਮੰਚ 'ਤੇ ਆ ਕੇ ਰਾਸ਼ਟਰਪਤੀ ਵਿਦੇਲਾ ਨੂੰ ਸ਼ਰੇਆਮ 'ਗੱਦਾਰ' ਕਿਹਾ। ਉਸ ਨੂੰ ਆਖਿਆ 'ਮੈਂ ਚਿੱਲੀ ਦੇ ਸਭ ਕਮਿਊਨਿਸਟਾਂ ਨੂੰ ਸਲਾਮ ਭੇਜਦਾ ਹਾਂ। ਸਾਡੀ ਪਾਰਟੀ ਅਮਰ ਹੈ। ਮੁਸ਼ਕਲਾਂ ਇਸ ਨੂੰ ਹੋਰ ਮਜ਼ਬੂਤ ਕਰਦੀਆਂ ਹਨ ..।"

ਜਿਨ੍ਹੀਂ ਦਿਨੀਂ ਨਰੂਦਾ ਨੇ ਜਲਾਵਤਨ ਹੋ ਕੇ ਇਟਲੀ ਵਿਚ ਸ਼ਰਨ ਲਈ ਹੋਈ ਸੀ ਤਾਂ ਉਹਦੇ ਦੇਸ਼ ਦੀ ਹਕੂਮਤ ਨੇ ਇਤਾਲਵੀ ਸਰਕਾਰ 'ਤੇ ਜ਼ੋਰ ਪਾਇਆ ਕਿ ਉਹ ਨਰੂਦਾ ਨੂੰ ਆਪਣੇ ਮੁਲਕ 'ਚੋਂ ਕੱਢ ਦੇਵੇ । ਇਕ ਸਵੇਰ ਸਰਕਾਰੀ ਸਿਪਾਹੀ ਆਏ ਤੇ ਨਰੂਦਾ ਨੂੰ ਬੜੇ ਆਦਰ ਨਾਲ ਕਹਿਣ ਲੱਗੇ ਕਿ ਤੁਹਾਨੂੰ ਇਤਾਲਵੀ ਧਰਤੀ ਛੱਡਣੀ ਪਵੇਗੀ। ਇਹ ਗੱਲ ਪਲਾਂ ਵਿਚ ਹੀ ਸਾਰੇ ਦੇਸ਼ ਵਿਚ ਧੁੰਮ ਗਈ। ਦੁਪਹਿਰ ਦੀ ਗੱਡੀ ਨੇ ਨਰੂਦਾ ਨੂੰ ਬਾਹਰ ਲੈ ਕੇ ਜਾਣਾ ਸੀ। ਜਦੋਂ ਪੁਲੀਸ ਉਸ ਨੂੰ ਲੈ ਕੇ ਪਲੇਟ ਫਾਰਮ 'ਤੇ ਆਈ ਤਾਂ ਸੈਂਕੜੇ ਲੋਕ ਫੁੱਲ ਲੈ ਕੇ ਉਹਨੂੰ ਅਲਵਿਦਾ ਕਹਿਣ ਆਏ ਹੋਏ ਸਨ । ਰਾਹ ਵਿਚ ਪੁਲੀਸ ਵਾਲੇ ਨਰੂਦਾ ਦੇ ਆਟੋਗਰਾਫ ਲੈਂਦੇ ਰਹੇ। ਰੋਮ ਤੋਂ ਉਨ੍ਹਾਂ ਗੱਡੀ ਬਦਲਣੀ ਸੀ।

ਜਦੋਂ ਨਰੂਦਾ ਗੱਡੀ ਵਿਚੋਂ ਉਤਰਿਆ ਤਾਂ ਉਥੇ ਹਾਜ਼ਰ ਲੋਕਾਂ ਦੇ ਹਜੂਮ ਨੇ ਉਸ ਦਾ ਪੁਰਜੋਸ਼ ਸੁਆਗਤ ਕੀਤਾ । ਪੁਲੀਸ ਵਾਲਿਆਂ ਨੇ ਬੜੀ ਮੁਸ਼ਕਲ ਨਾਲ ਨਰੂਦਾ ਨੂੰ ਲੋਕਾਂ ਦੇ ਹੱਥਾਂ 'ਚੋਂ ਕੱਢਿਆ ਪਰ ਲੋਕ ਇਕ ਵਾਰ ਫਿਰ ਉਹਨੂੰ ਜਿਵੇਂ ਖੋਹ ਕੇ ਲੈ ਗਏ। ਭੀੜ ਸਰਕਾਰ ਨੂੰ ਗਾਹਲਾਂ ਕੱਢ ਰਹੀ ਸੀ ਤੇ ਪੁਲੀਸ ਵਾਲਿਆਂ ਨੂੰ ਧੱਕੇ ਮਾਰ ਰਹੀ ਸੀ ਰੋਮ ਦੇ ਪਲੇਟਫਾਰਮ 'ਤੇ ਇਸ ਕਸ਼ਮਕਸ਼ ਦੇ ਦੌਰਾਨ ਹੀ ਪਿਛੋਂ ਸਰਕਾਰੀ ਹੁਕਮ ਆ ਗਿਆ ਕਿ ਨਰੂਦਾ ਇਟਲੀ ਵਿਚ ਹੀ ਰਹੇਗਾ। ਲੋਕ ਖੁਸ਼ੀ ਵਿਚ ਨਚ ਉਠੇ। ਮੁੜਨ ਲਗਿਆਂ ਨਰੂਦਾ ਨੇ ਦੇਖਿਆ, ਪਲੇਟਫਾਰਮ 'ਤੇ ਦੂਰ ਤੀਕ ਫੁੱਲਾਂ ਦੀ ਚਾਦਰ ਜਿਹੀ ਵਿਛੀ ਹੋਈ ਸੀ..।

ਵਿਸ਼ਵ-ਵਿਆਪੀ ਪ੍ਰਸਿੱਧੀ ਦੇ ਮਾਲਕ ਚਿੱਲੀ ਦੇ ਇਸ ਕਵੀ ਦਾ ਸਾਰਾ ਜੀਵਨ ਹੀ ਸੰਘਰਸ਼ ਵਿਚ ਗੁਜ਼ਰਿਆ । ਚਿੱਲੀ ਵਿਚ ਫੌਜੀ ਰਾਜ ਪਲਟਾ ਹੋਣ ਨਾਲ ਉਸ ਨੂੰ ਅਸਹਿ ਮਾਨਸਿਕ ਕਸ਼ਟ ਪੁਜਾ ਜਿਸ ਕਾਰਨ 21 ਸਤੰਬਰ 1973 ਨੂੰ ਉਸ ਦਾ ਦਿਹਾਂਤ ਹੋ ਗਿਆ ।

ਬਹੁਤ ਹੀ ਹਲਕਾ ਮੋਟਰ ਸਾਈਕਲ

ਮਾਸਕੋ, 26 ਅਕਤੂਬਰ—ਯੂਕ-ਰੇਨ ਦੇ ਨੋਵਾਯਾ ਕਾਖੋਵਕਾ ਕਸਬੇ ਵਿਚ ਮਹਾਨ ਅਕਤੂਬਰ ਸਮਾਜਵਾਦੀ ਇਨ-ਕਲਾਬ ਦੀ 50ਵੀਂ ਵਰੇਗੰਢ ਦੇ ਨਾਅ ਉਤੇ ਬਣੀ ਮਸ਼ੀਨਰੀ ਕੰਨਟਰਕਸ਼ਨ ਮਿੱਲ ਦੇ ਟਰਨਰ ਮਿਖਾਇਲ ਯਾਸ਼ਿਨ ਨੇ ਇਕ ਨਿੱਕਾ ਜਿੰਨਾ ਮੋਟਰ ਸਾਈਕਲ ਬਣਾਇਆ ਹੈ ਜਿਸਦਾ ਵਜ਼ਨ 16 ਕਿਲੋ ਗਰਾਮ ਹੈ। ਇਹਦੀ ਗਤੀ-ਸੀਮਾ 45 ਕਿਲੋਮੀਟਰ ਪ੍ਰਤੀ ਘੰਟਾ ਹੈ ਅਤੇ ਹਰੇਕ 30 ਕਿਲੋ-ਮੀਟਰ ਵਿਚ ਇਹਦੇ ਬਾਲਣ ਦੀ ਖਪਤ ਲਗਭਗ ਅੱਧਾ ਲਿਟਰ ਹੈ ।

'ਮੇਰੀ ਮੋਟਰ ਸਾਈਕਲ ਦਾ ਲਾਭ ਇਹ ਹੈ ਕਿ ਮੈਂ ਇਹ ਨੂੰ ਕਿਸੇ ਵੀ ਸਮੇਂ ਫੋਲਡ ਕਰ ਸਕਦਾ ਹਾਂ ਅਤੇ ਪੰਜਵੀਂ ਮੰਜ਼ਲ ਦੀ ਬਾਲਕੋਨੀ ਉਤੇ ਇਹ ਨੂੰ ਚੁਕ ਕੇ ਲਿਜਾ ਸਕਦਾ ਹਾਂ । ਮੈਂ ਇਹ ਨੂੰ ਆਪਣੀ ਮਿੱਲ ਤਕ ਚਲ ਕੇ ਲਿਜਾਂਦਾ ਹੈ ਅਤੇ ਘਰ ਵਾਪਸ ਵੀ ਇਸੇ ਉਤੇ ਹੀ ਆਉਂਦਾ ਹਾਂ ਅਤੇ ਮੱਛੀਆਂ ਫੜਨ ਸਮੇਂ ਵੀ ਮੈਂ ਇਸੇ ਉਤੇ ਹੀ ਬੈਠਕੇ ਜਾਂਦਾ ਹਾਂ, ਖੁੰਭਾਂ ਚੁਗਣ ਲਈ ਵੀ ਮੈਂ ਆਪਣੀ ਮੋਟਰ ਸਾਈਕਲ ਦੀ ਵਰਤੋਂ ਕਰਦਾ ਹਾਂ —ਮਿਖਾਇਲ ਯਾਸ਼ਿਨ ਨੇ ਕਿਹਾ । ਮੇਰੀ ਇਸ ਮੋਟਰ ਸਾਈਕਲ ਵਿਚ ਇਕ ਹੋਰ ਪਹੀਆ ਵੀ ਲਾਉਣਾ ਸੰਭਵ ਹੈ ਅਤੇ ਮੈਂ ਤਕਰੀਬਨ 100 ਕਿਲੋਗਰਾਮ ਵਜਨ ਨੂੰ ਢੋਅ ਸਕਦਾ ਹਾਂ ।

ਸਾ ਹਿ ਤ ਦ ਰ ਪ ਣ

ਕਹਾਣੀ

ਅੱਗ ਦਾ ਦਰਿਆ

ਅਵਤਾਰ ਸਿੰਘ ਸਾਦਿਕ

ਉਸ ਦਿਨ ਕੰਮ ਤੋਂ ਛੁੱਟੀ ਕੁਝ ਪਹਿਲਾਂ ਹੋ ਜਾਣ ਕਾਰਨ ਜਸਪਾਲ ਨੇ ਆਪਣੀ ਪਤਨੀ ਦੇ ਘਰ ਆਉਣ ਤੋਂ ਪਹਿਲਾਂ ਕਿਚਨ ਦੀ ਸਫਾਈ ਕੀਤੀ। ਭਾਂਡੇ ਥਾਹੋਂ ਥਾਹੀ ਟਿਕਾਕੇ ! ਸਾਰੇ ਕਮਰਿਆਂ ਨੂੰ ਹੂਵਰ ਨਾਲ ਸਾਫ ਕੀਤਾ। ਘਰ ਦਾ ਇੰਝ ਕੰਮ ਹੋਇਆ ਵੇਖ ਕੇ ਜਸਪਾਲ ਦੀ ਪਤਨੀ ਆਖਦੀ, 'ਜੀ ਜੇ ਦੁਨੀਆਂ ਦਾ ਹਰ ਮਰਦ ਔਰਤਾਂ ਨਾਲ ਇੰਜ ਹਥ ਵਟਾਵੇ ਤਾਂ ਔਰਤਾਂ ਦੀ ਜੂਨ ਵੀ ਸੁਧਰ ਸਕਦੀ ਆ।'

ਪਰ ਜੇ ਕਦੀ ਘਰ ਦੇ ਕੰਮ ਵਿਚ ਹਥ ਵਟਾਉਣ ਤੋਂ ਕੁਤਾਹੀ ਹੋ ਜਾਏ ਤਾਂ ਗੁਸੇ ਵਿਚ ਲੋਹੀ ਲਾਖੀ ਹੋਈ ਬੋਲਦੀ 'ਮੈਂ ਵੀ ਫੈਕਟਰੀ ਵਿਚ ਅੱਠ ਘੰਟੇ ਢੂਡਰ ਕੁਟਾਕੇ ਤੁਹਾਡੇ ਅਗੇ ਆਈ ਆ ... ਥੋਡੇ ਹੱਡ ਗੋਡੇ ਕਿਤੇ ਬਹੁਤ ਸੌਹਲ ਨਹੀਂ ... ਹਾਂ ...।'

ਉਸ ਦਿਨ ਗੁਰਪ੍ਰੀਤ ਦੇ ਕੰਮ ਤੋਂ ਆਉਣ ਤੋਂ ਪਹਿਲਾਂ ਜਸਪਾਲ ਨੇ ਬੜੇ ਚਾਅ ਨਾਲਚਾਹ ਬਣਾਕੇ ਟੇਬਲ ਤੇ ਰਖੀ। ਗੁਰਪ੍ਰੀਤ ਨੇ ਅੰਦਰ ਵੜਦਿਆਂ ਆਪਣਾ ਝੋਲਾ ਤੇ ਕੋਟ ਕੀਲੀ ਤੇ ਟੰਗਿਆ ਤੇ ਫਰੰਟ ਰੂਮ ਵਿਚ ਆ ਕੇ ਪਿਠੂ ਭਾਰ ਥਕਿਆ ਹਾਰਿਆਂ ਵਾਂਗ ਖੱਬੀ ਬਾਂਹ ਅੱਖਾਂ ਤੇ ਰੱਖਕੇ ਲੇਟ ਗਈ। ਜਸਪਾਲ ਨੇ ਸੋਚਿਆ,. ਭਾਰਾ ਕੰਮ ਕਾਰਨ ਥੱਕ ਗਈ ਹੋਣੀ ਆ ਜਾਂ ਫਿਰ ਫੋਰ ਲੇਡੀ ਨਾਲ ਨਸਲੀ ਵਿਤਕਰੇ ਦੇ ਕਿਸੇ ਸਵਾਲ ਤੇ ਝਪਟ ਹੋ ਜਾਣ, ਕਾਰਣ ਮਨ ਦੁਖਿਆ ਹੋਣੈ — ਬਹੁਤ ਦੇਰ ਤਕ ਕਮਰੇ ਵਿਚ ਗੰਭੀਰ ਚੁੱਪ ਦਾ ਪਹਿਰਾ ਰਿਹਾ। ਜਸਪਾਲ ਨੇ ਹੌਸਲਾ ਕਰਕੇ ਚੁਪ ਤੋੜੀ।

'ਗੁਰਪ੍ਰੀਤ ਚਾਹ ਠੰਡੀ ਹੋ ਰਹੀ ਆ।'

ਗੁਰਪ੍ਰੀਤ ਨੇ ਅਣਸੁਣੀ ਇੰਜ ਕੀਤੇ ਜਿਵੇਂ ਉਹ ਜਸਪਾਲ ਨਾਲ ਕਿਸੇ ਗੱਲੋਂ ਨਰਾਜ਼ ਸੀ ਜਾਂ ਫਿਰ ਕੰਮ ਤੇ ਕੋਈ ਐਸੀ ਬਹਿਸ ਹੋ ਗਈ ਸੀ ਜਿਸ ਕਾਰਣ ਉਸ ਦੇ ਮਨ ਨੂੰ ਬਹੁਤ ਵੱਡਾ ਧੱਕਾ ਲੱਗਾ ਸੀ। ਜਸਪਾਲ ਅਜੇ ਆਪਣੀਆਂ ਸੋਚਾਂ ਵਿਚ ਪਿਆ ਬੇਰੁਖੀ ਦੇ ਕਾਰਣ ਲਭ ਰਿਹਾ ਸੀ ਕਿ ਗੁਰਪ੍ਰੀਤ ਨਿਹੋਰਾਂ ਜਿਹਾ ਮਾਰਕੇ ਇਕ ਦਮ ਉਠੀ ਤੇ ਕਹਿਣ ਲੱਗੀ "ਜਸਪਾਲ ਤੈਨੂੰ ਪਤਾ ਆ ਜਿਹੜਾ ਜਲੂਸ ਕੱਲ ਨੂੰ ਸ਼ਹਿਰ ਵਿਚ ਨਿਕਲ ਰਿਹਾਂ, ਮੈਂ ਵੀ ਉਸ ਵਿਚ ਜਾਣਾ ਆ — ਸਾਡੀ ਫੈਕਟਰੀ ਦੀਆਂ ਸਭ ਸਿਖ ਔਰਤਾਂ ਹਿਸਾ ਲੈ ਰਹੀਆਂ—ਮੈਂ ਤਾਂ ਹਰ ਰੋਜ਼ ਉਹਨਾਂ ਨਾਲ ਕੰਮ ਕਰਨਾ ਹੋਇਆ — ਉਹਨਾਂ ਨਾਲੋਂ ਨਿਖੜਕੇ ਆਫਤ ਮੁਲ ਲੈਣ ਆਲੀ ਗੱਲ ਆ—'

ਗੁਰਪ੍ਰੀਤ ਦੀਆਂ ਗੱਲਾਂ ਸੁਣ ਜਸਪਾਲ ਹੈਰਾਨ ਹੋ ਗਿਆ ਤੇ ਬੜੇ ਠਰੰਮੇ ਨਾਲ ਬਹੁਤ ਦੇਰ ਚੁਪ ਰਹਿਣ ਬਾਅਦ ਬੋਲਿਆ, ਸੱਚ ਦਾ ਝੰਡਾ ਬੁਲੰਦ ਰਖਣ ਲਈ ਨਖੇੜਾ ਜ਼ਰੂਰੀ ਹੁੰਦਾ ਆ—ਨਿਖੜ ਉਹਨਾਂ ਔਰਤਾਂ ਨਾਲ ਗੁਰਪ੍ਰੀਤ ਨੂੰ ਨਹੀਂ—ਸਗੋਂ ਜਲੂਸ ਤੇ ਨਾ ਜਾਣ ਨਾਲ, ਉਹ ਸਭ ਨਿਖੜਨਗੀਆਂ

'ਮੈਂ ਤੇਰਾ ਭਾਸ਼ਣ ਨਹੀਂ ਸੁਣਨਾ ਚਾਹੁੰਦੀ—ਜਿਹੜੀਆਂ ਗੱਲਾਂ ਤੁਸੀਂ ਕਰਦੇ ਆ—ਉਹ ਉਹਨਾਂ ਦੇ ਪਲੇ ਨਹੀਂ ਪੈਂਦੀਆਂ—ਉਹਨਾਂ ਦਾ ਤਾਂ ਤਖਤ ਢਠਾ ਆ—ਹਾਂ—' ਗੁਰਪ੍ਰੀਤ ਨੇ ਬੜੇ ਹੀ ਗੁਸੇ ਨਾਲ ਜਸਪਾਲ ਦੀਆਂ ਗੱਲਾਂ ਦਾ ਉਤਰ ਦਿਤਾ। ਜਸਪਾਲ ਖੁਦ ਸੋਚੀਂ ਪੈ ਗਿਆ ਕਿ ਘਟਨਾ ਦੇ ਪਿਛੋਕੜ ਨਾਲ ਜੁੜੀਆਂ ਗੱਲਾਂ ਜਿਹਨਾਂ ਦਾ ਚਰਚਾ ਉਸ ਘਰ ਹੁੰਦਾ ਰਿਹਾ ਸੀ, ਗੁਰਪ੍ਰੀਤ ਇਕ ਦਮ ਭੁਲ ਚੁਕੀ ਸੀ। ਉਹ ਸਭ ਕੁਝ ਜਿਸ ਨੂੰ ਉਹ ਮਨੁੱਖੀ ਕਰਮ ਤੋਂ ਡਿਗੀਆਂ ਹੋਈਆਂ ਅਸਭਿਅਕ ਘਟਨਾਵਾਂ ਕਹਿੰਦੀ ਹੁੰਦੀ ਸੀ।'

'ਇਹ ਕੋਈ ਬੰਦਿਆਂ ਆਲਾ ਕੰਮ ਆ ਕੰਮ ਆ — ਗਾਂ ਦੀ ਪੂਛ ਕਟਕੇ ਮੰਦਰ 'ਚ ਸੁੱਟ ਆਓ — ਸੂਰ ਦਾ ਸਿਰ ਵੱਢਕੇ ਮਸਜਦ ਵਿਚ ਤੇ ਸਿਗਰਟਾਂ ਦੀਆਂ ਡੱਬੀਆਂ ਗੁਰਦੁਆਰਿਆਂ 'ਚ — ਇਹ ਲੋਕ ਨਫਰਤਾਂ ਦੀਆਂ ਕੰਧਾਂ ਖੜੀਆਂ ਕਰਦੇ ਆ। ਮਨੁੱਖੀ ਸਾਂਝਾਂ ਦੇ ਦੁਸ਼ਮਣ ਆ — ਨਿਰੇ ਦੁਸ਼ਮਣ ... ਅਜੇਹੀ ਸੋਚ ਰਖਣ ਵਾਲੀ ਗੁਰਪ੍ਰੀਤ ਨੂੰ ਥਿੜਕੀ ਵੇਖਕੇ ਜਸਪਾਲ ਨੇ ਸਮਝਾਉਣਾ ਚਾਹਿਆ 'ਘਟਨਾਵਾਂ ਕਦੇ ਆਪ ਮੁਹਾਰੇ ਨਹੀਂ ਵਾਪਰਦੀਆਂ — ਹਰ ਘਟਨਾਂ ਕਾਰਨਣਾਂ ਨਾਲ ਜੁੜੀ ਹੋਈ ਹੁੰਦੀ ਆ — ਕਾਰਣਾਂ ਨਾਲ ਜੁੜੇ ਹਿਤਾਂ ਦਾ ਮੰਤਵ ਜਾਣੇ ਬਿਨਾਂ—ਭਾਵਾਂ ਦਾ ਰੌਆਂ ਵਿਚ ਵਹਿਣਾ—ਨਿਰੋਲ ਮਨੋਭਾਵਾਂ ਦਾ ਸ਼ਿਕਾਰ ਹੋਣਾ ਬਰਾਬਰ ਆ—ਗੁਰਪ੍ਰੀਤ ਸਾਡੇ ਅਰਗੇ ਸਿਆਸੀ ਬੰਦਿਆਂ ਨੂੰ ਵਹਿਣ ਦੇ ਰੌਅ ਵਿਚ ਵਹਿਣਾ ਚੇਤੰਨਤਾ ਤੋਂ ਅੱਖਾਂ ਮੀਟਣ ਸਮਾਨ ਆ—' ਜਸਪਾਲ ਦੀਆਂ ਦਲੀਲਾਂ ਨੂੰ ਅਣਗੌਲਕੇ ਬੜੀ ਬੇਰੁਖੀ ਨਾਲ ਗੁਰਪ੍ਰੀਤ ਨੇ ਬੋਲਣਾ ਸ਼ੁਰੂ ਕੀਤਾ 'ਮੇਰੇ ਜਲੂਸ ਵਿਚ ਸ਼ਾਮਲ ਹੋਣ ਜਾਣ ਨਾਲ ਤੇਰੀ ਸਿਆਸਤ ਤੇ ਕਿਹੜਾ ਪਹਾੜ ਡਿਗ ਪਏਗਾ—'

'ਤੇਰੀ ਮੇਰੀ ਸਿਆਸਤ ਕੋਈ ਵਖਰੀ ਆ — ਵੀਹ ਵਰ੍ਹੇ ਹੋ ਚਲੇ ਆ ਇਕੋ ਮਾਰਗ ਤੇ ਚਲਦਿਆਂ' ਜਸਪਾਲ ਨੇ ਬੜੇ ਧੀਮੇਂ ਬੋਲੀ ਸਮਝਾਉਣ ਦਾ ਯਤਨ ਕੀਤਾ ਪਰ ਗੁਰਪ੍ਰੀਤ ਦੇ ਸਿਰ ਤੇ ਜਲੂਸ ਦਾ ਭੂਤ ਅਸਵਾਰ ਹੋ ਚੁਕਾ ਸੀ, ਉਹ ਬੜੀ ਦ੍ਰਿੜਤਾ ਨਾਲ ਬੋਲੀ 'ਮੈਨੂੰ ਮਾਰਗ ਮੂਰਗ ਦਾ ਕੋਈ ਪਤਾ ਨਹੀਂ—' ਮੈਂ ਤਾਂ ਜਲੂਸ ਵਿਚ ਜਾਮਾਂਗੀ—ਮੈਨੂੰ ਵੀ ਆਪਣੀ ਮਰਜੀ ਕਰਨ ਦਾ ਹੱਕ ਆ—ਹਾਂ—ਮੈਨੂੰ ਕੋਈ ਰੋਕ ਨਹੀਂ ਸਕਦਾ—'

ਗੁਰਪ੍ਰੀਤ ਦਾ ਫੈਸਲਾ ਸੁਣਕੇ ਉਸ ਦਾ ਸੋਲਾਂ ਵਰ੍ਹਿਆਂ ਦਾ ਪੁੱਤਰ ਤਾਂ ਚੁਪ ਰਿਹਾ ਪਰ ਵੱਡੀ ਕੁੜੀ ਬੋਲੀ, 'ਮੰਮੀ ਜਦੋਂ ਆਪਾਂ ਜਲੂਸਾਂ ਤੇ ਜਾਂਦੇ ਹੁੰਦੇ ਸੀ—ਤੁਹਾਡੀ ਫੈਕਟਰੀ ਦੀਆਂ ਇਹੋ ਔਰਤਾਂ ਕਹਿੰਦੀਆਂ ਹੁੰਦੀਆਂ ਸੀ—ਅਸੀਂ ਇਥੇ ਕਮਾਉਣ ਆਏ ਆਂ—ਜਲਸੇ-ਜਲੂਸ ਕਰਨ ਨਹੀਂ'

'ਐਮੇਂ ਨਾ ਚਪੜ ਚਪੜ ਕਰੀ ਜਾ—ਰਾਮ ਨਾਲ ਬੈਠੀ ਰਹਿ—ਲਗੀ ਆ ਪਿਓ ਆਂਗੂੰ ਸਿਆਸਤ ਘੋਲਣ' ਗੁਰਪ੍ਰੀਤ ਦੀ ਧੀ ਝਿੜਕਾਂ ਸੁਣਕੇ ਚੁਪ ਕਰ ਗਈ ਤੇ ਕਿਤਾਬਾਂ ਚੁਕਕੇ ਕੋਠੇ ਚੜ ਗਈ। ਕਮਰੇ ਵਿਚ ਚੁੱਪ ਛਾਈ ਵੇਖ ਉਨ੍ਹਾਂ ਦਾ ਪੁੱਤਰ ਵੀ ਕੋਠੇ ਚੜ ਗਿਆ।

ਮੇਜ਼ ਤੇ ਕੇਟਲੀ ਤੇ ਚਾਹ ਦੇ ਕੱਪ ਸਜੇ ਰਹੇ। ਕਮਰੇ ਵਿਚ ਸੋਗ ਵਰਗੀ ਚੁੱਪ ਫੈਲ ਗਈ। ਜਸਪਾਲ ਨੇ ਆਸ ਦੀ ਕੰਨੀ ਨਾ ਛੱਡੀ। ਉਸ ਇਕ ਸਿਆਸੀ ਮਨੁਖ ਵਾਂਗ ਗੰਧਲੇ ਪਾਣੀ ਦਾ ਨਿਤਾਰਾ ਕਰਨ ਦੀ ਇੱਛਾ ਨਾਲ ਕਿਹਾ, 'ਗੁਰਪ੍ਰੀਤ—ਜਲੂਸ ਵਿਚ ਜਾਣ ਦੀ ਐਮੇਂ ਅੜੀ ਕਰੀ ਜਾਨੀ ਆਂ—ਉਥੇ ਢਾਈ ਇੱਟਾਂ ਦੀ ਮਸੀਤ ਦੇ ਨਾਹਰੇ ਬੁਲੰਦ ਹੋਣਗੇ—ਕੀ ਤੇਰੇ ਕੰਨ ਉਹ ਬੋਲ ਸਹਿ ਸਕਣਗੇ ?"

'ਉਨ੍ਹਾਂ ਦੇ ਮਨ ਵਲੂੰਧਰੇ ਪਏ ਆ—ਉਨ੍ਹਾਂ ਦਾ ਤਖਤ ਢੱਠਾ ਆ — ਉਹ ਧਾਹਾਂ ਮਾਰ ਮਾਰ ਹਿਕਾਂ ਕੁਟਦੀਆਂ ਤੇ ਤੂੰ ਕਹਿ ਰਿਹਾ ਏਂ—ਇਹ ਘਟਨਾਂ ਟਾਲੀ ਜਾਂ ਸਕਦੀ ਸੀ—'

ਘਟਨਾ ਟਾਲੀ ਜਾਣ ਵਾਲੀ ਗੱਲ ਤੇ ਬਹਿਸ ਕਰਦਿਆਂ ਗੁਰਪ੍ਰੀਤ ਦੀ ਜਲੂਸ ਵਿਚ ਸ਼ਾਮਲ ਹੋਣ ਦੀ ਜਿਦ ਤੇ ਜਸਪਾਲ ਨੇ ਆਪਣਾ ਫੈਸਲਾ ਸੁਣਾਂ ਦਿਤਾ, 'ਗੁਰਪ੍ਰੀਤ—ਤੇਰਾ ਫੈਸਲਾ ਸਿਆਸੀ ਏ—ਦੇਸ਼ ਮੋਹ ਤੇ ਦੇਸ਼ ਧਰੋਹ ਇਕ ਮਿਆਨ ਵਿਚ ਦੋ ਤਲਵਾਰਾਂ ਆਂਗ ਨਹੀਂ ਸਮਾਂ ਸਕਦੇ—ਤੇਰਾ ਰਾਹ ਵਖਰਾ ਤੇ ਮੇਰਾ ਵਖਰਾ—'

ਜਸਪਾਲ ਦੇ ਫਿਲਾਸਫਾਨਾ ਸ਼ਬਦਾਂ ਨੂੰ ਸੁਣਕੇ ਗੁਰਪ੍ਰੀਤ ਅੱਗ ਵਾਂਗ ਮੱਚ ਗਈ। ਗੁਸੇ ਵਿਚ ਲੋਹੀ ਲਾਖੀ ਹੋਈ ਬੜੀ ਦ੍ਰਿੜਤਾ ਨਾਲ ਬੋਲੀ, '—ਧਮਕੀਆਂ ਦੇਣ ਦੀ ਲੋੜ ਨਹੀਂ—ਜਿਹੜਾ ਤਲਾਕ ਕਲ ਨੂੰ ਦੇਣਾ ਆ ਨਾ — ਉਹ ਅਜ ਹੀ ਦੇਵੋ—ਮੈਨੂੰ ਵੀ ਆਪਣੀ ਮਰਜ਼ੀ ਕਰਨ ਦੀ ਆਜ਼ਾਦੀ ਆ—ਹਾਂ —ਆਏ ਆ ਵੱਡੇ ਆਪਣੀ ਸਿਆਸਤ ਮੇਰੇ ਸਿਰ ਲਦਣ... ਮੈਨੂੰ ਧੌਂਸ ਦੇਣ ਦੀ ਲੋੜ ਨਹੀਂ — ਮੈਂ ਆਪਣਾ ਆਪ ਕਮਾਕੇ ਖਾ ਸਕਦੀ ਆਂ —' ਗੁਰਪ੍ਰੀਤ ਇੰਝ ਬੋਲਦੀ ਗੁਸੇ ਵਿਚ ਉਠੀ ਤੇ ਕਿਚਨ ਵਿਚ ਜਾ ਕੇ ਭਾਂਡੇ ਖੜਕਾਉਣ ਲਗ ਪਈ।

ਸਿਆਣੇ ਕਹਿੰਦੇ ਹੁੰਦੇ ਸੀ ਕਿ ਜਦੋਂ ਅਕਾਸ਼ ਵਿਚ ਕੋਈ ਤਾਰਾ ਟੁਟਦਾ ਆ ਤਾਂ ਮਾੜੇ ਦਿਨਾਂ ਦੀ ਨਿਸ਼ਾਨੀ ਹੁੰਦੀ ਆ—'ਨੀਲਾ ਤਾਰਾ' ਤਾਂ ਵਲੈਤ ਤੋਂ ਹਜ਼ਾਰਾਂ ਮੀਲ ਦੂਰ ਟੁਟਿਆ ਸੀ—ਫਿਰ ਵੀ ਉਸ ਹਸਦਾ ਵਸਦਾ ਘਰ ਲਪੇਟ ਵਿਚ ਆ ਗਿਆ ਸੀ, — ਜਸਪਾਲ ਸੋਚੀਂਜਾ ਰਿਹਾ ਸੀ—ਪੰਜਾਬ ਦੀਆਂ ਸਿਠਣੀਆਂ, ਅਲਾਹੁਣੀਆਂ, ਗਿਧਿਆਂ, ਭੰਗੜਿਆਂ ਤੇ ਲੋਕ ਗੀਤਾਂ ਦੀ ਸਾਂਝ ਤਾਂ ਫਿਰਕੂ ਸਦਭਾਵਨਾ ਦੇ ਉਦਮ ਕਾਰਣ ਸ਼ਾਇਦ ਬੱਚ ਜਾਏਗੀ ਪਰ ਉਸ ਦੇ ਘਰ ਵਿਚ ਜਿਹੜੀ ਦੀਵਾਰ ਉਸਾਰੀ ਸੀ ਉਹ ਢਾਉਣੀ ਔਖੀ ਸੀ। ਗੁਰਪ੍ਰੀਤ ਆਪਣਾ ਫੈਸਲਾ ਬੜੀ ਦ੍ਰਿੜਤਾ ਨਾਲ ਸੁਣਾ ਚੁਕੀ ਸੀ।

ਜਿਸ ਢੰਗ ਨਾਲ ਗੁਰਪ੍ਰੀਤ ਨੇ ਸਟੈਂਡ ਲਿਆ ਸੀ, ਉਸ ਸੁਆਲ ਤੇ ਸਮਝੌਤੇ ਬਾਜੀ ਦਾ ਸੁਆਲ ਪੈਦਾ ਨਹੀਂ ਸੀ ਹੁੰਦਾ। ਜੇ ਜਸਪਾਲ ਆਪਣੀ ਸਿਆਸੀ ਪਹੁੰਚ ਛਡਦਾ ਸੀ ਤਾਂ ਉਹ ਆਪ ਹੀ ਨਹੀਂ ਸੀ ਮਰਦਾ ਸਗੋਂ ਫਿਰਕੂ ਜ਼ਹਿਰ ਫੈਲਣ ਤੇ ਉਸ ਸੋਚਣੀ ਦਾ ਅਧਾਰ ਫੈਲਣ ਲਈ ਮੈਦਾਨ ਖੁਲ੍ਹਾ ਛਡਦਾ ਸੀ — ਦੂਜੇ ਪਾਸੇ ਗੁਰਪ੍ਰੀਤ ਨਾਲੋਂ ਤਲਾਕ ਲੈ ਕੇ ਆਪਣੇ ਸੱਚ ਤੇ ਸੁੱਚੇ ਅਸੂਲਾਂ ਦਾ ਕਾਇਮੀ ਲਈ ਖਲੋ ਕੇ ਹੀ ਹਨ੍ਹੇਰੇ ਵਿਚ ਰੋਸ਼ਨੀ ਪੈਦਾ ਕਰਕੇ ਹਨ੍ਹੇਰ ਬਿਰਤੀ ਦੀ ਪੱਸਰੀ ਧੁੰਦ ਨੂੰ ਖਿੰਡਾਇਆ ਜਾ ਸਕਦਾ ਸੀ। ਜਸਪਾਲ ਬਿਨ ਖਾਣਾ ਖਾਧਿਆਂ ਆਪਣੇ ਕਮਰੇ ਵਿਚ ਬੈਡ ਤੇ ਪਿਆ ਸੋਚਦਾ ਰਿਹਾ, 'ਜੇ ਮਹਾਂਨਗਰ ਦੀ ਮਹਾਂਰਾਣੀ ਸਮਸਿਆ ਨੂੰ ਹਲ ਕਰਨ ਲਈ ਸਿਆਸੀ ਪਹੁੰਚ ਆਪਣਾਉਂਦੀ 'ਯੁੱਧ' ਦੇ ਪੈਂਤੜੇਬਾਜ਼ 'ਅੱਗ' ਤੇ 'ਪਾਣੀ' ਵਿਚਕਾਰ ਅੰਤਰ ਸਮਝ ਸਕਦੇ ਤੇ 'ਮਾਰੂ ਝਖੜ' ਵਿਰੁਧ ਪਰਬਤ ਬਣਕੇ ਖਲੋਂਦੇ ਤਾਂ ਘਟਨਾ ਟਾਲੀ ਜਾ ਸਕਦੀ ਸੀ ...'

ਜਿਹੜੀ ਘਟਨਾ ਉਸਦੇ ਘਰ ਵਾਪਰਨ ਵਾਲੀ ਸੀ, ਉਸ ਦੇ ਟਲਣ ਦਾ ਕੋਈ ਰਾਹ ਨਹੀਂ ਸੀ। ਗੁਰਪ੍ਰੀਤ ਆਪਣੇ ਮੋਰਚੇ ਤੇ ਡਟੀ ਹੋਈ ਸੀ। ਘਰ ਦੇ ਬਟਵਾਰੇ ਬਾਰੇ, ਗੁਰਪ੍ਰੀਤ ਦੇ ਸਿਆਸੀ ਪੱਧਰ ਬਾਰੇ ਸਾਰੀ ਰਾਤ ਜਸਪਾਲ ਸੋਚਦਾ ਰਿਹਾ। ਜੇ ਗੁਰਪ੍ਰੀਤ ਮੁਜਾਹਰੇ ਵਿਚ ਸ਼ਾਮਲ ਹੋਈ ਤਦ ਘਰ ਛਡਕੇ ਸਭਾ ਦੇ ਦਫਤਰ ਵਿਚ ਪੱਕੇ ਤੌਰ ਤੇ ਰਹਿਣ ਦੇ ਫੈਸਲੇ ਤੇ ਪਹੁੰਚਦਿਆਂ ਉਸ ਦੀ ਅੱਖ ਲੱਗ ਗਈ।

ਜਸਪਾਲ ਨੇ ਦਿਨ ਚੜ੍ਹਦਿਆਂ ਝੋਲਾ ਚੁਕਿਆ ਤੇ ਪੰਜਾਬ ਦੀਆਂ ਘਟਨਾਵਾਂ ਸਬੰਧੀ ਸਭਾ ਵਲੋਂ ਛਾਪੇ ਇਸ਼ਤਿਹਾਰ ਵੰਡਣ ਲਈ ਘਰੋਂ ਚਲਾ ਗਿਆ। ਕਾਫੀ ਰਾਤ ਲੰਘੀ ਘਰ ਮੁੜਿਆ। ਗੁਰਪ੍ਰੀਤ ਟੇਬਲ ਤੇ ਖਾਣਾ ਰੱਖਕੇ ਉਸਦੀ ਉਡੀਕ ਕਰ ਰਹੀ ਸੀ। ਜਸਪਾਲ ਗੁੱਸੇ ਕਾਰਣ ਚੁਪਚਾਪ ਟੈਲੀਵੀਜ਼ਨ ਵੇਖਣ ਲਗ ਪਿਆ। ਕਾਫੀ ਦੇਰ ਬਾਦ ਗੁਰਪ੍ਰੀਤ ਬੋਲੀ, 'ਜੀ ਜੇ ਮੁਜਾਹਰੇ ਤੇ ਚਲੀ ਜਾਂਦੀ ਤਾਂ ਮੈਂ ਆਪਣਾ ਘਰ ਬਰਬਾਦ ਕਰ ਲੈਣਾ ਸੀ — ਤੁਸੀਂ ਆਹ ਅਖਬਾਰ ਪੜੋ—ਉਹਨਾਂ ਤਾਂ ਸੱਚਮੁਚ ਐਲਾਨ ਕੀਤਾ ਹੈ ਕਿ 'ਅਸੀਂ ਭਾਰਤ ਮਾਂ ਦੇ ਪੁੱਤ ਨਹੀਂ—ਭਾਰਤ ਤੇ ਹਿੰਦੂਆਂ ਦਾ ਰਾਜ ਆ — ਗੁਰਪ੍ਰੀਤ ਦੇ ਸਵਾਲ ਦੇ ਉਤਰ ਵਿਚ ਜਸਪਾਲ ਬੋਲਿਆ—

'. ਭਾਰਤ ਤੇ ਰਾਜ ਤਾਂ ਮੁਠੀ ਭਰ ਧਨੀਆਂ ਦਾ ਆ—ਉਹਨਾਂ ਦਾ ਧਰਮ ਆ ਲੁਟ-ਖਸੁੱਟ ਕਰਨੀ—ਧਰਮ, ਬੋਲੀ, ਜਾਤ ਇਲਾਕਾ ਆਦਿ ਮਸਲਿਆਂ ਤੇ ਲੋਕਾਂ ਨੂੰ ਚੀਰ ਪਾੜਕੇ ਰਖਣਾ, ਧਨੀ ਲੋਕਾਂ ਦੇ ਸਿਆਸੀ ਪ੍ਰਤੀਨਿਧਾਂ ਦਾ ਰਾਜਨੀਤਕ ਅਮਲ ਆ — ਇਸ ਅਮਲ ਵਿਰੁਧ ਲੜਨ ਲਈ ਹਰ ਫਿਰਕੂ, ਵੰਡਵਾਦੀ ਅਨਸਰਾਂ ਤੋਂ ਨਿਖੇੜਾ ਕਰਨ ਨਾਲ ਹੀ ਪੰਜਾਬ ਦੇ ਪਾਣੀਆਂ ਵਿਚ ਜ਼ਹਿਰ ਘੋਲਣੋਂ ਬਚਾਈ ਜਾ ਸਕੇਗੀ — ਧਰਮ ਨੂੰ ਰਾਜਨੀਤੀ ਨਾਲੋਂ ਜੁਦਾ ਕਰਨ ਦੀ ਲੋੜ ਐ—ਇਹਨਾਂ ਦੋ ਸਵਾਲਾਂ ਦੇ ਨਿਖੇੜੇ ਲਈ ਅਸੀਂ ਵਿਸ਼ਾਲ ਮੁਹਿਮ ਚਲਾਈ ਆ ... ਅਗਸਤ ਦੇ ਆਜ਼ਾਦੀ ਦਿਵਸ ਲਈ ਤੇ ਘਟਨਾਵਾਂ ਦੇ ਪਿਛੋਕੜ ਸਬੰਧੀ ਘਰ ਘਰ ਜਾ ਕੇ ਲੋਕਾਂ ਨੂੰ ਸਮਝਾ ਰਹੇ ਆਂ ਤਾਂ ਜੋ ਸਦਭਾਵਨਾ ਬਣੀ ਰਹੇ—'

ਗਲ ਕੀ ਸਭਾ ਵਲੋਂ ਸਦਭਾਵਨਾ ਮੁਹਿਮ ਚਲਦੀ ਰਹੀ। ਸ਼ਹਿਰ ਵਿਚ ਖਬਰਾਂ ਉਡਣ ਲਗੀਆਂ ਕਿ ਕਿਸੇ ਵੀ ਸਭਾ ਜਾਂ ਸੁਸਾਇਟੀ ਨੂੰ ਅਜ਼ਾਦੀ ਦਿਨ ਨਹੀਂ ਮਨਾਉਣ ਦਿਤਾ ਜਾਏਗਾ। ਅਜਿਹਾ ਐਲਾਨ ਕਰਨ ਵਾਲੇ ਆਪਣੇ ਮੰਤਵਾਂ ਦੀ ਪੂਰਤੀ ਲਈ—ਡੰਡੇ ਝੁਲਾਕੇ ਖੁਦ ਸਰਕਾਰਾਂ ਦਾ ਐਲਾਨ ਕਰਦੇ ਰਹੇ—ਮੁਹਿਮ ਦੀ ਚੜ੍ਹਤ ਤੋਂ ਬੁਖਲਾਕੇ ਸਭਾ ਦਾ ਦਫਤਰ ਭੰਨ ਗਏ। ਟਾਵੇਂ ਟਾਵੇਂ ਬੰਦੇ ਪਾਰਕਾਂ ਵਿਚ ਬੈਠਕੇ ਗੱਲਾਂ ਕਰਨ ਲਗੇ 'ਬਈ ਡਿਗੀ ਖੋਤੇ ਤੋਂ ਗੁਸਾ ਘੁਮਾਰ 'ਤੇ——ਟੱਕਰ ਲੈਣੀ ਆਂ ਤਾਂ ਹਕੂਮਤ ਨਾਲ ਲੈਣ—ਗਰੀਬਾਂ, ਮਜ਼ਦੂਰਾਂ, ਬੇਰੁਜ਼ਗਾਰਾਂ ਦੀ ਮਦਦ ਕਰਨ ਆਲਿਆਂ ਦਾ ਦਫਤਰ ਭੰਨਣ ਨਾਲ ਇਨ੍ਹਾਂ ਲੋਕਾਂ ਨੂੰ ਕੀ ਰਾਜ ਮਿਲ ਜਾਊਗਾ?"

ਉਸ ਰਾਤ ਕਾਫੀ ਰਾਤ ਬੀਤ ਚੁਕੀ ਸੀ। ਜਸਪਾਲ ਵਡੇ ਸਾਰੇ ਧਮਾਕੇ ਨੂੰ ਸੁਣਕੇ ਉਭੜਵਾਹੇ ਉਠਿਆ। ਤੇ ਥੱਲੇ ਉਤਰਕੇ ਫਰੰਟ ਰੂਮ ਵੇਖਿਆ—ਫਰੰਟ ਰੂਮ ਲਹੂ ਨਾਲ ਲਿਬੜਿਆ ਹੋਇਆ ਸੀ। ਬੋਤਲਾਂ ਦੇ ਸ਼ੀਸ਼ੇ ਸਾਰੇ ਕਮਰੇ ਵਿਚ ਖਿਲਰੇ ਹੋਏ ਸਨ। ਸੋਫਾ, ਕਿਤਾਬਾਂ, ਕਾਰਪੇਟ, ਕੰਧਾਂ, ਲਹੂ-ਲੁਹਾਣ ਹੋਈਆਂ ਪਈਆਂ ਸਨ। ਲਹੂ ਬਹੁਤ ਹੀ ਭੈੜੀ ਬਦਬੋ ਮਾਰ ਰਿਹਾ ਸੀ —ਧਮਕਾ ਸੁਣਕੇ ਆਂਢੀ-ਗੁਆਂਢੀ ਇਕੱਠੇ ਹੋ ਗਏ। ਹਰ ਕੋਈ ਇਹ ਜਾਣਦਿਆਂ ਹੋਇਆਂ ਕਿ ਕਿਹਨਾਂ ਲੋਕਾਂ ਦਾ ਕਾਰਾ ਸੀ 'ਬੜਾਹ ਮਾੜਾ ਆ' ਕਹਿ ਤੁਰ ਜਾਂਦਾ। ਇਕ ਬਿਰਧ ਬਾਬਾ ਆਪਣੀ ਖੂੰਡੀ ਨੂੰ ਉਚੀ ਕਰਕੇ ਤੇ ਜਸਪਾਲ ਨੂੰ ਕਲਾਵੇ ਵਿਚ ਲੈ ਕੇ ਬੋਲਿਆ "ਪਾਠ ਪੁਤਰ ਘਾਬਰੀਂ ਨਾਹ — ਅਸੀਂ ਤੇਰੇ ਨਾਲ ਆਂ—ਤੇਰੀ ਜਥੇਬੰਦੀ ਦੀ ਨੀਂਹ ਸ਼ਹੀਦ ਊਧਮ ਸਿੰਘ ਨੇ ਰਖੀ ਸੀ— ਤੇਰੇ ਘਰ ਲਹੂ ਦੀਆਂ ਬੋਤਲਾਂ ਸੁਟਕੇ— ਅਹਮਕਾਂ ਨੇ ਸ਼ਹੀਦਾਂ ਦਾ ਨਿਰਾਦਰ ਕੀਤਾ ਆ—ਪੁੱਤ ਤੇਰੀ ਸਭਾ ਸੱਚ ਬੋਲਦੀ ਆ—ਸੱਚ ਕੌੜਾ ਹੁੰਦਾ ਆ—ਸਚ ਮੁਚ ਇਹਨਾਂ ਲੋਕਾਂ ਤੋਂ ਦੇਸ਼ ਦੀ ਅਜ਼ਾਦੀ ਨੂੰ ਖਤਰਾ ਆ...'

ਬਾਬੇ ਦੇ ਬੋਲ ਸੁਣਕੇ ਗੁਰਪ੍ਰੀਤ ਨੂੰ ਅਹਿਸਾਸ ਹੋਇਆ ਕਿ ਜਸਪਾਲ ਹੋਰਾਂ ਨਾਲ ਵੀ ਲੋਕ ਖਲੋਤੇ ਹਨ। ਕਿਉਂਕਿ ਬਹੁਤੇ ਲੋਕ ਜਸਪਾਲ ਹੋਰਾਂ ਨੂੰ ! ਇਹ ਦੱਸਣ ਆਉਂਦੇ ਕਿ ਲੋਕ ਤੁਹਾਡੇ ਨਾਲੋਂ ਟੁਟ ਚੁਕੇ ਸਨ। ਤੁਸੀਂ ਆਜ਼ਾਦੀ ਦਿਨ ਨਾ ਮਨਾਵੋ ਜਸਪਾਲ ਅਜਿਹਾ ਕਹਿਣ ਵਾਲਿਆਂ ਦੀਆਂ ਗੱਲਾਂ ਸੁਣਕੇ ਕਹਿੰਦਾ ਕਿ ਅਸੀਂ ਤਾਂ ਅਜ਼ਾਦੀ ਦਿਨ ਤੇ ਦੇਸ਼ ਦੀ ਸਰਕਾਰ ਦੀਆਂ ਗਲਤ ਪਾਲਸੀਆਂ ਦੀ ਹਮੇਸ਼ਾਂ ਨਿੰਦਾ ਕਰਦੇ ਆਂ। ਇਸ ਵਰ੍ਹੇ ਆਜ਼ਾਦੀ ਦੀ ਅਹਿਮੀਅਤ ਹੋਰ ਵੀ ਵਧ ਗਈ ਹੈ ਕਿਉਂਕਿ ਦੇਸ਼ ਵਿਰੋਧੀ ਅਨਸਰ ਦੇਸ਼ ਨੂੰ ਸਾਮਰਾਜੀ ਸ਼ਹਿ ਤਹਿਤ ਮੁੜ ਗੁਲਾਮ ਬਣਾਉਣ ਲਈ ਤੁਲੇ ਹੋਏ ਹਨ। ਅਸੀਂ ਇਸ ਖਤਰੇ ਵਿਰੁਧ ਪਿਛਲੇ ਕੁਝ ਵਰ੍ਹਿਆਂ ਤੋਂ ਲੋਕਾਂ ਨੂੰ ਚੌਕਸ ਕਰ ਰਹੇ ਆਂ। ਲੋਕਾਂ ਦੀ ਪੰਜਾਬ ਵਿਚ ਸ਼ਾਂਤੀ ਲਈ ਯਤਨਸ਼ੀਲਤਾ ਹੀ ਦੇਸ਼ ਧਰੋਹੀ ਅਨਸਰਾਂ ਨੂੰ ਹਾਰ ਦੇ ਸਕੇਗੀ—'

ਜਸਪਾਲ ਦੀ ਸਭਾ ਅਜ਼ਾਦੀ ਦਿਵਸ ਲਈ ਮੁਹਿਮ ਵਿਚ ਰੁਝੀ ਰਹੀ ਤੇ ਗੁਰਪ੍ਰੀਤ ਆਪਣੀਆਂ ਆਂਡਣਾਂ-ਗੁਆਂਢਣਾਂ ਆਜ਼ਾਦੀ ਦਿਨ ਦੇ ਪਰੋਗਰਾਮਾਂ ਤੇ ਜਾਣ ਲਈ ਪ੍ਰੇਰਦੀ ਰਹੀ। ਮੁਹਿਮ ਦੇ ਦੌਰਾਨ ਦਫਤਰ ਫੇਰ ਭੰਨਿਆ ਗਿਆ। ਸਭਾ ਦੇ ਹੋਰ ਮੈਂਬਰਾਂ ਦੇ ਘਰੀਂ ਖੂਨ ਦੀਆਂ ਬੋਤਲਾਂ ਸੁਟੀਆਂ ਗਈਆਂ—ਧਮਕੀਆਂ, ਡਰਾਵੇ ਆਦਿ ਦੀਆਂ ਅਫਵਾਹਾਂ ਉਡਣ ਲਗੀਆਂ। — ਲੋਕਾਂ ਦੇ ਘਰੀਂ ਅਜ਼ਾਦੀ ਦਿਨ ਤੇ ਨਾ ਜਾਣ ਲਈ ਇਸ਼ਤਿਹਾਰ ਵੰਡੇ ਗਏ। ਡਰ ਤੇ ਸਹਿਮ ਦਾ ਮਾਹੌਲ ਪੈਦਾ ਕੀਤਾ ਗਿਆ ਪਰ ਜਸਪਾਲ ਦੀ ਸਭਾ ਦੇ ਮੈਂਬਰ ਸਦ-ਭਾਵਨਾ ਬਣਾਈ ਰਖਣ ਤੇ ਦੇਸ਼ ਦੀ ਆਜ਼ਾਦੀ ਨੂੰ ਖਤਰੇ ਸਬੰਧੀ ਲੋਕਾਂ ਨੂੰ ਚੌਕਸ ਕਰਦੇ

([illegible])

(ਪੰਨਾ 19 ਦੀ ਬਾਕੀ)

ਦਸਦੇ ਕਿ ਇਹ ਉਹ ਲੋਕ ਹਨ, ਜਿਹਨਾਂ ਪਿਛਲੇ ਵਰ੍ਹਿਆਂ ਵਿਚ ਪੰਜਾਬ ਦੀਆਂ ਸੱਮਸਿਆਵਾਂ ਸਬੰਧੀ ਚਿੰਤਾ ਦਾ ਕਦੇ ਇਜ਼ਹਾਰ ਤਕ ਵੀ ਨਹੀਂ ਸੀ ਕੀਤਾ ; ਕਦੇ ਕੋਈ ਪ੍ਰੈਸ ਵਿਚ ਬਿਆਨ ਵੀ ਨਹੀਂ ਸੀ ਦਿਤਾ।

ਅਗਸਤ ਦਾ ਮਹੀਨਾ ਸੀ। ਧੁੱਪ ਨਿਕਲੀ ਹੋਈ ਸੀ। ਮਾਈਨਰਾਂ ਦੀ ਹੜਤਾਲ ਹੋਈ ਨੂੰ ਪੰਜਵਾਂ ਮਹੀਨਾ ਚੜ੍ਹ ਪਿਆ ਸੀ। ਸਭਾ ਦੇ ਮੈਂਬਰ ਹੜਤਾਲੀਆਂ ਲਈ ਦਿਨ ਰਾਤ ਇਕ ਕਰਕੇ ਫੰਡ ਇਕੱਠਾ ਕੀਤਾ।

ਜੋ ਆਜ਼ਾਦੀ ਦਿਵਸ ਤੇ ਮਾਈਨਰਜ਼ ਦੇ ਕੌਮੀ ਲੀਡਰ ਨੂੰ ਭੇਂਟ ਕਰਨ ਦਾ ਪ੍ਰਬੰਧ ਕੀਤਾ ਗਿਆ ਸੀ। ਮਾਈਨਰਜ ਦੇ ਲੀਡਰ ਨੂੰ ਸੁਨਣ ਲਈ ਅੰਗਰੇਜ਼ ਲੋਕ ਵੀ ਅਜ਼ਾਦੀ ਦਿਵਸ ਤੇ ਪੁਜ ਰਹੇ ਸਨ।

ਅਜ਼ਾਦੀ ਦਿਵਸ ਸ਼ੁਰੂ ਹੋਣ ਵਾਲਾ ਹੀ ਸੀ ਕਿ ਹਾਲ ਦੇ ਬਾਹਰ ਮੁਜ਼ਾਹਰੀਨ ਇਕਠੇ ਹੋਣੇ ਸ਼ੁਰੂ ਹੋਏ। ਹਾਲ ਦੇ ਸਾਹਮਣੇ, ਸੜਕਾਂ ਤੇ ਖੜੇ ਮੁਸਲਮਾਨ ਤੇ ਗੁਜਰਾਤੀ ਹੈਰਾਨ ਸਨ ਕਿ ਕ ਸਭਾ ਜਿਹੜੀ ਵੀਹ ਸਾਲਾਂ ਤੋਂ ਇਸੇ ਹਾਲ ਵਿਚ ਆਪਣੇ ਪਰੋਗਰਾਮ ਕਰਦੀ ਸੀ, ਉਹਨਾਂ ਕਿਹੜਾ ਐਸਾ ਕੰਮ ਕੀਤਾ ਸੀ ਜਿਸ ਕਾਰਣ ਬਾਹਰ ਨਾਹਰੇ ਲਗ ਰਹੇ ਸਨ। ਜਸਪਾਲ ਤੇਂ ਉਸਦੇ ਸਾਥੀ ਦ੍ਰਿੜਤਾ ਨਾਲ ਖਲੋਤੇ ਦੇਸ਼ ਦੀ ਏਕਤਾ ਤੇ ਹਿਦੂ-ਸਿੱਖ ਏਕਤਾ ਦੇ ਨਾਹਰੇ ਬੁਲੰਦ ਕਰਦੇ ਰਹੇ। ਨਾਹਰਿਆਂ ਤੋਂ ਬੁਖਲਾਕੇ ਇੱਟਾਂ, ਰੋੜਿਆਂ ਦੀ ਜਸਪਾਲ ਦੇ ਸਾਥੀਆਂ ਤੇ ਬੁਛਾੜ ਹੋਣੀ ਸ਼ੁਰੂ ਹੋਈ। ਨੰਗੀਆਂ ਕਿਰਪਾਨਾਂ, ਲੋਹੇ ਦੀਆਂ ਸੀਖਾਂ, ਸਾਥੀਆਂ ਤੇ ਉਲਰੀਆਂ। ਜਸਪਾਲ ਦੇ ਸਾਥੀ ਜੰਮਕੇ ਬਹਾਦਰੀ ਨਾਲ ਹਾਲ ਸਾਹਮਣੇ ਡਟੇ ਜ਼ਖਮੀ ਹੋਏ ਮੁਕਾਬਲਾ ਕਰਦੇ ਰਹੇ।

ਅਜ਼ਾਦੀ ਦਿਵਸ ਭੰਗ ਕਰਨ ਆਇਆਂ ਵਿਚੋਂ ਕੁਝ ਕੁ ਬੰਦਿਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ। ਲੋਕ ਧਮਕੀਆਂ ਡਰਾਵਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਹਾਲ ਅੰਦਰ ਦਾਖਲ ਹੋ ਰਹੇ ਸਨ। ਹਾਲ ਸਾਹਮਣੇ ਸੜਕ ਤੇ ਇੱਟਾ ਰੋੜੇ ਖਿਲਰੇ ਵੇਖਕੇ ਤੇ ਹਾਲ ਦੇ ਸ਼ੀਸ਼ੇ ਟੁਟਦੇ ਵੇਖਕੇ ਲਾਹਨਤਾਂ ਪਾਉਂਦੇ ਕਹਿੰਦੇ 'ਇਹ ਤਾਂ ਹੁਣੇ ਨਹੀਂ ਟਿਕਣ ਦੇਂਦੇ, ਜੇ ਕਿਧਰੇ ਇਹਨਾਂ ਦਾ ਰਾਜ ਆ ਗਿਆ ਤਾਂ ਇਹ ਤਾਂ ਪਾਕਿਸਤਾਨ ਦੇ ਡਿਕਟੇਟਰ ਆਂਗ ਕਿਸੇ ਨੂੰ ਕੁਣ ਨਹੀਂ ਦੇਣਗੇ—ਭਈ ਜੇ ਕੋਈ ਗੱਲ ਕਰਨੀ ਐ ਤਾਂ ਦਲੀਲ ਨਾਲ ਕਰੋ—ਇਹ ਕੀ ਕਿਰਪਾਨਾਂ ਕਢਕੇ ਮੀਟਿੰਗ ਭੰਗ ਕਰਨ ਤੁਰ ਪਓ—'

ਜਸਪਾਲ ਖੁਸ਼ ਸੀ ਕਿ ਹਾਲ ਖੱਚਾ ਖਚ ਭਰ ਗਿਆ ਸੀ। ਗੁਰਪ੍ਰੀਤ ਫੱਟੜ ਹੋਏ ਵੀਰਾਂ ਦੀ ਆਪਣੀ ਚੁੰਨੀ ਪਾੜਕੇ ਖੂਨ ਪੂੰਝਦੀ ਮਾਣ ਨਾਲ ਕਹਿ ਰਹੀ ਸੀ 'ਮੇਰੇ ਵੀਰਿਆਂ ਤਾਂ ਅੱਗ ਦਾ ਦਰਿਆ ਪਾਰ ਕੀਤੈ।'

'ਭੈਣ ਅਸੀਂ ਤਾਂ ਜ਼ੁਲਮ ਦਾ ਜਹਾਜ਼ ਇਸ ਵਿਚ ਹਮੇਸ਼ਾਂ ਲਈ ਡਬੋਣ ਦਾ ਪ੍ਰਣ ਕਰਕੇ ਤੁਰੇ ਆਂ' ਜਸਪਾਲ ਦਾ ਸਾਥੀ ਬੁੱਲੀਂ ਮੁਸਕਰਾਕੇ ਬੋਲਿਆ— ਏਨੇ ਨੂੰ ਇਕ ਸੁਰੀਲੀ ਅਵਾਜ਼ ਹਾਲ ਵਿਚ ਫੈਲ ਗਈ।

ਆਉਣਗੇ ਕੁਝ ਇਸ ਤਰ੍ਹਾਂ ਦੇ ਵੀ
ਦਿਹਾੜੇ ਆਉਣਗੇ।
ਲੋਕ ਇਕ ਦਿਨ ਹਾਕਮਾਂ ਦੀ,
ਧੌਣ ਨੂੰ ਵੀ ਹੱਥ ਪਾਉਣਗੇ।

ਲਾਹੌਰ 'ਚ ਵਿਸ਼ਵ ਪੰਜਾਬੀ ਕਾਨਫਰੰਸ ਮਾਰਚ ਮਹੀਨੇ ਹੋਵੇਗੀ

ਲੰਦਨ — ਅਗਲੇ ਸਾਲ ਮਾਰਚ ਦੇ ਮਹੀਨੇ ਪਾਕਿਸਤਾਨ ਵਿਚ ਆਲਮੀ ਪੰਜਾਬੀ ਮਜਲਿਸ(ਕਾਨਫਰੰਸ) ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਹ ਸੂਚਨਾ ਮਜਲਿਸ ਦੇ ਆਰਗੇਨਾਈਜ਼ਰ ਤੇ ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਲੇਖਕ ਫਖਰ ਜਮਾਂ ਨੇ ਦਿੱਤੀ। ਇਹ ਕਾਨਫਰੰਸ ਲਾਹੌਰ ਵਿਚ ਹੋਵੇਗੀ।

ਉਨ੍ਹਾਂ ਦੱਸਿਆ ਕਿ ਇਸ ਵਿਚ ਭਾਰਤ, ਨਾਰਵੇ, ਸਵੀਡਨ, ਡੈਨਮਾਰਕ, ਸੋਵੀਅਤ ਯੂਨੀਅਨ, ਪੋਲੈਂਡ, ਚੈਕੋਸਲਵਾਕੀਆ, ਪੂਰਬੀ ਜਰਮਨੀ, ਪੱਛਮੀ ਜਰਮਨੀ, ਫਰਾਂਸ, ਬੈਲਜੀਅਮ, ਬਰਤਾਨੀਆ, ਅਮਰੀਕਾ, ਕੈਨੇਡਾ, ਸਵਿਟਜ਼ਰਲੈਂਡ, ਅਸਟਰੀਆ, ਕੀਨੀਆ, ਜਪਾਨ, ਕੁਵੈਤ, ਅਬੂਧਾਬੀ, ਬੈਂਕਾਕ, ਸਿੰਘਾਪੁਰ, ਮਲੇਸ਼ੀਆ ਅਤੇ ਹੋਰ ਕਈ ਮੁਲਕਾਂ ਤੋਂਭ ਸੌ ਦੇ ਕਰੀਬ ਡੈਲੀਗੇਟ ਭਾਗ ਲੈਣਗੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਪੰਜਾਬ ਤੋਂ ਬਿਨਾਂ ਸਿੰਧ, ਬਲੋਚਸਤਾਨ ਤੇ ਸਰਹੱਦੀ ਸੂਬਾ ਦੇ ਦਰਸ਼ਕਾਂ ਨੂੰ ਸੱਦਾ ਭਜਿਆ ਜਾਵੇਗਾ।

ਫਖਰ ਜਮਾਂ ਮੁਤਾਬਕ ਇਸ ਕਾਨਫਰੰਸ ਦਾ ਮਕਸਦ ਇਹ ਹੈ ਕਿ ਪੰਜਾਬੀ ਆਪਣੇ ਹੁਣ ਤਕ ਦੇ ਇਤਿਹਾਸ ਦੇ ਹਵਾਲੇ ਨਾਲ ਆਪਣਾ ਰੋਲ ਪਛਾਨਣ, ਉਨ੍ਹਾਂ ਦੇ ਖਿਲਾਫ ਲਗਦੇ ਇਲਜ਼ਾਮਾਂ ਬਾਰੇ ਭੁਲੇਖੇ ਦੂਰ ਕਰ ਸਕਣ। ਇਸ ਵਿਚ ਦੁਨੀਆਂ ਦੇ ਮੁਖਤਲਿਫ ਮੁਲਕਾਂ ਦੇ ਪੰਜਾਬ ਅਦਬ ਦ ਦਾ ਲੇਖਾ, ਪੰਜਾਬੀ ਬੋਲੀ ਦੇ ਰਸਤੇ ਦੀਆਂ ਰੋਕਾਂ ਅਤੇ ਪੰਜਾਬੀ ਬੋਲਦੇ ਲੋਕਾਂ ਦੇ ਮੌਜੂਦਾ ਰੋਲ ਅਤੇ ਪਾਕਿਸਤਾਨ ਦੇ ਅੰਦਰ ਅਤੇ ਬਾਹਰ ਭਵਿਖ ਦੀਆਂ ਜ਼ਿਮੇਵਾਰੀਆਂ ਆਦਿ ਵਿਸ਼ਿਆਂ ਉਤੇ ਵਿਚਾਰ ਵਟਾਂਦਰਾ ਹੋਵੇਗਾ।

ਨਜ਼ਮ

ਤਰਾਨਾ-ਏ-ਦਿੱਲੀ

ਇਕਬਾਲ ਕ੍ਰਿਸ਼ਨ 'ਆਲਮੀ'

ਮੁਜਰਿਮ ਹੈਂ ਹਮ-ਵਤਨ ਹੈ, ਹਿੰਦੋਸਤਾਂ ਹਮਾਰਾ,
ਜਲਤੀ ਚਿਤਾ ਸੇ ਰੌਸ਼ਨ ਹੈ ਗੁਲਸਿਤਾਂ ਹਮਾਰਾ।
ਨਫਰਤ ਕੇ ਸਾਏ ਮੇਂ ਹਮ, ਪਲ ਕਰ ਜਵਾਂ ਹੁਏ ਹੈਂ,
ਹਮ ਕੋ ਮਿਲਾ ਨਾ ਪਾਇਆ, ਯੇ ਆਸ਼ਿਯਾਂ ਹਮਾਰਾ।
ਮਜ਼ਹਬ ਸੇ ਹਮਨੇ ਸੀਖਾ, ਆਪਸ ਮੇਂ ਬੈਰ ਰਖਣਾ,
ਭਾਈ ਕੇ ਸੀਨੇ ਖੰਜ਼ਰ, ਕੌਮੀ ਨਿਸ਼ਾਂ ਹਮਾਰਾ।
ਕਿਸ ਕੇ ਗੁਰੂ, ਪੈਗੰਬਰ, ਡੰਡਾ ਹੈ ਪੀਰ ਅਪਨਾ,
ਸ਼ੋਲੇ ਜ਼ਬਾਂ ਹਮਾਰਾ, ਗੋਲੀ ਬਯਾਂ ਹਮਾਰਾ।
ਜਲਤੇ ਹੈਂ ਘਰ, ਦੁਕਾਨੇਂ, ਹਰ ਚੌਕ ਮੇਂ ਮਸ਼ਾਲੇਂ,
ਗੁਜ਼ਰਾ ਜਿਧਰ ਕਹੀਂ ਸੇ ਭੀ ਕਾਫਲਾ ਹਮਾਰਾ।
ਇਨਸਾਨੀਅਤ ਕੇ ਖਤਰਾ, ਹਮਸੇ ਬਨਾ ਰਹੇਗਾ,
ਇਸ ਕਾ ਜੋ ਸੰਤਰੀ ਥਾ, ਵੋ ਹੈ ਪਾਸਬਾਂ ਹਮਾਰਾ।

ਦਾਨ

ਰੈਡਕਰਾਸ ਦੀ ਤਰਫੋਂ ਪੈਸਾ ਇਕੱਠਾ ਕਰਨ ਲਈ ਘੁੰਮਦਾ ਹੋਇਆ ਸਮਾਜ ਸੇਵਕ ਇਕ ਕੰਜੂਸ ਦੇ ਘਰ 'ਚ ਵੜ ਗਿਆ। ਉਥੇ ਉਸ ਨੇ ਸਹਾਇਤਾ ਲਈ ਪ੍ਰਾਰਥਨਾ ਕੀਤੀ ਕਿ ਉਸ ਦੇ ਵਲੋਂ ਦਿਤੇ ਗਏ ਰੁਪਿਆਂ ਨਾਲ ਅਜਿਹੇ ਲੋਕਾਂ ਨੂੰ ਰੋਟੀ ਨਸੀਬ ਹੋਏਗੀ ਜਿਹੜੇ ਹੜ੍ਹ ਪੀੜਤ ਸਨ।

"ਤੈਨੂੰ ਪਤਾ ਹੈ" ਕੰਜੂਸ ਨੇ ਇੰਜ ਕਿਹਾ ਜਿਵੇਂ ਉਸ ਦੇ ਅੱਥਰੂ ਨਿਕਲ ਆਉਣਗੇ "ਕਿ ਮੇਰਾ ਇਕ ਬਹੁਤ ਪਿਆਰਾ ਭਰਾ ਸੀ। ਉਹ ਵਿਚਾਰਾ ਇਕ ਹੜ੍ਹ 'ਚ ਆਪਣਾ ਘਰਬਾਰ ਲੁਟਾ ਬੈਠਾ"

"ਮੈਨੂੰ ਹਮਦਰਦੀ ਹੈ।" ਸਮਾਜ ਸੇਵਕ ਨੇ ਕਿਹਾ।

"ਅਤੇ ਕੀ ਤੈਨੂੰ ਪਤਾ ਹੈ ਕਿ ਮੇਰੀ ਗਰੀਬ ਭੈਣ ਦਾ ਮਕਾਨ ਇਕ ਭੁਚਾਲ 'ਚ ਢਹਿ ਢੇਰੀ ਹੋ ਗਿਆ ਸੀ ਅਤੇ ਬਾਅਦ 'ਚ ਉਸ ਨੂੰ ਆਪਣਾ ਤੇ ਆਪਣੇ ਬੱਚਿਆਂ ਦਾ ਢਿੱਡ ਭਰਨ ਲਈ ਲੋਕਾਂ ਦੇ ਕੱਪੜੇ ਧੋਣੇ ਪਏ ਸਨ।"

"ਮੈਨੂੰ ਅਫਸੋਸ ਹੈ।" ਸਮਾਜ ਸੇਵਕ ਨੇ ਫਿਰ ਦੁੱਖ ਪ੍ਰਗਟ ਕੀਤਾ।

"ਤੇ ਸੁਣ" ਕੰਜੂਸ ਨੇ ਫਿਰ ਕਿਹਾ, "ਕਿੰਨੇ ਲੋਕ ਹਨ ਜੋ ਇਹ ਜਾਣਦੇ ਹਨ ਕਿ ਮੇਰੇ ਪਿਉ ਨੂੰ ਇਸ ਲਈ ਦਰ-ਦਰ ਦੀ ਭੀਖ ਮੰਗਣੀ ਪਈ ਸੀ ਕਿਉਂਕਿ ਉਸ ਦਾ ਸਾਂਝੀਦਾਰ ਉਸ ਨੂੰ ਧੋਖਾ ਦੇ ਗਿਆ ਸੀ।"

"ਓ-ਹੋ, ਇਹ ਤਾਂ ਵਾਕਿਆ ਹੀ ਦੁੱਖ ਦਾ ਵਿਸ਼ਾ ਹੈ।"

"ਫਿਰ" ਵਿਅਕਤੀ ਨੇ ਗੱਲ ਖਤਮ ਕੀਤੀ, "ਜਦ ਮੈਂ ਇਨ੍ਹਾਂ ਚੋਂ ਕਿਸੇ ਨੂੰ ਇਕ ਧੇਲਾ ਵੀ ਨਹੀਂ ਦਿਤਾ ਹੈ ਤਾਂ ਤੂੰ ਇਹ ਕਿਵੇਂ ਸੋਚ ਲਿਆ ਕਿ ਮੈਂ ਰੈਡਕਰਾਸ ਲਈ ਰੁਪਈਏ' ਦੇ ਸਕਦਾ ਹਾਂ।"

ਪੇਸ਼ਕਸ਼ — ਦਲਜੀਤ ਸਮਾਧਵੀ

ਧੂੰਆਂ ਤੇ ਅੱਗ

(ਕਿਸੇ ਵੀ ਬੇ-ਰੁਜ਼ਗਾਰ ਦੇ ਨਾਂ)

—ਬਲਬੀਰ ਪਰਵਾਨਾ

ਸਿਰਫ ਧੂੰਆਂ ਦਿਸ ਰਿਹਾ ਹੈ !
ਉਂਜ ਉਹ ਬਸਤੀ
ਲਟ ਲਟ ਭਾਂਬੜਾਂ 'ਚ
ਘਿਰੀ ਹੋਈ
ਤਿੜਕ ਰਹੇ ਉਦੇ ਸੁਪਨਿਆਂ ਦੇ ਨਕਸ਼
ਤੇ ਚਾਵਾਂ ਦਾ ਗਰਭਪਾਤ

ਉਹ—
ਉਦਾਸ ਉਦਾਸ ਭਾਉਂਦਾ ਹੈ
ਸੜਕਾਂ 'ਤੇ
ਸਿਰਫ ਅਵਾਰਾ ਕਹਿ ਕੇ
ਗੱਲ ਮੁੱਕ ਨਹੀਂ ਜਾਣੀ
ਕਦੀ ਉਹਦੀਆਂ ਅੱਖਾਂ ਦੀ ਇਬਾਦਤ
ਪੜ੍ਹ ਵੇਖਣਾ
ਕਿੰਨੇ ਮਹਾਂਭਾਰਤ ਉਹਨਾਂ 'ਚ ਲੜੇ ਜਾਂਦੇ ਹਨ

ਆਪਣੇ ਹੀ ਚਿਹਨ ਦੀ ਸੋਚ ਦਾ
ਸੇਕ ਜਰਨ ਤੋਂ ਔਖਾ
ਸ਼ਾਇਦ—
ਹੋਰ ਕੁਝ ਨਹੀਂ ਹੁੰਦਾ
ਕੁਝ ਵੀ ਨਹੀਂ

ਉਹਨੇ ਤਾਂ
ਸੋਚਿਆ ਵੀ ਨਹੀਂ ਸੀ
ਬੰਜਰ ਜੂਹਾਂ 'ਚ ਭਟਕਣਾ
ਅਨਾਮ ਕੌਣ ਮਰਨਾ ਚਾਹੇਗਾ
ਰੋਹੀ-ਬੀਆਬਾਨਾਂ 'ਚ
ਔਝੜੇ ਰਾਹਾਂ ਤੇ ਪੈ
ਪਰ ਇੰਜ ਈ
ਪਰਤ ਦਰ ਪਰਤ ਵਾਪਰਦਾ ਗਿਆ ਸਿਲਸਿਲਾ
ਉਸ ਨੀਲੇ ਰਿਬਨਾਂ ਵਾਲੀ ਕੁੜੀ ਨੂੰ
ਉਹ ਹੁਣ ਵੀ ਯਾਦ ਕਰਦਾ ਹੈ
ਪਰ ਪਰਤਣਾ ਸੰਭਵ ਨਹੀਂ
ਬਹੁਤ ਦੂਰ
ਪਿਛਾਂਹ ਰਹਿ ਗਈਆਂ ਹਨ ਪੈੜਾਂ

ਉਂਜ ਉਹ ਸੋਚਦਾ
ਕਲ੍ਹ ਜਿਹੜਾ ਵੀ ਸੂਰਜ ਚੜ੍ਹਿਆ
ਉਹਦੀਆਂ ਅੱਖਾਂ ਦੇ ਰੰਗ ਜਿਹਾ ਹੋਵੇਗਾ
(ਛਪ ਰਹੇ ਕਾਵਿ ਸੰਗ੍ਰਹਿ "ਧੂਆਂ ਤੇ ਅੱਗ" ਵਿਚੋਂ)

ਕਵੀ-ਓ-ਵਾਚ

ਨ੍ਰਿਤ ਕਵੀ ਧਿਆਨਪੁਰੀ

ਸੰਵਿਧਾਨ ਦੀ ਕਸਮ

ਜੰਮਣ-ਭੋਇੰ ਸਾਡੀ ਪਾਕਿਸਤਾਨ ਰਹਿ ਗਈ,
ਹਿੰਦੁਸਤਾਨ ਦੀ ਜਦੋਂ ਤਕਸੀਮ ਹੋਈ।
ਉਨ੍ਹਾਂ ਰੱਬ ਦੇ ਨਾਉਂ 'ਤੇ ਖੁੱਲ੍ਹ ਖੇਡੀ,
ਜਿਨ੍ਹਾਂ ਵਾਸਤੇ ਧਰਮ ਅਫੀਮ ਹੋਈ।
ਬੰਦੇ ਇਕ ਨੇ 'ਬਾਪੂ' ਨੂੰ ਮਾਰਿਆ ਸੀ,
ਮਰਿਆ ਇਕ, ਤੇ 'ਕੌਮ' ਯਤੀਮ ਹੋਈ।
ਅਸਾਂ ਜਿਹੜੇ ਸੰਵਿਧਾਨ ਦੀ ਕਸਮ ਖਾਧੀ,
ਉਸ ਵਿਚ ਔਧਿਉਂ ਵੱਧ ਤਰਮੀਮ ਹੋਈ।

ਫੈਸਲੇ ਦੀ ਘਾਟ

ਰਾਜਿੰਦਰ ਪਾਲ ਸ਼ਰਮਾ

ਅਕਲ ਦੀ ਘਾਟ ਪੈਸੇ ਦੀ ਘਾਟ ਦੀ ਮਹੱਤਤਾ ਤੋਂ ਤਾਂ ਲਗਭਗ ਸਾਡੇ ਵਿਚ ਹਰੇਕ ਜਾਣੂ ਹੀ ਹੈ। ਪਰੰਤੂ ਫੈਸਲੇ ਦੀ ਘਾਟ ਦੀ ਮਹੱਤਤਾ ਜ਼ਿਆਦਾ ਹਾਲਤਾਂ ਵਿਚ ਅਣਗੌਲੀ ਹੀ ਰਹਿ ਜਾਂਦੀ ਹੈ। ਕੇਵਲ ਸੂਝਵਾਨ ਹੀ ਇਸ ਘਾਟ ਦੇ ਮਾਰੂ ਅਸਰ ਨੂੰ ਬਾਰੀਕੀ ਨਾਲ ਵਿਚਾਰਦੇ ਹਨ। ਅਸਲ ਵਿਚ ਇਹ ਘਾਟ ਹੋਰ ਸਾਰੀਆਂ ਘਾਟਾਂ ਨਾਲੋਂ ਕਿਤੇ ਵੱਧ ਹਾਨੀਕਾਰਕ ਸਿੱਧ ਹੁੰਦੀ ਹੈ। ਦੁਚਿਤੀ ਵਿਚ ਫਸੇ ਰਹਿਣ ਵਾਲਾ ਬੰਦਾ ਨਾ ਘਰ ਦਾ ਰਹਿੰਦਾ ਹੈ ਤੇ ਨਾ ਘਾਟ ਦਾ।

ਇਹ ਕਮਜ਼ੋਰੀ ਕਈਆਂ ਵਿਚ ਤਾਂ ਇਤਨੀ ਹੁੰਦੀ ਹੈ ਕਿ ਉਹ ਮਾੜੀ ਮਾੜੀ ਗੱਲ 'ਤੇ ਹੀ ਦੁਬਿਧਾ ਵਿਚ ਫਸ ਜਾਂਦੇ ਹਨ। ਫਲਸਰੂਪ ਉਨ੍ਹਾਂ ਨੂੰ ਪੈਰ ਪੈਰ 'ਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਹਰੇਕ ਦੇ ਜੀਵਨ ਵਿਚ ਕਿਤੇ ਕਤਾਈ ਅਜਿਹੀ ਹਾਲਤ ਆ ਜਾਂਦੀ ਹੈ ਜਦੋਂ ਅਸੀਂ 'ਕੋਹੜ ਕਲੰਕੀ' ਵਿਚੋਂ ਇੱਕ ਚੁਣਨ ਵਾਲੇ ਹੁੰਦੇ ਹਾਂ। ਅੰਗਰੇਜ਼ੀ ਵਿਚ ਅਜਿਹੀ ਹਾਲਤ ਨੂੰ ਸ਼ੈਤਾਨ ਤੇ ਡੂੰਘੇ ਸਮੁੰਦਰ ਵਿਚਕਾਰ ਫਸ ਜਾਣ ਦੀ ਮਿਸਾਲ ਨਾਲ ਸਪਸ਼ਟ ਕੀਤਾ ਜਾਂਦਾ ਹੈ। ਆਮ ਜੀਵਨ ਤੋਂ ਉਪਰੰਤ ਸਾਨੂੰ ਅਨੇਕਾਂ ਡਰਾਮਿਆਂ ਵਿਚੋਂ ਅਜਿਹੇ ਪਾਤਰ ਮਿਲਦੇ ਹਨ ਜੋ ਸਾਰੀ ਉਮਰ 'ਇਧਰ ਜਾਵਾਂ ਕਿ ਉਧਰ ਜਾਵਾਂ' ਦੇ ਚੱਕਰ ਵਿਚ ਹੀ ਫਸੇ ਰਹਿੰਦੇ ਹਨ। ਉਂਜ ਕੋਹੜੀ ਕਲੰਕੀ ਵਾਲੀ ਹਰ ਹਾਲਤ ਵਿਚ ਸੂਝਵਾਨ ਵੀ ਫੈਸਲੇ ਦੀ ਘਾਟ ਦਾ ਸ਼ਿਕਾਰ ਹੋ ਜਾਂਦਾ ਹੈ ਚਾਹੇ ਇਥੇ ਕਸੂਰ ਬੰਦੇ ਦਾ ਘੱਟ ਹੁੰਦਾ ਹੈ ਹਾਲਾਤ ਹੀ ਜ਼ਿਆਦਾ ਭਾਰੂ ਹੁੰਦੇ ਹਨ।

ਖੈਰ! ਵਿਚਾਰ ਅਧੀਨ ਆਮ ਹਾਲਤਾਂ ਵਿਚ ਪਾਈ ਜਾਣ ਵਾਲੀ ਘਾਟ ਹੈ। ਕਈ ਵਾਰ ਸਰੀਰਕ ਕਮਜ਼ੋਰੀ ਮਨ ਨੂੰ ਕਮਜ਼ੋਰ ਕਰੀ ਬੈਠੀ ਹੁੰਦੀ ਹੈ ਤੇ ਅਸੀਂ 'ਕਰੀਏ ਕਿ ਨਾ ਕਰੀਏ' ਦੇ ਚੱਕਰ-ਵਿਊਹਾਂ ਵਿਚੋਂ ਹੀ ਨਹੀਂ ਨਿਕਲਦੇ। ਦੁਨੀਆਂ ਤੁਰਦੀ ਤੁਰਦੀ ਕਿਤੇ ਚਲੀ ਜਾਂਦੀ ਹੈ ਤੇ ਸਾਡੀ ਹਾਲਤ 'ਜਾਏਂ ਤੋ ਜਾਏਂ ਕਹਾਂ' ਵਾਲੀ ਹੀ ਰਹਿੰਦੀ ਹੈ। ਕਿਸੇ ਗੱਲ ਦਾ ਇਕੋ ਪੱਖ ਲੈ ਕੇ ਸਾਡਾ ਮਨ ਉਸ ਦੀ ਸਿਫਤ ਸ਼ੁਰੂ ਕਰ ਦਿੰਦਾ ਹੈ ਅਤੇ ਦੂਜਾ ਪੱਖ ਲੈ ਕੇ ਨਿੰਦਿਆ। ਪੱਕੇ ਤੌਰ 'ਤੇ ਲੜ ਕਿਸੇ ਚੀਜ਼ ਦਾ ਨਹੀਂ ਫੜਦਾ। ਇਸ ਲਈ ਸਰੀਰਕ ਤੌਰ 'ਤੇ ਹਰ ਪੱਖੋਂ ਸਿਹਤ ਮੰਦ ਹੋਣਾ ਅਤਿ ਜ਼ਰੂਰੀ ਹੈ। ਜੇ ਸਿਹਤ ਚੰਗੀ ਹੋਵੇ ਤਾਂ ਮਨ ਪਾਣੀ ਵਿਚ ਮਧਾਣੀ ਪਾ ਕੇ ਨਹੀਂ ਬੈਠਦਾ ਸਗੋਂ ਛਾਲ ਮਾਰਕੇ ਅਗਾਂਹ ਤੁਰ ਪੈਂਦਾ ਹੈ।

ਇਸ ਤੋਂ ਉਪਰੰਤ ਘਟੀਆ ਤੇ ਪਛੜੀ ਵਿਚਾਰਧਾਰਾ ਵੀ ਬੰਦੇ ਨੂੰ ਫੈਸਲੇ ਦੀ ਘਾਟ ਦੇ ਟੋਏ ਵਿਚ ਸੁੱਟ ਦਿੰਦੀ ਹੈ। ਸਮਾਜਕ ਸੰਪਰਕਾਂ ਦੀ ਘਾਟ ਕਾਰਨ ਵੀ ਕਈ ਬੰਦੇ ਇਸ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਲੋਕਾਂ ਵਿਚ ਘੁਲ ਮਿਲ ਸਕਣ ਦੀ ਘਾਟ ਹੋਣ ਕਾਰਨ ਸਾਰੇ ਬੰਦਿਆਂ ਨੂੰ ਹੀ ਇਹ ਓਪਰੇ ਸਮਝਦੇ ਹਨ। ਫਲਸਰੂਪ ਕੋਈ ਕੰਮ ਕਰਨ ਵੇਲੇ ਇਹ ਘਬਰਾ ਜਾਂਦੇ ਹਨ ਤੇ ਕਮਜ਼ੋਰ ਪੱਖ ਇਨ੍ਹਾਂ ਦੇ ਮਨ ਤੇ ਭਾਰੂ ਹੋ ਜਾਂਦਾ ਹੈ। ਇਕੱਲਖੋਰੀ ਦੇ ਸਦਕੇ ਕਈ ਵਾਰ ਚੰਗੇ ਦਿਮਾਗ ਵੀ ਆਮ ਬੰਦਿਆਂ ਨਾਲੋਂ ਜੀਵਨ ਦੀ ਦੌੜ ਵਿਚ ਪਿਛੇ ਰਹਿ ਜਾਂਦੇ ਹਨ। ਮਨ ਦਾ ਇਕੋ ਗੱਲ ਇਹ ਬਹੁਤ ਸਮਾਂ ਫਸੇ ਰਹਿਣਾ ਪਾਗਲਪਣ ਦੀ ਕੱਚੀ ਸਟੇਜ ਹੁੰਦੀ ਹੈ।

ਇਸ ਘਾਟ ਨੂੰ ਲਗਭਗ ਖਤਮ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਤਬੀਅਤ ਵਿਚ ਸਪਸ਼ਟਤਾ ਤੇ ਪਕਿਆਈ ਜ਼ਰੂਰੀ ਹਨ। ਜਿੰਨੀਆਂ ਇਹ ਘੱਟ ਹੋਣਗੀਆਂ ਓਨਾ ਹੀ ਬੰਦਾ ਪਿਛੇ ਰਹਿ ਜਾਂਦਾ ਹੈ। ਕੁਝ ਕਰਕੇ ਉਹੀ ਦਿਖਾਉਂਦੇ ਹਨ ਜਿਹੜੇ ਦੇ ਮਨ ਅਡੋਲ ਹੁੰਦੇ ਹਨ। ਚਲੋ ਜੇ ਬਹੁਤੀਆਂ ਮੱਲਾਂ ਨਾ ਮਾਰਨੀਆਂ ਹੋਣ ਤਾਂ ਘੱਟੋ ਘੱਟ ਆਪਾ ਤਾਂ ਸੁਆਰਿਆ ਜਾਂਦਾ ਹੈ। ਕਿਸਮਤ ਕੋਈ ਉਪਰੋਂ ਨਹੀਂ ਡਿਗਦੀ। ਇਹ ਬਹੁਤ ਕਰਕੇ ਥਲਿਓਂ ਹੀ ਬਣਦੀ ਹੈ। ਹਿੰਮਤ ਤੇ ਪਕੇ ਇਰਾਦੇ ਨਾਲ ਸਭ ਕੁਝ ਸੰਭਵ ਹੋ ਜਾਂਦਾ ਹੈ। ਮਨ ਨੂੰ ਹਾਣੀ ਸਮਝ ਕੇ ਸਦਾ ਸੰਬੋਧਨ ਕਰਦੇ ਰਹਿਣਾ ਚਾਹੀਦਾ ਹੈ 'ਹਿੰਮਤ ਕਰ ਤੂੰ ਹਾਣੀਆਂ'।

ਸਪਸ਼ਟ ਹੈ ਕਿ ਜੀਵਨ ਵਿਚ ਸਫਲਤਾ ਦੇ ਰਾਹ ਦੇ ਇਸ ਵੱਡੇ ਰੋੜੇ ਨੂੰ (ਫੈਸਲੇ ਦੀ ਘਾਟ ਨੂੰ) ਪਰ੍ਹੇ ਕਰਨਾ ਚਾਹੀਦਾ ਹੈ। ਜਿਹੜੇ ਸੱਜਣ ਇਸ ਘਾਟ ਦੇ ਜ਼ਿਆਦਾ ਸ਼ਿਕਾਰ ਹਨ ਉਨ੍ਹਾਂ ਨੂੰ ਤਾਂ ਇਸ ਪੱਖ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਹ ਗੱਲ ਹਰੇਕ ਨੂੰ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਜਿਥੇ ਫੈਸਲੇ ਦੀ ਘਾਟ ਆ ਗਈ ਉਥੇ ਕਿਸਮਤ ਦੀ ਘਾਟ ਵੀ ਆ ਗਈ। ਸੋ ਅਰਸਾਂ ਵੱਲ ਤਕਦੇ ਹੋਏ ਆਸਾਂ ਲਾਉਣੀਆਂ ਆਪਣੇ ਆਪ ਨੂੰ ਬੁੱਧੂ ਬਨਾਉਣ ਦੇ ਬਰਾਬਰ ਹੈ। ਤੁਰੰਤ ਫੈਸਲਾ ਕਰਕੇ ਅੱਗੇ ਵਧਣ ਨਾਲ ਹੀ ਕੁਝ ਪੱਲੇ ਪੈ ਸਕਦਾ ਹੈ। ਅਸਲ ਵਿਚ ਫੈਸਲੇ ਦੀ ਘਾਟ ਹੋਰ ਸਾਰੀਆਂ ਘਾਟਾਂ ਦੀ ਜੜ੍ਹ ਹੈ। ਇਸ ਜੜ੍ਹ ਦਾ ਸਦਾ ਖਿਆਲ ਰਖਣਾ ਚਾਹੀਦਾ ਹੈ।

ਹੈਲੋਵੀਨ ਤਿਉਹਾਰ ਪੱਛਮੀ ਲੋਕਾਂ 'ਚ ਜਿੰਨਾਂ-ਭੂਤਾਂ 'ਚ ਵਿਸ਼ਵਾਸ਼?

ਡਾ. ਹਰਚਰਨ ਸਿੰਘ

ਪੁਲਾੜ ਦੇ ਅਜੋਕੇ ਜੁਗ ਵਿਚ ਜੇ ਕੋਈ ਚੁੜੇਲਾਂ ਜਿੰਨਾ ਭੂਤਾਂ ਦੀ ਹੋਂਦ ਬਾਰੇ ਵਹਿਮ ਭਰਮ ਦੀਆਂ ਗੱਲਾਂ ਕਰਦਾ ਹੈ ਤਾਂ ਸਭਿਅਕ ਤੌਰ 'ਤੇ ਪਛੜਿਆ ਹੋਇਆ ਅਤੇ ਜ਼ਮਾਨੇ ਦੀ ਚਾਲ ਤੋਂ ਉਖੜਿਆ ਹੋਇਆ ਲਗਦਾ ਹੈ। ਜੇ ਵਿਕਸਿਤ ਪੱਛਮੀ ਦੇਸ਼ਾਂ ਦੇ ਲੋਕ ਅਜੇਹੀਆਂ ਗੱਲਾਂ ਵਿਚ ਵਿਸ਼ਵਾਸ਼ ਰੱਖਦੇ ਹੋਣ ਫੇਰ ਤਾਂ ਹੋਰ ਵੀ ਅਸਚਰਜ ਗੱਲ ਲਗਦੀ ਹੈ।

31 ਅਕਤੂਬਰ ਦਾ ਦਿਨ ਅਮਰੀਕਾ, ਕੈਨੇਡਾ, ਬਰਤਾਨੀਆਂ ਤੇ ਹੋਰ ਯੂਰਪੀ ਦੇਸ਼ਾਂ ਵਿਚ ਹੈਲੋਵੀਨ ਡੇ ਵਜੋਂ ਮਨਾਇਆ ਜਾਂਦਾ ਹੈ। ਉਸ ਦਿਨ ਹਰ ਘਰ ਅੱਗੇ ਤਰ੍ਹਾਂ ਤਰ੍ਹਾਂ ਦੀਆਂ ਭਿਆਨਕ ਸ਼ਕਲਾਂ ਰੱਖੀਆਂ ਹੁੰਦੀਆਂ ਹਨ। ਜਿੱਧਰ ਵੀ ਨਜ਼ਰ ਮਾਰੋ ਤਿੱਖੇ ਟੋਪ, ਅਜੀਬ ਝਾੜੂ, ਚੁੜੇਲਾਂ ਦੀਆਂ ਸ਼ਕਲਾਂ ਮੁਰਦੇ ਪਿੰਜਰ, ਕਾਲੀਆਂ ਬਿਲੀਆਂ ਚੂਹਿਆਂ ਅੱਗੇ ਰੱਖੀਆਂ ਹੁੰਦੀਆਂ ਹਨ ਜੋ ਕਰੋਮ, ਕਾਗਜ਼, ਖੰਡ, ਅਦਰਕ, ਡਬਲਰੋਟੀ, ਕਾਰਡ ਬੋਰਡ ਜਾਂ ਕੱਪੜੇ ਦੀਆਂ ਬਣੀਆਂ ਹੁੰਦੀਆਂ ਹਨ। ਸਭ ਤੋਂ ਵੱਧ ਪੰਪਕਿਨ(ਹਲਕਾ ਕੱਦੂ) ਅਜੀਬੋ ਗਰੀਬ ਸ਼ਕਲਾਂ ਵਿਚ ਦੇਖਣ ਨੂੰ ਮਿਲਦੇ ਹਨ। ਆਇਰਲੈਂਡ ਦੇ ਲੋਕ ਸ਼ੁਰੂ ਵਿਚ ਆਲੂ ਜਾਂ ਗੋਂਗਲੂ ਨੂੰ ਵਿਚੋਂ ਖੋਖਲਾ ਕਰਕੇ ਮੋਮਬੱਤੀਆਂ ਰੱਖਿਆ ਕਰਦੇ ਸਨ। ਅੱਜ ਤੱਕ ਸਕਾਟਲੈਂਡ ਤੇ ਆਇਰਲੈਂਡ ਦੇ ਪਿੰਡਾਂ ਵਿਚ ਇਸ ਦਿਨ ਧੂਣੀਆਂ ਬਾਲੀਆਂ ਜਾਂਦੀਆਂ ਹਨ। ਜਦੋਂ ਧੂਣੀ ਬੁਝਣ ਲਗਦੀ ਹੈ ਤਾਂ ਲੋਕੀ ਰੇਸਾਂ ਲਾਂਦੇ ਹਨ ਇਕ ਦੂਜੇ ਤੋਂ ਅੱਗੇ ਪਹਾੜੀ ਤੋਂ ਹੇਠਾਂ ਨੂੰ ਇਹ ਕਹਿੰਦੇ ਹੋਏ ਦੌੜਦੇ ਹਨ "ਸ਼ੈਤਾਨ ਫਾਡੀ ਬੰਦੇ ਨੂੰ ਫੜੇਗਾ।"

31 ਅਕਤੂਬਰ ਦੇ ਦਿਨ ਕਾਫੀ ਚਿਰ ਪਹਿਲਾਂ ਤੋਂ ਤਿਆਰੀ ਸ਼ੁਰੂ ਹੁੰਦੀ ਹੈ। ਬੱਚੇ ਤਾਂ ਮਹੀਨਾ ਭਰ ਪਹਿਲੋਂ ਭੂਤਾਂ ਪਰੇਤਾਂ ਦੇ ਡਰਾਉਣੇ ਮਖੌਟੇ ਖਰੀਦ ਕੇ ਰੱਖਦੇ ਹਨ। ਲੋਕੀਂ ਕਾਰਾਂ ਵਿਚ ਜਾ ਕੇ ਖੇਤਾਂ ਵਿਚੋਂ ਹੀ ਪੰਪਕਿਨ ਖਰੀਦ ਲਿਆਉਂਦੇ ਹਨ। ਹਫਤਾ ਪਹਿਲਾਂ ਗਲੀ ਬਜ਼ਾਰਾਂ ਵਿਚ ਪੰਪਕਿਨਾਂ ਦੇ ਢੇਰ ਲੱਗੇ ਹੁੰਦੇ ਹਨ। ਜਿਵੇਂ ਸਾਡੇ ਕਰਵਾ ਚੌਥ ਨੂੰ ਜਨਾਨੀਆਂ ਮੂੰਹ ਹਨੇਰੇ ਉਠ ਬੈਠਦੀਆਂ ਹਨ ਉਥੇ 31 ਅਕਤੂਬਰ ਨੂੰ ਬੱਚੇ ਆਪਣੇ ਆਪ ਸਾਜਰੇ ਉਠ ਬੈਠਦੇ ਹਨ। ਉਨ੍ਹਾਂ ਵਿਚ ਬੇਹੱਦ ਚਾਅ ਤੇ ਉਮਾਹ ਹੁੰਦਾ ਹੈ। ਵੱਖੋ ਵੱਖ ਰੰਗ ਢੰਗ ਦੇ ਡਰਾਉਣੇ ਮਖੌਟੇ ਪਾ ਕੇ ਘਰ ਘਰ ਜਾਂਦੇ ਹਨ। ਪੰਜਾਬ ਦੀ ਲੋਹੜੀ ਵਾਂਗ ਘਰ ਘਰ ਮੰਗਦੇ ਹਨ ਅਤੇ ਟੌਫੀਆਂ, ਕੁਕੀਜ਼ ਸਿਉਆਂ ਆਦਿ ਚੀਜ਼ਾਂ ਦੀਆਂ ਝੋਲੀਆਂ ਭਰ ਭਰ ਲਿਆਉਂਦੇ ਹਨ।

ਪਿਛਲੇ ਸਾਲ 31 ਅਕਤੂਬਰ ਨੂੰ ਮੈਂ ਸਬੱਬ ਨਾਲ ਅਮਰੀਕਾ ਵਿਚ ਸਾਂ। ਕਈ ਸਾਲਾਂ ਤੋਂ ਮੈਂ ਹੈਲੋਵੀਨ ਦਿਨ ਬਾਰੇ ਸੁਣਿਆ ਹੋਇਆ ਸੀ। ਇਸ ਅਜੀਬ ਤਿਉਹਾਰ ਬਾਰੇ ਜਾਨਣ ਦੀ ਮੈਨੂੰ ਡੂੰਘੀ ਖਿਚ ਸੀ। ਸਾਡੇ ਘਰ ਦੇ ਬੱਚੇ ਵੀ ਸਵੇਰੇ ਸਵੇਰੇ ਭਿਆਨਕ ਮਖੌਟੇ ਪਾ ਕੇ ਸਾਨੂੰ ਉਠਾਲਣ ਆਏ।

ਭਾਵੇਂ ਹੈਲੋਵੀਨ ਦਾ ਸ਼ਬਦ ਈਸਾਈ ਪਾਦਰੀਆਂ ਨੇ ਘੜਿਆ ਹੈ ਪਰ ਇਹ ਦੇਵ ਪੂਜ ਕੈਲਟਨ ਜਾਤੀ ਵਲੋਂ ਝੋਟਿਆਂ ਤੇ ਬਲਦਾਂ ਦੀ ਬਲੀ ਦਿੱਤੀ ਜਾਂਦੀ ਸੀ ਅਤੇ ਜਿੰਨਾ ਭੂਤ ਤੇ ਚੁੜੇਲਾਂ ਧਰਤੀ ਤੇ ਵਿਚਰਦੀਆਂ ਮੰਨੀਆਂ ਜਾਂਦੀਆਂ ਸਨ। ਜਦੋਂ ਸਿਆਣੀਆਂ ਬੁੱਢੀਆਂ ਨੂੰ ਵਿਚਿਜ਼ ਸਮਝਿਆ ਜਾਂਦਾ ਸੀ ਜਿਹੜੀਆਂ ਜਾਦੂ ਟੂਣੇ ਕਰਕੇ ਭੈੜੀ ਕਿਸਮਤ ਟਾਲਣ ਵਾਲੀਆਂ ਮੰਨੀਆਂ ਜਾਂਦੀਆਂ ਸਨ। ਦੇਵਤਾ-ਪੂਜਕ ਲੋਕਾਂ ਦੇ ਰਵਾਜ ਧਾਰਮਕ ਪਰੰਪਰਾਵਾਂ ਅਤੇ ਡਰਾਉਣੇ ਵਹਿਮ ਭਰਮਾਂ ਦਾ ਅਜੀਬ ਮਿਲ ਗੋਭਾ ਸੀ। ਦੋ ਕੁ ਹਜ਼ਾਰ ਸਾਲ ਪਹਿਲੋਂ ਦਾ ਪਤਾ ਲਗਦਾ ਹੈ ਕਿ ਕੈਲਟ ਜਾਤੀ ਦੇ ਪੁਜਾਰੀ 31 ਅਕਤੂਬਰ ਦੀ ਸ਼ਾਮ ਨੂੰ ਮੌਤ ਦੇ ਦੇਵਤਾ ਦੀ ਪੂਜਾ ਕਰਦੇ ਹੁੰਦੇ ਸਨ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਮੌਤ ਦਾ ਦੇਵਤਾ ਸਮਹੈਨ ਮਰਿਆ ਹੋਇਆ ਦੀਆਂ ਰੂਹਾਂ ਕਾਬੂ ਵਿਚ ਰਖਦਾ ਹੈ। 31 ਅਕਤੂਬਰ ਨੂੰ ਉਹ ਸਾਰੀਆਂ ਰੂਹਾਂ ਨੂੰ ਇਕੱਠੀਆਂ ਕਰਦਾ ਹੈ ਤਾਂ ਜੋ ਉਹ ਆਪਣੇ ਗੁਨਾਹਾਂ ਦਾ ਭਾਰ ਹੌਲਾ ਕਰ ਸਕਣ।

ਰੋਮਨਾ ਨੇ ਜਦੋਂ ਫਰਾਂਸ (ਗੋਲਜ਼) ਫਤਹਿ ਕਰ ਲਿਆ ਤਾਂ ਉਹ ਆਪਣੇ ਨਾਲ ਰਸਮਾਂ ਰੀਤਾਂ ਤੇ ਵਹਿਮ ਭਰਮ ਵੀ ਲਿਆਏ। ਛੇਤੀ ਹੀ ਮੌਤ ਦਾ ਦੇਵਤਾ ਸਮਹੈਨ ਅਤੇ ਪਾ ਮੋਨਾ (ਫਲ ਤੇ ਬਾਗਾਂ ਦੀ ਦੇਵੀ) ਦਾ ਦੀ ਪੂਜਾ ਇਕੋ ਦਿਨ ਹੋਣ ਲਗ ਪਈ। ਹੌਲੀ ਹੌਲੀ ਪਤਝੜ ਦਾ ਇਹ ਦਿਨ 31 ਅਕਤੂਬਰ ਵੱਡਾ ਤਿਉਹਾਰ ਬਣ ਗਿਆ ਜਿਸ ਵਿਚ ਦੋ ਸਭਿਆਚਾਰਾਂ ਦੇ ਵਿਸ਼ਵਾਸ਼ਾਂ ਦਾ ਮੇਲ ਹੋਇਆ।

ਈਸਾਈਆਂ ਨੇ ਉਨੀਵੀਂ ਸਦੀ ਵਿਚ ਪਹਿਲੀ ਨਵੰਬਰ ਨੂੰ ਸੰਤਾਂ ਦਾ ਪਵਿਤਰ ਦਿਨ (All Hallows Day) ਨੀਅਤ ਕੀਤਾ। ਉਸ ਤੋਂ ਪਹਿਲੀ ਸ਼ਾਮ ਨੂੰ ਹਾਲੋ-ਈਵ ਕਿਹਾ ਜਾਣ ਲੱਗਾ। ਹੌਲੀ ਹੌਲੀ ਹਾਲੋ-ਈਵ ਵਿਗੜ ਕੇ ਹੈਲੋਵੀਨ ਬਣ ਗਿਆ ਹੈ।

31 ਅਕਤੂਬਰ ਭੂਤਾਂ ਪਰੇਤਾਂ ਦੀ ਰਾਤ ਮੰਨੀ ਜਾਂਦੀ ਸੀ। ਪ੍ਰਾਚੀਨ ਵਿਸ਼ਵਾਸ਼ ਅਨੁਸਾਰ ਸ਼ੈਤਾਨ ਆਪਣੇ ਚੇਲਿਆਂ ਨੂੰ ਬੁਲਾਂਦਾ ਹੈ ਤਾਂ ਜੋ ਉਹ ਸੰਤਾਂ ਦੇ ਪਵਿਤਰ ਦਿਨ ਦਾ ਮਖੌਲ ਉਡਾਣ ਅਤੇ ਵਿਘਨ ਪਾਣ।

ਪਰ ਅੱਜ ਹੈਲੋਵੀਨ ਦਾ ਦਿਨ ਬੁਨਿਆਦੀ ਤੌਰ ਤੇ ਲੌਕਿਕ (ਸੈਕੂਲਰ) ਤਿਉਹਾਰ ਬਣ ਗਿਆ ਲਗਦਾ ਹੈ। ਬੱਚਿਆਂ ਲਈ ਖਾਸ ਤੌਰ ਤੇ ਹਾਸੇ ਮਖੌਲ ਤੇ ਰੰਗ ਤਮਾਸ਼ੇ ਮਨਾਣ ਦਾ ਮੁਖ ਦਿਨ। ਕਈ ਮੁਲਕਾਂ ਵਿਚ ਬਜ਼ੁਰਗ ਅਜੇ ਵੀ ਪ੍ਰਾਚੀਨ ਵਹਿਮਾਂ ਭਰਮਾਂ ਦੇ ਅਧੀਨ ਰੁਹਰੀਤਾਂ ਕਰਦੇ ਹਨ। ਬੱਚੇ ਭੂਤਾਂ ਤੇ ਚੁੜੇਲਾਂ ਦੇ ਮਖੌਟੇ ਪਾ ਕੇ ਸਗੋਂ ਵਹਿਮ ਭਰਮਾਂ ਦਾ ਇਕ ਭਾਂਤ ਮਖੌਲ ਉਡਾਂਦੇ ਹਨ। 31 ਅਕਤੂਬਰ ਉਂਝ ਵੀ ਪਤਝੜ ਦਾ ਆਖਰੀ ਦਿਨ ਸਮਝਿਆ ਜਾਂਦਾ ਹੈ। ਇਸ ਦਿਨ ਲੋਕੀਂ ਸੁੱਕੇ ਪੱਤੇ ਇਕੱਠੇ ਕਰਕੇ ਧੂਣੀਆਂ ਬਾਲਦੇ ਹਨ। ਬੱਚੇ ਮਸਾਲਾਂ ਲੈ ਕੇ ਅੱਗ ਦੁਆਲੇ ਚੱਕਰ ਲਾਂਦੇ ਹਨ। ਇੰਗਲੈਂਡ ਦੇ ਪਿੰਡਾਂ ਵਿਚ ਅੱਜ ਕਲ੍ਹ ਹੈਲੋਵੀਨ ਦਾ ਨਾਂ ਨਟ ਤੋੜ ਰਾਤ(ਨਟ ਕਰੈਕ ਨਾਈਟ) ਕਰਕੇ ਸੱਦਿਆ ਜਾਂਦਾ ਹੈ। ਸਾਰਾ ਟੱਬਰ ਘਰ ਦੀ ਅੰਗੀਠੀ ਅੱਗੇ ਬੈਠ ਕੇ ਚੀਜ਼ਾਂ ਭੁੰਨ ਕੇ, ਗਿਰੀਆਂ ਸਿਓ ਆਦਿ ਖਾਂਦੇ ਹਨ। ਬਾਤਾਂ ਪਾਉਂਦੇ ਹਨ ਅਤੇ ਪੁਰਾਣੀਆਂ ਗੱਲਾਂ ਯਾਦ ਕਰਦੇ ਹਨ

— ਮੈਂ ਖ਼ੁਦਾ ਤੋਂ ਜ਼ਿਆਦਾ ਇਕੱਲੀ ਹਾਂ।
— ਕਾਗ਼ਜ਼ ਤੇ ਵਿਛੜਣ ਵਾਲੇ, ਜ਼ਮੀਨ ਤੋਂ ਕਦ ਵਿਛੜਦੇ ਨੇ?
— ਮੈਂ ਸ਼ੁਰੂ ਹੁੰਦੀ ਹਾਂ ਰਹਿਮ ਤੋਂ ਖ਼ਤਮ ਹੁੰਦੀ ਹਾਂ ਮਿੱਟੀ ਤੇ।

— ਮੈਂ ਏਨੀਆਂ ਨੇਕੀਆਂ ਬਸਰ ਕੀਤੀਆਂ ਹਨ ਜਿੰਨੀ ਵਾਰੀ ਕਿ ਕੁਰਾਨ ਵਿਚ ਸ਼ੈਤਾਨ ਦਾ ਜ਼ਿਕਰ ਹੈ।
— ਅਧੂਰੀ ਸ਼ਿਕਸਤ ਬਹੁਤ ਬੁਰੀ ਹੁੰਦੀ ਹੈ।
— ਇੱਜ਼ਤ ਦੀਆਂ ਬਹੁਤ ਕਿਸਮਾਂ ਹਨ—ਘੁੰਡ, ਥੱਪੜ, ਕਣਕ। ਪਰ ਇੱਜ਼ਤ ਦਾ ਸਭ ਤੋਂ ਛੋਟਾ ਤੇ ਵੱਡਾ ਹਵਾਲਾ ਔਰਤ ਹੈ।
— ਮੇਰੀ ਕੁੱਖ ਵਿਚ ਅੱਥਰੂ ਨਹੀਂ ਗੁਨਾਹ ਰਹਿੰਦੇ ਹਨ।
— ਕਾਸ਼! ਔਰਤ ਵੀ ਜਨਾਜ਼ੇ ਨੂੰ ਮੋਢਾ ਦੇ ਸਕਦੀ।
— ਇੱਜ਼ਤ ਤਾਂ ਮਾਸ ਤੋਂ ਦੂਰ ਦੀ ਗੱਲ ਹੈ।

DIWALI GREETINGS TO ALL

ISP INDIA SARI PALACE

6657 MAIN ST., VANCOUVER, B.C.
PHONE (604) 324-2565

DIWALI SPECIAL SALE!!!

Chiffon Georget Sari
REG. $125 to $195

SALE **$65.00**

Fanica French Nymph Double Shade Sari
REG. $95.00

SALE **$65.00**

French Chiffon Printed Sari
REG. $135.00

SALE **$98.99**

Mangal Sutar Sari
Reg. $189.00

SALE **$169.99**

Luxary Chiffon Printed Sari
REG. $60.00

SALE **$24.99**

Printed Suit
REG. $48.00

SALE **$21.99**



Printed 3 pc. Suit
REG. $45.00

SALE **$24.99**

Dupatta
REG. $7.00

SALE **$4.49** 2¼ yds.

SPECIAL PRICE ON
MANGAL SUTAR SUITS & SARIS

20% OFF ON ALL SILK SARIS & SUITS

ਮੋਹਨ ਸਿੰਘ ਨਾਲ
ਗੱਲਾਂ, ਜੋ ਕਦੀ ਹੋ ਨਾ ਸਕੀਆਂ

—ਗੁਲਜ਼ਾਰ ਸਿੰਘ ਸੰਧੂ

ਤੁਣ ਤੁਣ ਤੁਣ
ਨਿੱਕਾ ਬਾਣ ਮੰਜੀ ਬੁਣ
ਕੰਨ ਧਰ ਕੇ ਸੁਣ
ਵੇ ਮਾਹੀਆ
ਔਖੀ ਰਾਤ ਜੁਦਾਈ ਵਾਲੀ

ਜਗਦੇਵ ਸਿੰਘ ਜੱਸੋਵਾਲ ਦੀ ਚਿੱਠੀ ਨੇ ਉਪਰੋਕਤ ਲੋਕ ਗੀਤ ਦੀਆਂ ਧੁਨਾਂ ਮੇਰੇ ਨਿਮਨ ਚੇਤਨ ਮਨ ਵਿਚ ਮੋਹਨ ਸਿੰਘ ਦੀ ਆਵਾਜ਼ ਤੇ ਲੈਅ ਵਿਚ ਇਸ ਤਰ੍ਹਾਂ ਟੁਣਕਾ ਦਿਤੀਆਂ ਜਿਵੇਂ ਇਹ ਕੱਲ੍ਹ ਦੀ ਗੱਲ ਹੋਵੇ। ਜੱਸੋਵਾਲ ਦੀ ਚਿੱਠੀ ਵਿਚ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵਲੋਂ ਲੁਧਿਆਣੇ ਦੇ ਪੰਜਾਬੀ ਭਵਨ ਵਿਚ ਸਵਰਗਵਾਸੀ ਮੋਹਨ ਸਿੰਘ ਦੇ 81 ਵੇਂ ਜਨਮ ਦਿਹਾੜੇ ਉਤੇ ਕੀਤੇ ਜਾ ਰਹੇ ਸਮਾਗਮ ਦਾ ਜ਼ਿਕਰ ਸੀ। ਪੱਤਰਕਾਰੀ ਇਹ ਇਹੋ ਜਿਹਾ ਪੇਸ਼ਾ ਹੈ ਜਿਸ ਵਿਚ ਹਰਮਨ ਪਿਆਰੇ ਕਵੀ ਦਾ ਕੀ ਆਪਣਾ, ਆਪਣੀ ਪਤਨੀ ਤੇ ਆਪਣੀ ਕਿਸੇ ਸਖੀ ਸਹੇਲੀ ਦਾ ਜਨਮ ਦਿਨ ਵੀ ਚੇਤੇ ਨਹੀਂ ਆਉਂਦਾ ਪਰ ਜੱਸੋਵਾਲ ਦੀ ਚਿੱਠੀ ਨੇ ਮੋਹਨ ਸਿੰਘ ਮੇਰੇ ਮਨ ਦੀ ਅੱਖ ਅੰਦਰ ਇਸ ਤਰ੍ਹਾਂ ਲਿਆ ਬਿਠਾਇਆ ਜਿਵੇਂ ਉਹ ਅੱਜ ਵੀ ਜਿਊਂਦਾ ਹੋਵੇ।


ਉਸ ਨੂੰ ਸੋਵੀਅਤ ਲੈਂਡ ਨਹਿਰੂ ਐਵਾਰਡ ਮਿਲਿਆ ਸੀ ਜਿਸ ਸਬੰਧ ਵਿਚ ਉਸ ਨੇ ਇਕ-ਦੋ ਹਫਤਿਆਂ ਲਈ ਰੂਸ ਜਾਣਾ ਸੀ, ਸੋਵੀਅਤ ਸਰਕਾਰ ਦਾ ਮਹਿਮਾਨ ਬਣ ਕੇ। ਉਹ ਮੇਰੇ ਪੰਡਾਰਾ ਰੋਡ ਵਾਲੇ ਘਰ ਦੀ ਉਪਰਲੀ ਮੰਜ਼ਲ ਦੀ ਛੱਤ ਉਤੇ ਕਿਸੇ ਇਕ ਮਸਤ ਅਲਬੇਲੇ ਗੱਭਰੂ ਵਾਂਗ ਮੰਜੀ ਉਤੇ ਬੈਠ ਤੇ ਆਪਣੇ ਪੱਟਾਂ ਉਤੇ ਥਾਲੀ ਰੱਖ ਕੇ ਥਾਲ ਨੂੰ ਆਪਣੀ ਉਂਗਲ ਦੇ ਪੋਟਿਆਂ ਨਾਲ ਇਸ ਤਰ੍ਹਾਂ ਵਜਾਉਣ ਲੱਗਾ ਜਿਵੇਂ ਕੋਈ ਧੁਰ ਦੀ ਬਾਣੀ ਦਾ ਉਚਾਰਨ ਕਰਨਾ ਹੋਵੇ। "ਤੁਣ ਤੁਣ ਤੁਣ" ਅਤੇ "ਨਿੱਕਾ ਬਾਣ ਮੰਜੀ ਬੁਣ" ਗਾਉਂਦਿਆਂ ਉਂਗਲਾਂ ਦੇ ਪੋਟਿਆਂ ਨਾਲ ਹੀ ਉਸ ਦਾ ਸਿਰ ਵੀ ਮਸਤੀ ਵਿਚ ਹਿਲ ਰਿਹਾ ਸੀ। ਉਦੋਂ ਉਹ ਆਪਣੀ ਉਮਰ ਦੇ ਪੈਂਠਵੇਂ ਵਰ੍ਹੇ ਲੰਘ ਰਿਹਾ ਸੀ, ਪਰ ਜਿਸ ਮਸਤੀ ਅਤੇ ਲੈਅ ਵਿਚ ਗਾਉਂਦਿਆਂ, ਉਸ ਨੇ ਆਪਣਾ ਆਪ ਭੁਲਾ ਦਿਤਾ ਸੀ ਉਹ ਸੋਲ੍ਹਵੇਂ ਸਾਲ ਦੇ ਗੱਭਰੂ ਵਾਲੀ ਸੀ। ਡਾ. ਹਰਭਜਨ ਸਿੰਘ, ਕਰਤਾਰ ਸਿੰਘ ਗੁੱਦਲ, ਉਸ ਦੀ ਪਤਨੀ ਆਇਸ਼ਾਂ ਤੇ ਮੇਰੀ ਪਤਨੀ ਸੁਰਜੀਤ ਤੇ ਮੈਂ ਹੈਰਾਨ ਸਾਂ ਕਿ ਮੋਹਨ ਸਿੰਘ ਨੇ ਆਪਣੀ ਕਵਿਤਾ ਦੀ ਥਾਂ ਸਮਾਂ ਬੰਨ੍ਹਣ ਲਈ ਇਹ ਲੋਕ ਗੀਤ ਕਿਉਂ ਚੁਣਿਆ ਸੀ

"ਜਦੋਂ ਮੈਂ ਇਹ ਗਾਉਂਦਾ ਹਾਂ ਤਾਂ ਮੈਨੂੰ ਆਪਣੀ ਜਵਾਨੀ ਦੇ ਦਿਨ ਚੇਤੇ ਆ ਜਾਂਦੇ ਹਨ ਤੇ ਜਦੋਂ ਮੈਂ ਕਵਿਤਾ ਪੜ੍ਹਦਾ ਹਾਂ ਤਾਂ ਆਪਣੀ ਸਿਆਣਪ ਦੇ। ਬਜ਼ੁਰਗੀ ਬਹ ਅਕਲ ਅਸਤ। ਅਕਲ ਬੰਦੇ ਨੂੰ ਬੁੱਢਾ ਕਰ ਦਿੰਦੀ ਹੈ। ਮੈਨੂੰ ਬੁਢਾਪਾ ਚੰਗਾ ਨਹੀਂ ਲਗਦਾ।" ਮੋਹਨ ਸਿੰਘ ਦੇ ਇਨ੍ਹਾਂ ਸ਼ਬਦਾਂ ਵਿਚ ਇਕ ਅਟੱਲ ਸਚਾਈ ਸੀ। ਹੁਣ ਡੇਢ ਦਹਾਕਾ ਪਿਛੋਂ ਜਦੋਂ ਮੈਂ ਉਸ ਮਾਹੌਲ ਤੇ ਇਨ੍ਹਾਂ ਸ਼ਬਦਾਂ ਬਾਰੇ ਸੋਚਦਾ ਹਾਂ ਤਾਂ ਮੈਨੂੰ ਮੋਹਨ ਸਿੰਘ ਦੀ ਮੌਤ ਉਤੇ ਕਹੇ ਸੰਤ ਸਿੰਘ ਸੇਖੋਂ ਦੇ ਸ਼ਬਦ ਚੇਤੇ ਆ ਜਾਂਦੇ ਹਨ, "ਮੈਨੂੰ ਪਹਿਲਾਂ ਕਦੀ ਵੀ ਮੌਤ ਤੋਂ ਏਨਾ ਡਰ ਨਹੀਂ ਸੀ ਲੱਗਿਆ ਜਿੰਨਾ ਮੋਹਨ ਸਿੰਘ ਦੀ ਮੌਤ ਤੋਂ ਲੱਗਿਆ ਹੈ। ਇਕ-ਦੋ ਦਿਲ ਦੇ ਦੌਰਿਆਂ ਦੇ ਬਾਵਜੂਦ ਮੈਂ ਮੋਹਨ ਸਿੰਘ ਨੂੰ ਸਦਾ ਹੀ ਆਪਣੇ ਆਪ ਨਾਲੋਂ ਤਕੜਾ, ਤੰਦਰੁਸਤ ਅਤੇ ਜ਼ਿੰਦਾਦਿਲ ਸਮਝਦਾ ਰਿਹਾ ਹਾਂ। ਦਲੀਲ ਭਾਵੇਂ ਕੁਝ ਵੀ ਕਹੇ ਮੈਨੂੰ ਇਹੀਓ ਜਾਪਦਾ ਰਿਹਾ ਹੈ ਕਿ ਉਹ ਮੈਥੋਂ ਵਧੇਰੇ ਉਮਰ ਭੋਗੇਗਾ। ਉਸ ਦੀ ਮੌਤ ਨੇ ਮੇਰੀ ਉਮਰ ਉਤੇ ਵੀ ਵਾਰ ਕੀਤਾ ਹੈ।"

****

ਮੋਹਨ ਸਿੰਘ ਇਕ ਜ਼ਿੰਦਾ-ਦਿਲ ਸ਼ਖਸੀਅਤ ਸੀ। ਉਸਦੇ ਘਰ ਹਰ ਵੇਲੇ ਮਹਿਮਾਨਾਂ ਦੀ ਭੀੜ ਲੱਗੀ ਰਹਿੰਦੀ ਸੀ। ਲੇਖਕ, ਪ੍ਰਕਾਸ਼ਕ ਤੇ ਉਸ ਦੀ ਲਿਖਤ ਦੇ ਪ੍ਰਸ਼ੰਸਕ ਮੋਹਨ ਸਿੰਘ ਦੇ ਰੇਲਵੇ ਰੋਡ, ਜਲੰਧਰ ਵਾਲੇ ਘਰ ਇੰਝ ਆਉਂਦੇ ਜਾਂਦੇ ਸਨ ਜਿਵੇਂ ਇਹ ਘਰ ਨਹੀਂ ਸਰਾਂ ਹੋਵੇ। ਉਹ ਆਪ ਭਾਵੇਂ ਸਾਧੂ ਸਿੰਘ ਹਮਦਰਦ ਜਾਂ ਕਿਸੇ ਹੋਰ ਨਾਲ ਸ਼ਤਰੰਜ ਖੇਡਣ ਵਿਚ ਰੁੱਝਿਆ ਰਹਿੰਦਾ ਪਰ ਮਹਿਮਾਨਾਂ ਲਈ ਖਾਣ, ਪੀਣ ਤੇ ਸੌਣ ਦੀ ਕੋਈ ਦਿੱਕਤ ਨਾ ਹੁੰਦੀ। ਉਦੋਂ ਵੀ ਨਹੀਂ ਜਦੋਂ ਆਪਣੀ ਉਮਰ ਦੇ ਆਖਰੀ ਸਾਲਾਂ ਵਿਚ ਉਹ ਆਪਣੇ ਲੁਧਿਆਣੇ ਵਾਲੇ ਘਰ ਆ ਗਿਆ ਸੀ। ਅਤੇ ਉਸ ਨੂੰ ਆਰਥਿਕ ਔਕੜਾਂ ਕਾਰਨ ਆਪਣੇ ਇਸ ਘਰ ਦਾ ਵਡੇਰਾ ਹਿੱਸਾ ਕਿਰਾਏ 'ਤੇ ਦੇਣਾ ਪੈ ਗਿਆ ਸੀ ਤੇ ਆਪ ਕੇਵਲ ਇਕ ਹੀ ਕਮਰੇ ਵਿਚ ਰਹਿੰਦਾ ਸੀ। ਮਹਿਮਾਨਾਂ ਲਈ ਇਕ ਛੋਟਾ ਕਮਰਾ ਏਥੇ ਵੀ ਸਦਾ ਖਾਲੀ ਰਖਦਾ ਸੀ। ਜਿਸ ਕਿਸਮ ਦਾ ਭੋਜਨ ਤੇ ਜਿਸ ਨਿੱਘ ਨਾਲ ਉਹ ਭੋਜਨ ਵਰਤਾਇਆ ਜਾਂਦਾ ਸੀ ਉਸ ਤੋਂ ਮੋਹਨ ਸਿੰਘ ਦਾ ਇਸ ਪ੍ਰਕਾਰ ਇਕੋ ਹੀ ਕਮਰੇ ਵਿਚ ਰਹਿਣਾ ਵੀ ਏਦਾਂ ਜਾਪਦਾ ਸੀ ਜਿਵੇਂ ਉਹ ਸੀਸ ਮਹਿਲ ਵਿਚ ਰਹਿ ਰਿਹਾ ਹੋਵੇ।

ਇਹ ਗੱਲ ਵੀ ਮੈਨੂੰ ਕੱਲ੍ਹ ਵਾਂਗ ਹੀ ਚੇਤੇ ਹੈ ਕਿ ਮੈਂ ਲੁਧਿਆਣੇ ਖੇਤੀਬਾੜੀ



ਯੂਨੀਵਰਸਿਟੀ ਵਿਚ ਨੌਕਰੀ ਕਰਦਿਆਂ ਆਪਣੇ ਪਾਰਕਰ ਹਾਊਸ ਵਾਲੇ ਕਮਰੇ ਵਿਚ ਘੂਕ ਸੁੱਤਾ ਪਿਆ ਸਾਂ ਜਦੋਂ ਸਾਡੇ ਸਾਂਝੇ ਮਿੱਤਰ ਸੁਰਜੀਤ ਪਾਤਰ ਨੇ ਤੜਕਸਾਰ ਮੇਰਾ ਦਰਵਾਜ਼ਾ ਖੁਲ੍ਹਵਾ ਕੇ ਕਿਹਾ, "ਛੇਤੀ ਚੱਲੋ। ਚੰਗੀ ਖਬਰ ਨਹੀਂ ਪ੍ਰੋਫੈਸਰ ਸਾਹਿਬ ਦੀ ਤਬੀਅਤ ਬਹੁਤ ਖਰਾਬ ਹੈ। ਕਿਤੇ ਚੱਲ ਹੀ ਨਾ ਵਸਣ।" ਜਦੋਂ ਪਾਤਰ ਇਹ ਸ਼ਬਦ ਬੋਲ ਰਿਹਾ ਸੀ ਉਦੋਂ ਮੋਹਨ ਸਿੰਘ ਦੇ ਸਵਾਸ ਖਤਮ ਹੋਇਆਂ ਅੱਧਾ ਘੰਟਾ ਹੋ ਚੁੱਕਾ ਸੀ। ਮੈਂ ਤੇ ਪਾਤਰ ਵਾਹੋ ਦਾਹੀ ਪਹੁੰਚੇ ਤਾਂ ਮੋਹਨ ਸਿੰਘ ਦੀ ਪਤਨੀ ਸੁਰਜੀਤ ਕੌਰ ਭੁੱਬਾਂ ਮਾਰ ਕੇ ਰੋਂਦੀ ਕਹਿ ਰਹੀ ਸੀ, "ਇਨ੍ਹਾਂ ਨੂੰ ਜਗਾਓ! ਜਗਾਓ ਇਨ੍ਹਾਂ ਨੂੰ!! ਇਹ ਸੁੱਤੇ ਕਿਉਂ ਨਹੀਂ ਉਠਦੇ!!!" ਤੇ ਉਹ ਮੋਹਨ ਸਿੰਘ ਨੂੰ ਇਸ ਤਰ੍ਹਾਂ ਹਲੂਣ ਰਹੀ ਸੀ ਜਿਵੇਂ ਕੋਈ ਰੁੱਸੇ ਹੋਏ ਮਿੱਤਰ ਨੂੰ ਹਲੂਣਦਾ ਹੈ। ਪਰ ਮੋਹਨ ਸਿੰਘ ਸਦਾ ਦੀ ਨੀਂਦੇ ਸੌਂ ਚੁੱਕਾ ਸੀ ਤੇ ਉਸ ਤੋਂ ਕੁਝ ਹੀ ਘੰਟੇ ਪਿਛੋਂ ਪੰਜਾਬ ਭਰ ਵਿਚ ਇਸ ਸਦੀਵੀ ਨੀਂਦ ਦੀ ਖਬਰ ਫੈਲ ਚੁੱਕੀ ਸੀ। ਇਥੋਂ ਤੱਕ ਕਿ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਟੈਲੀਫੋਨ ਕਰਕੇ ਮੋਹਨ ਸਿੰਘ ਦੀ ਮੌਤ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਤੇ ਮਾਤਮ ਕਰਨ ਦਾ ਆਦੇਸ਼ ਦਿੰਦਿਆਂ ਆਪਣੇ ਪ੍ਰੈਸ ਸਕੱਤਰ ਕੁਲਵੰਤ ਸਿੰਘ ਵਿਰਕ ਤੋਂ ਸਾਰੇ ਕੰਮ ਛੁਡਵਾ ਕੇ ਉਸ ਨੂੰ ਸਸਕਾਰ 'ਤੇ ਹਾਜ਼ਰ ਹੋਣ ਲਈ ਭੇਜ ਦਿਤਾ ਸੀ।

****

ਤੁਣ ਤੁਣ ਵਾਲੀ ਤੁਕ ਫੇਰ ਮੇਰੇ ਦਿਮਾਗ ਵਿਚ ਕੱਲ੍ਹ ਵਾਂਗ ਹੀ ਗੂੰਜ ਰਹੀ ਹੈ। "ਤੁਣ ਤੁਣ ਤੁਣ" ਉਸ ਦੀ ਕਵਿਤਾ ਵਿਚਲੇ ਅਨੁਪਰਾਸ ਅਲੰਕਾਰ ਦੀ ਲਖਾਇਕ ਹੈ। ਮੋਹਨ ਸਿੰਘ ਦੀ ਕਵਿਤਾ ਇਸ ਅਲੰਕਾਰ ਵਿਚ ਭਿੱਜੀ ਹੋਈ ਹੈ:

ਮੈਂ ਸ਼ਾਇਰ ਰੰਗ ਰੰਗੀਲਾ,
ਮੈਂ ਪਲ ਪਲ ਰੰਗ ਵਟਾਵਾਂ।
ਮੈਂ ਵਟਦਾ ਰਹਾਂ ਤਾਂ ਜੀਵਾਂ,
ਮੈਂ ਖਲਾਂ ਤਾਂ ਮਰ ਜਾਵਾਂ।

ਉਹ ਕਿਧਰ ਗਏ ਦਿਹਾੜੇ?
ਜਦ ਛੱਤੋ ਦੇ ਪਿਛਵਾੜੇ
ਸਾਂ ਬੇਰ ਛੱਤੋ ਦੇ ਲਾਂਹਦੇ,
ਹੱਸ ਹੱਸ ਕੇ ਗਾਲਾਂ ਖਾਂਦੇ।

ਦੇਸ਼ ਪਿਆਰ ਦੀ ਮਦੂਰਾ ਪੀ ਕੇ
ਹੋਈਏ ਮਸਤ ਬੇਹਾਲ ਵਲੇ
ਹਿੰਦੂ ਨੱਚਣ, ਮਮੁਸਲਮ ਨੱਚਣ
ਕੰਮੀ ਤੇ ਚਮਰਾਲ ਵਲੇ।

--- ----

ਕੋਈ ਤੋੜੇ ਵੇ ਕੋਈ ਤੋੜੇ
ਮੇਰੀ ਵੀਣੀ ਨੂੰ ਮਚਕੋੜੇ

"ਨਿੱਕਾ ਬਾਣ ਮੰਜੀ ਬੁਣ" ਉਸ ਦੀ ਰਚਨਾਂਤਮਿਕ ਸੂਖਮਤਾ ਦੀ ਲਖਾਇਕ ਹੈ। ਉਸ ਨੇ ਆਪਣੇ ਇਕੋ ਇਕ ਕਹਾਣੀ ਸੰਗ੍ਰਹਿ ਦਾ ਨਾਂ ਵੀ "ਨਿੱਕੀ ਨਿੱਕੀ ਵਾਸ਼ਨਾ" ਰੱਖਿਆ ਸੀ। ਉਸ ਨੂੰ ਨਿੱਕੀ ਤੇ ਸੂਖਮ ਗੱਲ ਵਿਚੋਂ ਵੱਡੇ ਤੋਂ ਵੱਡੇ ਤੇ ਵਧੀਆ ਤੋਂ ਵਧੀਆ ਅਰਥ ਕੱਢਣ ਦਾ ਵੱਲ ਆਉਂਦਾ ਸੀ:

ਜੇ ਤੂੰ ਗਲੇ ਵਿਚ ਫੁੱਲਾਂ ਦਾ ਹਾਰ ਪਾਇਆ
ਤੇਰੇ ਲੱਕ ਨੂੰ ਪਏ ਕਤਵੱਲ ਮੋਈਏ
ਜੇ ਤੈਂ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ
ਭਾਰ ਨਾਲ ਨਾ ਸਕੀ ਤੂੰ ਹੱਲ ਮੋਈਏ।

ਕੌਣ ਕਹਿੰਦਾ ਪਾਣੀ ਅੱਗ ਦਾ ਮੇਲ ਨਾ
ਹੁਸਨ ਬੈਠਾ ਢੁੱਕ ਇਸ਼ਕ ਦੇ ਕੋਲ ਹੈ।

"ਕੰਨ ਧਰ ਕੇ ਸੁਣ" ਵਿਚੋਂ ਮੋਹਨ ਸਿੰਘ ਦੀ ਕਵਿਤਾ ਵਿਚ ਆਏ ਦਾਤੀਆਂ ਹਥੌੜਿਆਂ ਦੀ ਝਲਕ ਪੈਂਦੀ ਹੈ ਜਿਹੜੇ ਉਸ ਨੂੰ ਪ੍ਰਗਤੀਵਾਦੀ ਲਹਿਰ ਨੇ ਦਿੰਦੇ ਸਨ।

ਕਰ ਕਿਰਸਾਣੀ ਹਾਲੀ ਮਰ ਗਏ,
ਢਿੱਡ ਵੜਿਆ ਵਿਚ ਕੰਡ, ਓ ਯਾਰ।
ਕਰ ਕਰ ਸੇਪੀਆਂ ਸੇਪੀ ਮਰ ਗਏ,
ਹਿੱਸੇ ਵਿਚ ਇਕ ਪੰਡ, ਓ ਯਾਰ।

ਦਾਤੀਆਂ, ਕਲਮਾਂ ਅਤੇ ਹਥੌੜੇ
ਕੱਠੇ ਕਰ ਲਓ ਸੰਦ, ਓ ਯਾਰ
ਤਗੜੀ ਇਕ ਤ੍ਰਿਸ਼ੂਲ ਬਣਾਓ
ਯੁੱਧ ਕਰੋ ਪ੍ਰਚੰਡ, ਓ ਯਾਰ।
ਜੇ ਜੈ ਕਾਰ ਕਿਰਤ ਦੀ ਹੋਵੇ
ਲਗੇ ਜ਼ੁਲਮ ਦੀ ਕੰਡ, ਓ ਯਾਰ।

"ਵੇ ਮਾਹੀਆ!" ਉਸ ਦਾ ਸੰਬੰਧਕੀ ਬਿੰਬ ਹੈ। ਇਹ ਬਿੰਬ ਰੱਬ ਨੂੰ ਸੰਬੋਧਨ ਕਰਨ ਵੇਲੇ ਵੀ ਉਨ੍ਹਾਂ ਹੀ ਪ੍ਰਭਾਵਸ਼ਾਲੀ ਹੈ ਜਿੰਨਾ ਪ੍ਰੇਮਿਕਾ ਜਾਂ ਪਤਨੀ ਨੂੰ ਕਰਨ ਸਮੇਂ:

ਜੇ ਤੂੰ ਮੂੰਹ ਤੋਂ ਜ਼ੁਲਫ ਹਟਾ ਦੇਵੇਂ
ਬਿਟ ਬਿਟ ਤਕਦਾ ਕੁੱਲ ਸੰਸਾਰ ਰਹਿ ਜਾਏ।
ਰਹਿ ਜਾਏ ਭਾਈ ਦੇ ਹੱਥ ਵਿਚ ਸੰਖ ਫੜਿਆ
ਬਾਂਗ ਮੁਲਾਂ ਦੇ ਸੰਘ ਵਿਚਕਾਰ ਰਹਿ ਜਾਏ।
ਪੰਡਤ ਹੁਰਾਂ ਦਾ ਰਹਿ ਜਾਏ ਸੰਧੂਰ ਘੁਲਿਆ
ਜਾਮ ਸੂਫੀ ਦਾ ਹੋਇਆ ਤਿਆਰ ਰਹਿ ਜਾਏ।
ਕਲਮ ਢਹਿ ਪਏ ਹੱਥੋਂ ਫਿਲਾਸਫਰ ਦੀ,
ਮੁਨਕਰ ਤੱਕਦਾ ਤੇਰੀ ਨੁਹਾਰ ਰਹਿ ਜਾਏ।

ਇਕ ਘੜੀ ਜੇ ਖੁਲ੍ਹਾ ਦੀਦਾਰ ਦੇ ਦਏਂ
ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।
ਤੇਰੀ ਜ਼ੁਲਫ ਦਾ ਸਾਂਝਾ ਪਿਆਰ ਹੋਵੇ,
ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ।

"ਔਖੀ ਰਾਤ ਜੁਦਾਈ ਵਾਲੀ" ਉਸ ਦੀ ਕਵਿਤਾ ਦਾ ਮੂਲ ਧੁਰਾ ਹੈ। ਜਦੋਂ ਮੋਹਨ ਸਿੰਘ ਇਕ ਪਾਸੇ ਰੱਬ ਨੂੰ ਮਿਹਣੇ ਮਾਰਦਾ ਹੈ, ਦੂਜੇ ਪਾਸੇ ਕਿਰਤੀ ਕਿਰਸਾਨਾਂ ਨੂੰ ਵੰਗਾਰਦਾ ਹੈ ਤਾਂ ਇਸ ਦੇ ਨਾਲ ਹੀ ਉਸ ਨੂੰ ਵਿਹੜੇ ਆਏ ਪ੍ਰਾਹੁਣੇ ਦਾ ਚਾਅ ਵੀ ਚੜ੍ਹਦਾ ਹੈ:

ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ।
ਧੋਵੋ ਨੀਂ ਇਹਦੇ ਪੈਰ ਮੱਖਣ ਦੇ ਪੇੜੇ
ਰੱਖੋ ਨੀਂ ਇਹਨੂੰ ਚੁੱਕ ਚੁੱਕ ਚਸ਼ਮਾਂ ਉਤੇ,
ਕਰੋ ਨੀਂ ਇਹ ਨੂੰ ਘੁੱਟ ਘੁੱਟ ਜਿੰਦ ਦੇ ਨੇੜੇ।
ਪੁੱਛੋ ਨਾ ਇਹ ਕੌਣ ਤੇ ਕਿਥੋਂ ਆਇਆ
ਤੱਕੋ ਨਹੀ ਇਹਦਾ ਰੂਪ ਭੁਲਾ ਸਭ ਝੇੜੇ।
ਨੀ ਅੱਜ ਕੋਈ ਆਇਆ ਸਾਡੇ ਵਿਹੜੇ।

ਜਿੰਦ ਦੇ ਨੇੜੇ ਕਰਦਿਆਂ ਸਾਰ ਉਸ ਨੂੰ ਵੀ ਫਿਕਰ ਲੱਗ ਜਾਂਦਾ ਹੈ ਕਿ ਕਿਧਰੇ ਇਹ ਵਡਮੁੱਲੀ ਦਾਤ ਖੁਸ ਕੇ ਜੁਦਾਈ ਵਾਲੀ ਰਾਤ ਨਾ ਬਣ ਜਾਵੇ:

(ਪੰਨਾ 23 ਦੀ ਬਾਕੀ)

ਬੰਨੋਂ ਨੀ ਕੋਈ ਪਹਾੜ ਸਮੇਂ ਦੇ ਪੈਰੀਂ।
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।

****



ਮੋਹਨ ਸਿੰਘ ਆਪਣੇ ਸਮੇਂ ਦੀ ਇਕ ਸੰਸਥਾ ਸੀ। ਉਸਦੇ ਸਮਕਾਲੀ ਕਵੀ ਪ੍ਰੀਤਮ ਸਿੰਘ ਸਫੀਰ, ਬਾਵਾ ਬਲਵੰਤ ਅੰਮ੍ਰਿਤਾ ਪ੍ਰੀਤਮ ਉਸ ਦੀ ਕਵਿਤਾ ਦਾ ਲੋਹਾ ਮੰਨਦੇ ਸਨ। ਉਸਦੇ ਮਿੱਤਰ ਸੰਤ ਸਿੰਘ ਸੇਖੋਂ, ਵਰਿਆਮ ਸਿੰਘ ਤੇ ਗੁਰਬਚਨ ਸਿੰਘ ਤਾਲਿਬ ਉਸਦੇ ਨਾਲ ਤੁਰਦਿਆਂ ਮਾਣ ਮਹਿਸੂਸ ਕਰਦੇ ਸਨ ਉਸ ਦੇ ਉਸਤਾਦ ਤੇਜਾ ਸਿੰਘ ਨੂੰ ਉਸ ਦੀ ਗੱਲ ਕੀਤਿਆਂ ਸੁਆਦ ਆ ਜਾਂਦਾ ਸੀ। ਉਸ ਤੋਂ ਪਿਛੋਂ ਆਉਣ ਵਾਲੇ ਲੇਖਕ ਕਰਤਾਰ ਸਿੰਘ ਦੁੱਗਲ, ਹਰਭਜਨ ਸਿੰਘ ਤੇ ਕੁਲਵੰਤ ਸਿੰਘ ਵਿਰਕ ਉਸ ਦੀ ਪ੍ਰਤਿਭਾ ਤੇ ਪਕੜ ਦੇ ਪ੍ਰਸ਼ੰਸਕ ਸਨ। ਉਸ ਨੇ ਉਰਦੂ ਦੀ ਮੁਨਸ਼ੀ ਫਾਜ਼ਿਲ ਅਤੇ ਫਾਰਸੀ ਦੇ ਐੱਮ. ਓ. ਐਲ. ਕੀਤੀ ਹੋਈ ਸੀ। ਉਹ ਅੰਗਰੇਜ਼ੀ ਸਾਹਿਤ ਦਾ ਰਸੀਆ ਸੀ, ਫਾਰਸੀ ਦਾ ਉਸਤਾਦ ਅਤੇ ਪੰਜਾਬੀ ਦਾ ਲੇਖਕ। ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜਿਸ ਨੇ ਉਸ ਦੀ ਪ੍ਰਤਿਭਾ ਤੋਂ ਕਾਇਲ ਹੋ ਕੇ ਇਸ ਦਾ ਮੁੱਲ ਨਾ ਪਾਇਆ ਹੋਵੇ। ਉਸ ਦੇ ਸਰਪ੍ਰਸਤਾਂ ਵਿਚੋਂ ਡਾ. ਮਹਿੰਦਰ ਸਿੰਘ ਰੰਧਾਵਾ ਦਾ ਨਾਂ ਲਏ ਬਿਨਾਂ ਗੱਲ ਅਧੂਰੀ ਰਹਿ ਜਾਵੇਗੀ। ਡਾਕਟਰ ਰੰਧਾਵਾ ਨੇ ਉਸ ਦੀ ਕਵਿਤਾ ਦਾ ਮੁੱਲ ਪਾ ਕੇ ਪੰਜਾਬ ਦਾ ਵਿਕਾਸ ਕਮਿਸ਼ਨਰ ਹੁੰਦਿਆਂ ਉਸ ਦੀ ਕਵਿਤਾ 'ਅੰਬੀ ਦੇ ਬੂਟੇ' ਦੀ ਫਿਲਮ ਬਣਵਾਈ ਅਤੇ ਖੇਤੀਬਾੜੀ ਯੂਨੀਵਰਸਿਟੀ ਦਾ ਕੁਲਪਤੀ ਹੋਣ ਪਿਛੋਂ ਉਸ ਨੂੰ ਉਨ੍ਹਾਂ ਦਿਨਾਂ ਵਿਚ ਪ੍ਰੋਫੈਸਰ ਅਮੈਰੀਟਸ ਲਗਾਇਆ ਜਦੋਂ ਉਹ ਆਰਥਿਕ ਤੌਰ ਤੇ ਪਹਿਲਾਂ ਵਾਲਾ ਮੋਹਨ ਸਿੰਘ ਨਹੀਂ ਸੀ ਰਿਹਾ।

ਵੰਡ ਤੋਂ ਇਕਦਮ ਪਿਛੋਂ ਮੋਹਨ ਸਿੰਘ ਨੇ ਵਧੇਰੇ ਔਖੇ ਦਿਨ ਵੀ ਵੇਖੇ ਸਨ। ਮੱਝਾਂ ਪਾਲ ਕੇ ਉਨ੍ਹਾਂ ਦਾ ਦੁੱਧ ਵੇਚਣਾ, ਤਾਂਗਾ ਖਰੀਦ ਕੇ ਕਿਸੇ ਤੋਂ ਚਲਵਾਉਣਾ, ਰੈਸਟੋਰੈਂਟ ਖੋਲ੍ਹਣਾ ਤੇ ਅੰਤ ਵਿਚ ਹਿੰਦ ਪਬਲਿਸ਼ਰਜ਼ ਨਾਂ ਥੱਲੇ ਪ੍ਰਕਾਸ਼ਕ ਬਣਨਾ। ਰੋਜ਼ੀ ਦੀ ਭਾਲ ਵਿਚ ਉਸ ਨੂੰ ਪੰਜਾਬ ਦੇ ਸਾਰੇ ਹੀ ਉਘੇ ਸ਼ਹਿਰਾਂ ਵਿਚ ਥਾਂ ਥਾਂ ਰਹਿਣਾ ਪਿਆ ਜਿਨ੍ਹਾਂ ਵਿਚ ਅੰਮ੍ਰਿਤਸਰ, ਪਟਿਆਲਾ, ਜਲੰਧਰ ਤੇ ਲੁਧਿਆਣਾ ਸ਼ਾਮਲ ਹਨ।

ਮੋਹਨ ਸਿੰਘ ਦੇ ਸਨਮਾਨਾਂ ਵਿਚ ਪ੍ਰਾਂਤਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਨਮਾਨ ਸ਼ਾਮਲ ਹਨ। ਅੱਜ ਜਦੋਂ ਇਸ ਉਘੇ ਕਵੀ ਦੇ ਜਨਮ ਦਿਨ ਤੇ ਉਸ ਨੂੰ ਏਨੇ ਵੱਡੇ ਪੈਮਾਨੇ ਉਤੇ ਚੇਤੇ ਕੀਤਾ ਜਾ ਰਿਹਾ ਹੈ ਤਾਂ ਮੇਰੇ ਦਿਮਾਗ ਵਿਚ ਮੋਹਨ ਸਿੰਘ ਦੀ ਉਹੀਓ ਅਲਬੇਲੀ ਤੁਣ ਤੁਣ ਦੀ ਅਵਾਜ਼ ਵੀ ਆ ਰਹੀ ਹੈ ਅਤੇ ਇਸ ਦੇ ਨਾਲ ਹੀ ਉਸ ਦੀ ਉਹ ਪੁਕਾਰ ਵੀ ਜਿਸ ਵਿਚ ਉਹ ਭੱਜੇ ਜਾ ਰਹੇ ਸਮੇਂ ਦੇ ਪੈਰੀਂ ਪਹਾੜ ਬੰਨ੍ਹਣ ਲਈ ਵਾਜਾਂ ਮਾਰਦਾ ਹੋਇਆ ਚੀਖਦਾ ਹੈ, "ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।" ਪਰ ਇਨ੍ਹਾਂ ਗੇੜਿਆਂ ਨੂੰ ਕੌਣ ਡੱਕ ਸਕਦਾ ਹੈ। ਰਾਤ ਦਿਵਸ ਦੀ ਚੱਕੀ ਵਿਚ ਮੋਹਨ ਸਿੰਘ ਦਾ ਸਰੀਰ ਤਾਂ ਪਿਸ ਚੁੱਕਾ ਹੈ ਪਰ ਉਸ ਦੀ ਆਵਾਜ਼ ਉਸੇ ਤਰ੍ਹਾਂ ਉਭਰ ਕੇ ਵਾਯੂ ਮੰਡਲ ਵਿਚ ਫੈਲੀ ਹੋਈ ਹੈ ਜਿਵੇਂ ਤੇ ਜਿਸ ਤਰ੍ਹਾਂ ਉਹ ਜਿਉਂਦੇ ਜੀਅ ਤੁਣ ਤੁਣ ਗਾਇਆ ਕਰਦਾ ਸੀ :

ਤੁਣ ਤੁਣ ਤੁਣ
ਨਿੱਕਾ ਬਾਣ ਮੰਜੀ ਬੁਣ
ਕੰਨ ਧਰ ਕੇ ਸੁਣ
ਵੇ ਮਾਹੀਆ!
ਔਖੀ ਰਾਤ ਜੁਦਾਈ ਵਾਲੀ।

ਗ਼ਜ਼ਲ

ਸ਼ਿਵਦੇਵ ਸੰਧਾਵਾਲ਼ੀਆ

ਪਹੁੰਚ ਜਾਵਾਂਗਾ ਮੈਂ ਆਪਣੀ ਮੰਜ਼ਲੇ-ਮਕਸੂਦ ਤੇ।
ਮਿਹਰਬਾਨੀ ਕਰਕੇ ਤੂੰ ਆਪਣਾ ਸਹਾਰਾ ਰਹਿਣ ਦੇ।

ਮੇਰੀ ਗੈਰਤ ਨੂੰ ਇਹ ਠੇਡੇ ਠੋਕਰਾਂ ਮਨਜ਼ੂਰ ਨੇ,
ਤਰਸ ਨਾ ਕਰ ਤੂੰ ਮੇਰੇ ਸਿਰ ਭਾਰ ਸਾਰਾ ਰਹਿਣ ਦੇ।

ਸਾਗਰਾਂ ਵਿਚ ਹੁਣ ਮੈਨੂੰ ਡੁਬ ਡੁਬ ਕੇ ਤਰਨਾ ਆ ਗਿਐ,
ਦੂਰ ਬੇਸ਼ਕ ਦੂਰ ਮੇਰੇ ਤੋਂ ਕਿਨਾਰਾ ਰਹਿਣ ਦੇ।

ਜੇ ਮੇਰੀ ਹਿੰਮਤ ਤੇ ਮੇਰਾ ਹੌਸਲਾ ਤਕਣਾ ਈ ਹੋਰ,
(ਤਾਂ) ਛੱਡ ਮੇਰਾ ਹੱਥ ਤੇ ਮੈਨੂੰ ਅਵਾਰਾ ਰਹਿਣ ਦੇ।

ਮੈਨੂੰ ਮੇਰੀ ਆਪਣੀ ਝੁੱਗੀ ਦੇ ਉੱਤੇ ਨਾਜ਼ ਹੈ,
ਮਾਫ ਕਰ ਤੂੰ ਆਪਣਾ ਉੱਚਾ ਚੁਬਾਰਾ ਰਹਿਣ ਦੇ।

ਮੈਂ ਬਥੇਰਾ ਭਟਕਿਆ ਹਾਂ ਮੈਨੂੰ ਲੱਭਾ ਨਹੀਂ ਖੁਦਾ
ਮਸਜਦਾਂ, ਮੰਦਰਾਂ ਤੇ ਆਪਣਾ ਗੁਰਦਵਾਰਾ ਰਹਿਣ ਦੇ।

ਗ਼ਜ਼ਲ

ਲਾਲ ਸਿੰਘ ਦਿਲ

ਕੁਰਆਨ ਹੱਥ 'ਚ ਹੈ ਜ਼ਿਹਨ ਮੈਅ-ਖਾਨੇ 'ਚ।
ਇਮਾਨ ਹੀ ਇਮਾਨ ਹੈ ਇਸ ਦਿਲ ਦਿਵਾਨੇ 'ਚ।
ਮਸਤੀ ਹੈ ਜੇਕਰ ਕੋਈ ਤਾਂ ਉਹ ਨਜ਼ਰ 'ਚ ਹੈ,
ਸਿਰਫ ਇਕ ਪ੍ਰਛਾਵਾਂ ਹੈ ਛਲਕਦੇ ਪੈਮਾਨੇ 'ਚ।
ਇਸ ਤਰ੍ਹਾਂ ਵਿਰਾਨ ਹੈ ਇਹ ਦਿਲ ਨਾਸ਼ਾਦ ਸੰਗ
ਮੌਤ ਕੁਝ ਨਾ ਤੱਕ ਰਹੀ ਮਿਰੇ ਆਸ਼ਿਆਨੇ 'ਚ।
ਕਿਆਮਤ ਦਾ ਕੋਈ ਦਿਨ ਤਮੰਨਾਵਾਂ ਤੇ ਕੋਈ ਹਾਥ
ਸ਼ੁਕਰ ਕੁਝ ਕਮੀ ਨਹੀਂ ਦਰਦ ਦੇ ਖਜ਼ਾਨੇ 'ਚ।
ਖੋਹ ਕੇ ਮੇਰਾ ਗ਼ਮ ਤੁਸਾਂ ਮੁਸਕਾਨ ਦੇ ਦਿੱਤੀ,
ਕੀ ਕਹੇ ਕੋਈ ਇਸ ਦਿਲ-ਲਗੀ ਦੇ ਸ਼ੁਕਰਾਨੇ 'ਚ।
ਮੌਸਮ ਦੇ ਸੰਗ ਤੜਪਣਾ ਇਮਾਨ ਫਿਰ ਕਿਥੇਂ
ਦੇਖ ਕੋਈ ਬਹਾਨਾ ਨਹੀਂ ਹੈ ਤੇਰੇ ਬਹਾਨੇ 'ਚ।
ਗ਼ਰਿਜ਼ ਦੇਵੋ ਨਾ ਉਠਾਓ ਕੋਈ ਅੰਗੀਆਰ ਖ਼ੁਸ਼ੀ ਦਾ
ਆਪ ਹੀ ਆਉਣਾ ਹੈ ਕਿਉਂ ਗੈਰ ਦੇ ਨਿਸ਼ਾਨੇ 'ਚ।
ਮਸਜਿਦ ਅੰਦਰ ਛੇੜ ਨਾ ਐ 'ਦਿਲ' ਤਾਊਰ ਦੀ ਗੱਲ
ਇਸ ਤਰ੍ਹਾਂ ਦਾ ਜ਼ਬਤ ਨਹੀਂ ਯਾ ਰੱਬ ਦਿਵਾਨੇ 'ਚ।

•

ਜੇਰਾਲਡ ਲਾਈਬਰਮੈਨ ਨੇ ਹਾਸ-ਰਚਨਾਵਾਂ ਦਾ ਸੰਗ੍ਰਹਿ ਤਿਆਰ ਕਰਨ 'ਤੇ ਉਸ ਨੂੰ ਆਪਣੀ ਜ਼ਿੰਦਗੀ ਵਿਚ ਆਈਆਂ ਤੀਵੀਆਂ ਦੇ ਨਾਂ ਸਮਰਪਤ ਕਰਦਿਆਂ ਲਿਖਿਆ ਹੈ :

ਆਪਣੀ ਮਾਂ, ਸ੍ਰੀਮਤੀ ਫਰੇਡਾ ਸਾਈਡਮੈਨ ਆਪਣੀਆਂ ਧੀਆਂ, ਲਾਰੀ ਜੋ ਤੇ ਮੋਨਾ ਹੈਲੇਨ
ਤੇ ਆਪਣੀ ਪਤਨੀ, ਸਿਲਵੀਆ ਨੂੰ
ਜੋ ਸਭ ਮੈਨੂੰ ਇਕੋ ਜਿੰਨੀਆਂ ਪਿਆਰੀਆਂ ਹਨ
ਪਰ ਜਿਨ੍ਹਾਂ ਦੇ ਨਾਂ ਮੈਂ ਖ਼ਤਰੇ ਤੋਂ ਬਚਣ ਲਈ
ਵਰਣਮਾਲਾ ਦੇ ਅੱਖਰਾਂ ਦੀ ਤਰਤੀਬ ਮੁਤਾਬਿਕ ਲਿਖੇ ਹਨ।

•

ਲਿਬਾਸ ਦੇ ਡਿਜ਼ਾਈਨਰ, ਚਾਰਲਸ ਕਰੀਡ ਨੇ ਆਪਣੀ ਕਿਤਾਬ "ਮੇਡ ਟੂ ਮੇਯਰ" ਦੇ ਸਮਰਪਣ ਵਿਚ ਲਿਖਿਆ ਹੈ :

ਇਹ ਕਿਤਾਬ
ਮੈਂ ਆਪਣੇ ਦੋਸਤ, ਐਲਸਪਥ ਗ੍ਰਾਂਟ ਨੂੰ ਸਮਰਪਤ ਕਰਦਾ ਹਾਂ
ਜਿਨ੍ਹਾਂ ਨੇ ਕਿ ਇਹ ਮੇਰੇ ਲਈ ਲਿਖੀ ਹੈ।

'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City...
Province...
Postal code...
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA..........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਰਣਜੀਤ ਸਿੰਘ ਪ੍ਰੀਤ

ਦੀਵਾਲੀ

ਦੀਵਾਲੀ ਸਮੇਂ ਦੀ ਤੋਰ ਤੇ ਇਕ ਅਜਿਹਾ ਮੀਲ ਪੱਥਰ ਹੈ ਜੋ ਹਜ਼ਾਰਾ ਸਾਲ ਬੀਤਣ ਤੇ ਵੀ ਅਲੋਪ ਨਹੀਂ ਹੁੰਦਾ। ਦੀਵਾਲੀ ਹਰ ਸਾਲ ਆਉਂਦੀ ਹੈ ਤੇ ਲੰਘ ਜਾਂਦੀ ਹੈ। ਪਰ ਕਈ ਦੀਵਾਲੀਆਂ ਅਜਿਹੀਆਂ ਵੀ ਆਉਂਦੀਆਂ ਹਨ ਜੋ ਆਪਣੇ ਨਾਲ ਕੌੜੀਆਂ ਮਿੱਠੀਆਂ ਯਾਦਾ ਜਾਂ ਘਟਨਾਵਾਂ ਦਾ ਪੱਲੂ ਫੜ ਜੋੜ ਤੁਰਦੀਆਂ ਹਨ। ਇਹੀ ਉਹ ਘਟਨਾਵਾਂ ਹਨ ਜੋ ਦੀਵਾਲੀ ਨੂੰ ਇਤਿਹਾਸਕ ਮਹਾਨਤਾ ਪ੍ਰਦਾਨ ਕਰਦੀਆਂ ਹਨ। ਇਸੇ ਤਰ੍ਹਾਂ ਸਾਡੇ ਅਮੀਰ ਸਿਖ ਇਤਿਹਾਸ ਵਿਚ ਵੀ ਬਹੁਤ ਘਟਨਾਵਾਂ ਅਜਿਹੀਆਂ ਹਨ, ਜੋ ਹਰ ਸਿਖ ਨੂੰ ਇਸ ਦਿਨ ਤੇ ਫ਼ਖਰ ਮਹਿਸੂਸ ਕਰਨ ਦਾ ਬਲ ਬਖਸ਼ਦੀਆਂ ਹਨ :—

"ਬੰਦੀ ਛੋੜ"। ਗੁਰੂ ਸਾਹਿਬ ਦੀ ਕੈਦ ਤੋਂ ਰਿਹਾਈ

ਸਾਡੇ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰੂ ਘਰ ਦੇ ਦੋਖੀਆਂ ਦੀ ਕਾਨਾਫੂਸੀ ਦੇ ਆਧਾਰ ਤੇ ਆਗਰੇ ਬੁਲਾ ਕੇ ਜਹਾਂਗੀਰ ਨੇ ਧੋਖੇ ਨਾਲ ਕੈਦ ਕਰ ਲਿਆ। ਪਰ ਛੇਤੀ ਹੀ ਜਹਾਂਗੀਰ ਆਪਣੇ ਸੁਪਨਿਆਂ ਵਿਚ ਰਾਤੀਂ ਡਰ ਡਰ ਜਾਗਣ ਲੱਗਾ। ਉਧਰ ਗਵਾਲੀਅਰ ਦੇ ਕਿਲ੍ਹੇ ਦੁਆਲੇ ਜਿਥੇ ਗੁਰੂ ਜੀ ਕੈਦ ਸਨ, ਲੋਕੀ ਆ ਆ ਕੇ ਮੱਥਾ ਟੇਕਣ 'ਚ ਰਾਤ ਦਿਨ ਮਘਣ ਸਨ। ਜਹਾਂਗੀਰ ਨੇ ਇਕ ਦਿਨ ਆਪਣੀ ਹਾਲਤ ਬਾਰੇ ਹਜ਼ਰਤ ਮੀਆਂ ਮੀਰ ਨੂੰ ਦਸਿਆ ਤਾਂ ਉਹਨਾਂ ਕਿਹਾ, "ਬਾਦਸ਼ਾਹ ਸਲਾਮਤ ਤੁਸਾਂ ਕਿਸੇ ਮਹਾਨ ਆਤਮਾ ਨੂੰ ਦੁਖੀ ਕੀਤਾ ਹੈ।" ਇਹ ਸੁਣ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਜੇਲ੍ਹ ਚੋਂ ਫਾਰਗ ਕਰਨ ਦੀ ਹਦਾਇਤ ਜਾਰੀ ਕਰ ਦਿਤੀ। ਪਰ ਜਦ ਇਹ ਗਲ ਕਿਲ੍ਹੇ ਅੰਦਰਲੇ 52 ਹਿੰਦੂ ਉਮਰ ਕੈਦ ਭੁਗਤ ਰਹੇ ਰਾਜਿਆਂ ਨੇ ਸੁਣੀ ਤਾਂ ਉਹ ਵੀ ਆਪਣੀ ਰਿਹਾਈ ਲਈ ਗੁਰੂ ਜੀ ਪਾਸ ਆ ਫਰਿਆਦੀ ਹੋਏ। ਨਤੀਜੇ ਵਜੋਂ ਜਹਾਂਗੀਰ ਨੇ ਵੀ ਇਸ ਗਲ ਦੀ ਜਦ ਸਹਿਮਤੀ ਦੇ ਦਿਤੀ ਕਿ, "ਜੋ ਰਾਜਾ ਚੋਲੇ ਦੀਆਂ ਕਲੀਆਂ ਫੜ ਲੰਘ ਜਾਵੇਗਾ, ਉਸ ਨੂੰ ਆਜ਼ਾਦ ਸਮਝਿਆ ਜਾਵੇਗਾ। ਜਹਾਂਗੀਰ ਦੀ ਇਸ ਸ਼ਰਤ ਦੇ ਆਧਾਰ ਤੇ ਹੀ ਗੁਰੂ ਸਾਹਿਬ ਨੇ ਵਡਾ ਤੇ ਵਧ ਕਲੀਆਂ ਵਾਲਾ ਚੋਲਾ ਬਣਵਾਇਆ ਜਿਸ ਨਾਲ 50 ਰਾਜੇ ਤਾਂ ਚੋਲੇ ਦੀਆਂ ਕਲੀਆਂ ਫੜ ਤੇ ਦੋ ਚੋਲੇ ਦੀਆਂ ਤਣੀਆਂ ਫੜ ਕੈਦ ਤੋਂ ਬਾਹਰ ਆ ਗਏ। 'ਬੰਦੀ ਛੋੜ' ਗੁਰੂ ਮਹਾਰਾਜ ਜਦ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚੇ ਤਾਂ ਲੋਕਾਂ ਨੇ ਸ਼ਹਿਰ 'ਚ ਦੀਪਮਾਲਾ ਕੀਤੀ, ਨਵੇਂ ਕੱਪੜੇ ਪਹਿਨੇ ਤੇ ਆਤਸ਼ਬਾਜ਼ੀਆਂ ਚਲਾ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਤਾਂ ਹੀ ਪ੍ਰਸਿੱਧ ਹੈ :—

"ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।"

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਜਦ ਸਿਰੜੀ ਤੇ ਦਲੇਰ ਸਿੰਘਾਂ ਦੀਆਂ ਜ਼ਬਾਨਾਂ ਤੇ ਇਹ ਸਤਰਾਂ ਸਨ ਕਿ :—


ਮੀਰ ਮੰਨੂੰ ਸਾਡੀ ਦਾਤਰੀ, ਅਸੀਂ ਉਸ ਦੇ ਸੋਏ,
ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।"

ਠੀਕ ਇਹੋ ਜਿਹੇ ਲਹੂ-ਭਿੱਜੇ ਮਾਹੌਲ ਵਿਚ ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਦੀਵਾਲੀ ਮਨਾਉਣ ਦਾ ਪ੍ਰੋਗਰਾਮ ਉਲੀਕਿਆ। ਇਸ ਦੇ ਬਦਲੇ ਵਿਚ 5000 ਰੁਪਏ ਠੇਕਾ ਲਾਹੌਰ ਦੇ ਸੂਬੇ ਖਾਨ ਬਹਾਦਰ ਨੂੰ ਦੇਣਾ ਮਿਥਿਆ ਗਿਆ। ਉਧਰ ਸੰਗਤਾਂ ਦੀਵਾਲੀ ਤੇ ਚਾਈਂ ਚਾਈਂ ਪਹੁੰਚ ਰਹੀਆਂ ਸਨ ਤੇ ਇਧਰ ਖਾਨ ਬਹਾਦਰ ਬੁਕ ਕੇ ਚੱਟਣ ਦੇ ਯਤਨ ਨੂੰ ਫੌਜ ਭੇਜ ਕੇ ਅਮਲੀ ਰੂਪ ਦੇਈ ਜਾ ਰਿਹਾ ਸੀ। ਜਦ ਇਹ ਕੁਝ ਸਿਖ ਸੰਗਤਾਂ ਨੇ ਵੇਖਿਆ ਤਾਂ ਉਹ ਉਥੋਂ ਸਹਿਜੇ ਖਿਸਕ ਗਈਆਂ। ਭਾਈ ਸਾਹਿਬ ਨੂੰ 5000 ਦੀ ਵਸੂਲੀ ਲਈ ਫੜ ਕੇ ਖਾਨ ਬਹਾਦਰ ਦੇ ਪੇਸ਼ ਕੀਤਾ ਗਿਆ। ਭਾਵੇਂ ਉਹਨਾਂ ਕਿਹਾ ਵੀ ਕਿ "ਤੁਸਾਂ ਹੀ ਸ਼ਰਤ ਤੋੜ ਕੇ ਫੌਜ ਭੇਜੀ ਹੈ ਤੇ ਫਿਰ ਠੇਕਾ ਕਾਹਦਾ, ਜਦ ਤੁਸਾਂ ਦੀਵਾਲੀ ਦਾ ਮੇਲਾ ਹੀ ਨਹੀਂ ਲਗਣ ਦਿਤਾ।" ਪਰ ਇਹ ਗੱਲ ਮੁਗਲ ਹਕੂਮਤ ਨੂੰ ਮਨਜ਼ੂਰ ਨਹੀਂ ਸੀ। ਲਾਹੌਰ ਵਾਸੀ ਸਿਖ 5000 ਰੁਪਏ ਇਕੱਠੇ ਕਰਕੇ ਭਾਈ ਸਾਹਿਬ ਨੂੰ ਛਡਾਉਣ ਲਈ ਆਏ ਵੀ ਪਰ ਉਹਨਾਂ ਨੇ ਸਿੱਖਾਂ ਨੂੰ ਅਜਿਹਾ ਕਰਨ ਤੋਂ ਵਰਜ ਦਿਤਾ। ਕਾਜ਼ੀ ਦੇ ਫਤਵੇ ਅਨੁਸਾਰ ਭਾਈ ਮਨੀ ਸਿੰਘ ਜੀ ਨੂੰ ਪੰਥ ਦੇ ਸਰਾਪ ਮੁਤਾਬਕ ਬੰਦ ਬੰਦ ਕੱਟ ਕੇ ਗੁਰਪੁਰੀ ਪਹੁੰਚਾ ਦਿਤਾ। ਭਾਈ ਸਾਹਿਬ ਦਾ ਅੰਗ ਅੰਗ ਕਟਿਆ ਜਾਣਾ ਸੋਚ ਕੇ ਅਜ ਖੁਸ਼ੀਆਂ ਭਰੇ ਦਿਨ ਸਾਡੇ ਰੌਂਗਟੇ ਖੜੇ ਹੋ ਜਾਂਦੇ ਹਨ। ਖੁਸ਼ੀ ਦੇ ਨਾਲ ਨਾਲ ਇਸ ਦਰਦਨਾਕ ਘਟਨਾ ਦੀ ਚਸਕ ਹਰ ਦਿਲ ਨੂੰ ਝੰਜੋੜ ਕੇ ਰਖ ਜਾਂਦੀ ਹੈ।

ਲਾਹੌਰ ਤੇ ਕਬਜ਼ਾ ਕਰਨ ਦਾ ਮਤਾ ਪਕਾਉਣਾ

21 ਅਕਤੂਬਰ 1761 ਨੂੰ ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਤੇ ਸਰਬਤ ਖਾਲਸੇ ਨੇ ਇਹ ਫੈਸਲਾ ਕੀਤਾ ਕਿ ਲਾਹੌਰ ਤੇ ਕਬਜ਼ਾ ਕਰ ਕੇ ਆਪਣਾ ਸਿੱਕਾ ਚਲਾਇਆ ਜਾਵੇ। ਇਸ ਫੈਸਲੇ ਨੂੰ ਨਵੰਬਰ 1761 ਵਿਚ ਹੀ ਲਾਹੌਰ ਤੇ ਕਬਜ਼ਾ ਕਰਕੇ ਪੂਰਾ ਕੀਤਾ ਗਿਆ। ਜਿਸ ਦਾ ਸਬੂਤ ਖੋਜਕਾਰਾਂ ਨੂੰ ਮਿਲੇ ਉਸ ਸਮੇਂ ਦੇ ਇਸ ਲਿਖਤ ਵਾਲੇ ਸਿੱਕੇ ਤੋਂ ਹੀ ਸਾਨੂੰ ਮਿਲ ਜਾਂਦਾ ਹੈ। ਜੋ ਜੱਸਾ ਸਿੰਘ ਦੀ ਗੱਦੀ ਨਸ਼ੀਨੀ ਦਾ ਪ੍ਰਤੀਕ ਹੈ:—

"ਸਿੱਕਾ ਜ਼ਦਦਰ ਯਹਾਂ ਫਜ਼ਲੇ ਖੁਦਾ,
ਮੁਲਕ ਐਹਮਦ ਗ੍ਰਿਫਤ ਜੱਸਾ ਕਲਾਲ।"



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਹੰਕਾਰੀ ਅਬਦਾਲੀ ਦੀ ਸੰਧੀ ਵਾਲੀ ਗਲ ਨੂੰ ਠੁਕਰਾਉਣਾ

ਅਭਿਮਾਨੀ ਅਬਦਾਲੀ 40 ਗੱਡੇ ਸਿਖਾਂ ਦੇ ਸਿਰਾਂ ਨਾਲ ਭਰੀ ਅੰਮ੍ਰਿਤਸਰ ਆਇਆ ਤਾਂ ਮਾਣਮੱਤੇ ਅਬਦਾਲੀ ਨੇ ਸਰੋਵਰ ਵਿਚ ਮਿੱਟੀ ਭਰਵਾ ਦਿਤੀ ਤੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾਉਣ ਦੀ ਕੋਸ਼ਿਸ਼ ਕਰਦਿਆਂ ਸਿਖਾਂ ਦੇ ਸਿਰਾਂ ਨੂੰ ਮੀਨਾਰ ਦੇ ਰੂਪ 'ਚ ਚਿਣਵਾ ਦਿਤਾ। ਤਾਂ ਜੋ ਚਾਰੇ ਪਾਸੇ ਦਹਿਸ਼ਤ ਫੈਲ ਜਾਵੇ। ਪਰ 1762 ਦੀ ਦੀਵਾਲੀ ਦੇ ਮੌਕੇ ਤੇ 60 ਲਖ ਸਿਖਾਂ ਦਾ ਇਕੱਠ ਸੁਣ ਉਹ ਹੱਕਾ ਬੱਕਾ ਹੀ ਰਹਿ ਗਿਆ। ਆਪਣੇ ਹੰਕਾਰ ਨੂੰ ਢੇਰੀ ਹੁੰਦਾ ਵੇਖ ਉਸਨੇ ਸਿੰਘਾਂ ਨਾਲ ਸੰਧੀ ਕਰਨ ਲਈ ਆਪਣਾ ਵਿਸ਼ੇਸ਼ ਦੂਤ ਭੇਜਿਆ। ਪਰ ਸਿੱਖਾਂ ਨੇ ਉਸ ਹੰਕਾਰੀ ਦੀ ਪੇਸ਼ਕਸ਼ ਦਾ ਮੁਲ ਕਾਣੀ ਕੌਡੀ ਵੀ ਨਾ ਪਾਇਆ।

ਸ਼ੇਰੇ ਪੰਜਾਬ ਤੇ ਦੀਵਾਲੀ

1833 ਦੀ ਦੀਵਾਲੀ ਤੇ ਅੰਮ੍ਰਿਤਸਰ 'ਚ ਰਹਿੰਦੀ ਸਿਖ ਫੌਜ ਨੂੰ ਸ਼ਰਾਬ ਨਾ ਪੀਣ ਲਈ ਤਾਕੀਦ ਕੀਤੀ ਗਈ। ਸਾਰੀ ਫੌਜ ਨੂੰ ਬੈਂਡ ਵਾਜਿਆਂ ਦੀਆਂ ਸੁਰੀਲੀਆਂ ਧੁਨਾਂ ਨਾਲ ਦਰਬਾਰ ਸਾਹਿਬ ਜਾ ਕੇ ਇਸ਼ਨਾਨ ਕਰਨ ਲਈ ਵੀ ਕਿਹਾ ਗਿਆ। ਖੁਦ ਮਹਾਰਾਜਾ ਰਣਜੀਤ ਸਿੰਘ ਨੇ ਚਾਂਦੀ ਦੇ ਚੋਭਾਂ ਵਾਲਾ ਇਕ ਸ਼ਾਨਦਾਰ ਤੰਬੂ ਦਰਬਾਰ ਸਾਹਿਬ ਦੀ ਭੇਟਾ ਕੀਤਾ। ਇਸ ਤਰ੍ਹਾਂ ਫਰਾਖ ਦਿਲ ਤੇ ਸ਼ਰਧਾਲੂ ਸ਼ੇਰੇ ਪੰਜਾਬ ਨੇ 1835 ਦੀ ਦੀਵਾਲੀ ਤੇ 511 ਸੋਨੇ ਦੀਆਂ ਮੋਹਰਾਂ ਹਰਿਮੰਦਰ ਸਾਹਿਬ ਦੀ ਭੇਟਾ ਚੜ੍ਹਾਉਣ ਦਾ ਸ਼ੁਭ ਕਾਰਜ ਵੀ ਨੇਪਰੇ ਚਾੜ੍ਹਿਆ।

ਉਪਰੋਕਤ ਤੋਂ ਬਿਨਾਂ ਸਿਖ ਹਰ ਸਾਲ ਇਹਨਾਂ ਯਾਦਾਂ ਨੂੰ ਦਿਲ ਵਿਚ ਸਾਂਭ ਚਾਈਂ ਚਾਈਂ ਆਪਣੇ ਘਰਾਂ ਨੂੰ ਸਾਫ ਕਰਦੇ ਹਨ। ਜਿਸ ਨਾਲ ਬਹੁਤ ਸਾਰੀਆਂ ਮਾਰੂ ਬਿਮਾਰੀਆਂ ਤੋਂ ਬਚਿਆ ਜਾਂਦਾ ਹੈ। ਕਿਉਂਕਿ ਬਰਸਾਤਾਂ ਤੋਂ ਮਗਰੋਂ ਤੇ ਮੰਜੇ ਅੰਦਰ ਕਰਨ ਤੋਂ ਪਹਿਲਾਂ ਸਫਾਈ ਬਹੁਤ ਜ਼ਰੂਰੀ ਹੁੰਦੀ ਹੈ। ਘਰ ਦੀ ਹਰ ਚੀਜ਼ ਨੂੰ ਸਲੀਕੇ ਨਾਲ ਠੀਕ ਕਰਕੇ ਰਖਿਆ ਜਾਂਦਾ ਹੈ। ਇਹ ਇਕ ਵਡੀ ਸਫਾਈ ਮੁਹਿਮ ਵੀ ਮੰਨੀ ਜਾਂਦੀ ਹੈ।

ਇਸ ਤਰ੍ਹਾਂ ਸਰ੍ਹੋਂ ਦੇ ਤੇਲ ਵਾਲੇ ਮਹਤਵਪੂਰਨ ਦੀਵਿਆਂ ਦੀ ਇਹ ਮਹਤਵਪੂਰਨ ਰੋਸ਼ਨੀ ਇਸ ਮਹਤਵਪੂਰਨ ਦਿਨ ਤੇ ਸਿਖਾਂ ਦੇ ਮਹਤਵਪੂਰਨ ਵਿਰਸੇ ਨੂੰ ਸਾਡੀਆਂ ਅੱਖਾਂ ਅਗੇ ਲਿਆ ਰੋਸ਼ਨ ਕਰਦੀ ਹੈ।

ਗ਼ਜ਼ਲ

o

ਅਜਮੇਰ ਗਿੱਲ

ਗ਼ਮ ਜ਼ਮਾਨੇ ਦੇ ਕਦੋਂ ਤੀਕਰ ਸਹੇਂਗਾ।
ਬਲਦੇ ਪਰ ਲੈ ਕੇ ਕਦੋਂ ਤੀਕਰ ਉਡੇਂਗਾ।

ਆਪਣਾ ਹੀ ਖ਼ੂਨ ਪਾਣੀ ਹੋ ਗਿਆ ਹੈ,
ਦੱਸ ਹੁਣ ਸ਼ਿਕਵਾ ਵੀ ਤੂੰ ਕਿਸ ਤੇ ਕਰੇਂਗਾ।

ਹੋ ਗਿਆ ਦੁਸ਼ਮਣ ਜਦੋਂ ਸਾਇਆ ਵੀ ਤੇਰਾ,
ਹੁਣ ਬਦਨ ਅਪਣੇ ਤੋਂ ਵੀ ਇਕ ਦਿਨ ਡਰੇਂਗਾ

ਇਹ ਸਫ਼ਰ, ਇਹ ਝੀਲ ਤੇ ਦਿਲਕਸ਼ ਨਜ਼ਾਰੇ,
ਕੀ ! ਕਦੇ ਏਥੇ ਤੂੰ ਫਿਰ ਆਇਆ ਕਰੇਂਗਾ।

ਇਸ ਤਰਾਂ ਤਾਂ ਬਿਰਖ ਹੋ ਜਾਏਂਗਾ ਇਕ ਦਿਨ
ਸੜਕ ਦੇ ਕੰਢੇ ਕਦੋਂ ਤੀਕਰ ਖੜੇਂਗਾ ?

ਇਹ ਕਿਹਾ ਰਿਸ਼ਤਾ ਸਮੁੰਦਰ ਤੇ ਨਦੀ ਦਾ,
ਮੈਂ ਘਟਾ ਕਾਲੀ ਤਾਂ ਤੂੰ ਬੱਦਲ ਬਣੇਂਗਾ।

ਮੌਤ ਤਾਂ ਅਜਮੇਰ ਹੈ ਪ੍ਰਵਾਹ ਪੁਰਾਣਾ
ਆਸ ਹੈ, ਤੂੰ ਜ਼ਿੰਦਗੀ ਨੂੰ ਹੀ ਚੁਣੇਂਗਾ।

ਉਹ ਪੁੱਛਦੇ ਨੇ


o

ਜਸਬੀਰ ਕੌਰ

ਉਹ ਪੁੱਛਦੇ ਨੇਂ
'ਉਹ ਤੇਰਾ ਕੌਣ ਸੀ ?'
ਜਿਸਦੀ ਮਿੱਟੀ ਰੁਲਣ ਤੇ
ਤੇਰੀ ਅੱਖ ਦਾ ਸਮੁੰਦਰ ਰੇਤ ਨਾ ਬਣਿਆ

ਮੇਰੇ ਸਾਹਾਂ 'ਚ ਡੁੱਬਣ ਵਾਲਿਆ
ਤੂੰ ਹੀ ਦੱਸ
ਮੈਂ ਕਿਵੇਂ ਆਖਾਂ
ਕਿ ਤੇਰੇ ਖ਼ੂਨ ਦੀ ਲਾਲੀ
ਸਿੰਧੂਰ ਬਣਨ ਤੋਂ ਪਹਿਲਾਂ
ਮੇਰੀਆਂ ਅੱਖਾਂ 'ਚ ਰੜਕ ਪਈ ਐ
ਤੇ ਮੇਰੀਆਂ ਅੱਖਾਂ ਵਿਚਲਾ ਸਮੁੰਦਰ
ਲਾਲ ਹੈ—ਗੁੱਸੇ ਨਾਲ, ਦੁੱਖ ਨਾਲ
ਠੰਢੇਪਨ ਦੀ ਨੀਲਗੀ ਮੈਂ ਕਿਥੋਂ ਦਿਆਂ
ਇਨ੍ਹਾਂ ਚਹਿਰਮਾਰਿਆਂ ਨੂੰ...।

ਮੈਂ ਮੰਨਦੀ ਹਾਂ, ਮੈਂ ਕਿਹਾ ਸੀ,



ਸ਼ਹੀਦ ਕਲਮ!!

ਦਰਸ਼ਨ ਸਿੰਘ ਮਾਸਟਰ

(ਅਫਰੀਕੀ ਇਨਕਲਾਬੀ ਸ਼ਾਇਰ
ਬੈਨਜਮ ਮੋਲਾਇਸ ਦੇ ਨਾਮ ਜੀਹਨੂੰ
ਗੋਰੇ ਸਾਮਰਾਜ ਨੇ ਸ਼ਹੀਦ ਕਰ ਦਿਤਾ)

ਰੁਬਾਈ :
ਹੱਕ ਨਿਆਂ ਦੀ ਖਾਤਰ ਕਲਮਾਂ
ਆਦ ਕਾਲ ਤੋਂ ਲੜੀਆਂ
ਪੀਤੇ ਜ਼ਹਿਰ-ਪਿਆਲੇ ਨੇ ਤੇ
ਸੂਲੀ ਤੇ ਵੀ ਚੜ੍ਹੀਆਂ
ਬੋਲ ਕਦੇ ਪਰ ਕਤਲ ਨਾ ਹੋਏ
ਆਵਾਜ਼ ਕਦੇ ਨਾ ਮੋਈ
ਕਾਤਲ ਨੇ ਅਜ਼ਮਾਈਆਂ ਛੁਰੀਆਂ
ਬਦਲ ਬਦਲਕੇ ਬੜੀਆਂ

... ...

ਪਲ ਭਰ ਕਿਤੇ ਸੁਸਤਾਉਣ ਲਈ
ਜਦ ਲੋਕ ਜੁੜਕੇ ਬਹਿਣਗੇ
ਤੇਰੀ ਕਹਾਣੀ ਕਹਿਣਗੇ
ਖੱਫਣ ਸਿਰਾਂ ਤੇ ਬੰਨ੍ਹਕੇ
ਸੰਘਰਸ਼ ਰਾਹੇ ਪੈਣਗੇ
ਇਤਿਹਾਸ ਦੇ ਹਰ ਮੋੜ ਤੇ
ਪਏ ਨਾਮ ਤੇਰਾ ਲੈਣਗੇ

ਵਾਰੀ ਪਿਆਰੀ ਜਾਨ ਤੇ
ਪਰ ਪਾਲਿਆ ਈਮਾਨ ਤੂੰ
ਤੇ ਕੌਮ ਖਾਤਰ ਹੋ ਗਿਆ
ਓ ਸ਼ਾਇਰਾ ! ਕੁਰਬਾਨ ਤੂੰ

ਤੂੰ ਗੀਤ ਗੌਂਦਾ ਹੀ ਰਿਹਾ
ਤੇ ਜ਼ਿੰਦਗਦੀ ਦੇ ਸਾਰ ਦੀ
ਤੂੰ ਬਾਤ ਪੌਂਦਾ ਹੀ ਰਿਹਾ
ਅੰਤਮ ਸਵਾਸਾਂ ਤੀਕਰ
ਤੂੰ ਮੁਸਕਰਾਉਂਦਾ ਹੀ ਰਿਹਾ
ਹਰ ਗਲ ਦੇ ਵਿਚ ਜੂਝਦਾ
ਚੋਟਾਂ ਵਰ੍ਹਾਉਂਦਾ ਹੀ ਰਿਹਾ

ਓ ਸੱਚ ਦੇ ਅਕਾਸ਼ ਦੇ
ਪੂਨਮ ਦੇ ਚੰਦਾ ਸਾਰਿਆ !
ਤੂੰ ਨ੍ਹੇਰ ਨੂੰ ਵੰਗਾਰਿਆ
ਤੇ ਧੁੰਦ ਨੂੰ ਲਲਕਾਰਿਆ
ਓ ਝਿਲਮਲਾਂਦੇ ਤਾਰਿਆ !
ਤੂੰ ਜ਼ਿੰਦਗੀ ਨੂੰ ਯੋਧਿਆਂ !!
ਆਦਰਸ਼ ਉਤੋਂ ਵਾਰਿਆ

ਓ ਹੋਈਆਂ ਦੇ ਹਾਣੀਆ !
ਉਫ ! ਲੰਮੀਆਂ ਨੇ ਤਾਣੀਆਂ
ਤੈਨੂੰ ਸਲਾਮੀ ਦੇਂਦੀਆਂ
ਸੰਸਾਰ-ਮੁਕਤੀ-ਵਾਹਣੀਆਂ

ਇਹ ਸਮੇਂ ਦਾ ਸੰਕੇਤ ਹੈ
ਕਿ ਸਾਮਰਾਜੀ ਦਾਣੀਆਂ
ਨੇ, ਅੰਤ ਹਾਰਾਂ ਖਾਣੀਆਂ
ਜਦ ਸੋਲੀਆਂ ਵੀਰਾਂਗਨਾਂ
ਨੇ, ਗੋਰੀਆਂ ਪਟਰਾਣੀਆਂ
ਇਉਂ ਭੋਂ ਤੇ ਪਟਕਾਣੀਆਂ
ਜਿਉਂ ਹੋਣ ਕੋਡਾ ਕਾਣੀਆਂ
ਫਿਰ ਆਰਜ਼ੂਆਂ ਤੇਰੀਆਂ
ਨੇ ਸੱਚੀਆਂ ਹੋ ਜਾਣੀਆਂ

ਗੁੱਸੇ ਦੇ ਭਾਂਬੜ ਬਲਣਗੇ
ਤੇ ਜਾਂਬਰਾਂ ਨੂੰ ਵਲਣਗੇ
ਮਜ਼ਲੂਮ ਪੈਰਾਂ ਹੇਠ ਪਏ
ਹੱਤਿਆਰਿਆਂ ਨੂੰ ਦਲਣਗੇ
ਪਰਵਾਨ ਤੇਰੀ ਕਾਮਨਾ
ਚੜ੍ਹਸੀ, ਅਕੀਦੇ ਫਲਣਗੇ

ਸੰਸਾਰ ਭਰ ਦੇ ਨੇਕਦਿਲ
ਅੰਦਰ ਹੀ ਅੰਦਰ ਰੋ ਰਹੇ
ਹਿਰਦੇ 'ਚ ਲਾਂਬੂ ਬਲ ਰਹੇ
ਅੱਖਾਂ ਚੋਂ ਸਾਗਰ ਚੋਂ ਰਹੇ
ਤੇ ਸਿਰ ਝੁਕਾਈ ਦੋਸਤਾ !
ਕੁਰਬਾਨ ਤੈਥੋਂ ਹੋ ਰਹੇ

ਕਬਰੀ ਬਰਾਜੇ ਸੂਰਮੇ
ਕੌਮਾਂ ਦੀ ਹੁੰਦੇ ਜਾਨ ਨੇ
ਦੇਸ਼ਾਂ ਦੀ ਹੁੰਦੇ ਸ਼ਾਨ ਨੇ
ਮਾਨਵ ਦੀ ਸੱਚੀ ਆਨ ਨੇ
ਓ ਕੌਮ ਦੇ ਪਰਵਾਨਿਆ !
ਪਈ ਤੇਰੜੇ ਬਲੀਦਾਨ ਨੇ
ਤੂਫਾਨ ਦਿਤੇ ਨੇ ਜਗਾ
ਤੇ ਸਾਮਰਾਜੀ ਜਾਬਰਾਂ
ਦੇ ਪੈਰ ਦਿਤੇ ਨੇ ਹਿਲਾ
ਤੂੰ ਭਰਜਲਾਂ ਨੂੰ ਤਰ ਗਿਆ
ਇਤਿਹਾਸ ਰੌਸ਼ਨ ਕਰ ਗਿਆ

ਪਰਨਾਮ ਤੇਰੀ ਕਲਮ ਨੂੰ
ਪਰਨਾਮ ਤੇਰੇ ਅਜ਼ਮ ਨੂੰ
ਪਰਨਾਮ ਤੇਰੀ ਸੋਚ ਨੂੰ
ਪਰਨਾਮ ਤੇਰੇ ਸਿਦਕ ਨੂੰ
ਪਰਨਾਮ ਤੇਰੀ ਲੋਚ ਨੂੰ
ਪਰਨਾਮ ਤੇਰੇ ਵਤਨ ਨੂੰ
ਪਰਨਾਮ ਤੇਰੇ ਨਗਰ ਨੂੰ
ਪਰਨਾਮ ਤੇਰੇ ਸਬਰ ਨੂੰ
ਪਰਨਾਮ ਤੇਰੀ ਡਗਰ ਨੂੰ
ਪਰਨਾਮ ਤੇਰੇ ਅੰਤ ਨੂੰ
ਪਰਨਾਮ ਤੇਰੀ ਕਬਰ ਨੂੰ

ਸ਼ਾਇਰ ! ਸ਼ਹੀਦ !! ਸੂਰਿਆ !!!
ਕੌਲਾਂ —ਕਰਾਰਾਂ—ਪੂਰਿਆ !!
ਪਈ ਕਲਮ ਦਾ ਪਰਨਾਮ ਹੈ
ਅਫਸੋਸ ਦਾ ਤੇ ਰੋਸ ਦਾ
ਹਰ ਸ਼ਬਦ ਤੇਰੇ ਨਾਮ ਹੈ

ਸੁਰਜੀਤ ਮੋਹਨ ਸਿੰਘ

ਜਦੋਂ ਮੈਂ ਫੁੱਲ ਝਨਾਂ ਵਿਚ ਪਾਏ।
ਹੀਰ ਤੇ ਰਾਂਝਾ ਦੇਖਣ ਆਏ।

ਠੰਢਾ ਪਾਣੀ ਭਰਦਾ ਹਾਵੇ
ਮੋਹਨ ਸ਼ਾਇਰ ਕਵਿਤਾ ਗਾਵੇ
ਖੁਸ਼ੀਆਂ ਦੇ ਵਿਚ ਤਾਲ ਵਜਾਵੇ
ਬੰਨੇ ਬੈਠਾ ਮਾਹੀਆ ਗਾਵੇ।

ਮਹੀਂਵਾਲ ਨੇ ਜਦੋਂ ਅਲਖ ਜਗਾਈ
ਸੋਹਣੀ ਦੌੜੀ ਦੌੜੀ ਆਈ
ਰਾਂਝੇ ਨੇ ਜਦੋਂ ਬੰਜਰੀ ਵਜਾਈ
ਹੀਰ ਹਸਦੀ ਹਸਦੀ ਆਈ।

ਮੋਹਨ ਨੇ ਹੀਰ ਦੇ ਸ਼ਿਅਰ ਸੁਣਾਏ
ਲਖ ਲੱਖ ਅੱਲਾ ਦੇ ਸ਼ੁਕਰ ਮਨਾਏ
ਵਾਰੀ ਜਾਵਾਂ ਸਦਕੇ ਜਾਵਾਂ
ਕਲਮ ਤੇਰੀ ਨੂੰ ਚੁੰਮੀ ਜਾਵਾਂ।

ਰੂਹਾਂ ਹੀਰ ਤੇ ਸੋਹਣੀ ਦੀਆਂ
ਫਿਰਨ ਝਨਾਂ ਵਿਚ ਆਪੇ ਪਈਆਂ
ਪੈਰ ਦੋਵਾਂ ਦੇ ਵਾਹਣੇ
ਰਬ ਕਰਦਾ ਨੀ
ਰਬ ਕਰਦਾ ਭਾਏ ਭਾਣੇ।

ਮੇਰੇ ਫੁਲ ਝਨਾਂ ਵਿਚ ਪਾਣੇ।

(ਦਖਣੀ ਅਫਰੀਕਾ ਦੇ ਸ਼ਾਇਰ ਤੇ ਕਾਲੇ ਲੋਕਾਂ ਦੇ ਨੌਜਵਾਨ ਆਗੂ ਮੋਇਲਸ ਬੈਂਜਾਮਿਨ ਦੇ ਮਾਂ, ਪਿਓ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਨਾਂ ਜਿਨ੍ਹਾਂ ਨੇ ਉਸ ਨੂੰ ਫਾਹੇ ਲੱਗਣ ਤੋਂ ਬਾਅਦ, ਅੱਥਰੂ ਵਗਣ ਦੀ ਥਾਂ ਅਜ਼ਾਦੀ ਤਰਾਨਾ ਗਾਇਆ)

ਹੁੰਗਾਰਾ

ਤਰਾਨਾ ਹੋਰ ਗਾਓ ਦੋਸਤੋ
ਕਿ ਰੰਜ ਮਰ ਜਾਏ।
ਤਰਾਨਾ ਹੋਰ ਗਾਓ ਦੋਸਤੋ
ਕਿ ਜ਼ੁਲਮ ਘਬਰਾਏ।

ਅਸਾਡੇ ਕੋਲ ਪਰਚਮ ਨੇ
ਜਾਂ ਫਿਰ ਕੌਮੀ ਤਰਾਨੇ ਨੇ।
ਜਿਨ੍ਹਾਂ ਦੇ ਨਾਲ ਜ਼ਾਲਮ ਰਾਜ ਦੇ
ਫਸਤੇ ਮੁਕਾਣੇ ਨੇ।
ਕਰੋ ਉੱਚੀ ਹਵਾ ਵਿੱਚ ਹੋਰ,
ਪਰਚਮ ਹੋਰ ਲਹਿਰਾਏ।
ਤਰਾਨਾ ਹੋਰ ਗਾਓ.......

ਬੜੀ ਲੰਮੀ ਲੜੀ ਇਤਿਹਾਸ ਵਿਚ
ਹੈ ਕਤਲਗਾਹਾਂ ਦੀ।
ਰਹੀ ਨਾ ਥੋੜ੍ਹ ਬੇੜੀ ਨੂੰ,
ਕਮੀ ਫਿਰ ਵੀ ਮਲਾਹਾਂ ਦੀ।
ਮਲਾਹੋ ! ਫੜ ਲਓ ਚੱਪੂ
ਕਿ ਬੇੜੀ ਡੋਲ ਨਾ ਜਾਏ
ਤਰਾਨਾ ਹੋਰ ਗਾਓ............

ਓ ਸ਼ਾਇਰੋ ! ਫੇਰ ਇਕ ਸ਼ਾਇਰ ਨੇ
ਆਪਣੀ ਲਾਜ ਪਾਲੀ ਹੈ।
ਕਿਸੇ ਖੇਤਰ ਦੀ ਨਹੀਂ ਇਹ ਲਾਜ
ਨਾ ਗੋਰੀ ਨਾ ਕਾਲੀ ਹੈ।
ਸਿਖੋ ਕੋਈ ਗੀਤ ਐਸਾ
ਹਰ ਕਿਸੇ ਨੂੰ ਜੋਸ਼ ਆ ਜਾਏ।

ਤਰਾਨਾ ਹੋਰ ਗਾਓ ਦੋਸਤੋ
ਕਿ ਰੰਜ ਮਰ ਜਾਏ
ਤਰਾਨਾ ਹੋਰ ਗਾਓ ਦੋਸਤੋ
ਕਿ ਜ਼ੁਲਮ ਘਬਰਾਏ !

—ਸ਼ਿਵਨਾਥ

ਐਸੀ ਨਾ ਲੜ ਲੜਾਈ,
ਸਾਂਝਾਂ ਨੂੰ ਜੋ ਨਾ ਭਾਏ।
ਫ਼ਿਰਕੂ ਹਵਾ ਜੇ ਵੱਗੇ,
ਆਪਣਾ ਵੀ ਗੈਰ ਲੱਗੇ।



Labour Minister Terry Segarty, minister responsible for women's and youth programs, has established a 12-member Provincial Youth Council to provide B.C. young people with a direct link to government. With the Minister are (front row, left to right): Michael Giordana of Delta, Jo-Anna Le Grandeur of Cranbrook, Mr. Segarty, Kevin Falcon of Vancouver, Lori Bremner of Vancouver; second row: Jasbir Khurana of Vancouver, Russ Brown of Burns Lake, Lori Pawlick of Mackenzie, Denise Sam of Victoria, Arla Knight, acting youth co-ordinator, Laurie Lee of 100 Mile House, Isabel Kelly, deputy minister women's programs and youth services, Norman Kerr of Kamloops; back row: Ardath Paxton Mann, ministerial assistant, Jim Hernandez of Victoria, Preston Wong of Vancouver.

AMBIKA FOODS

5125 Victoria Drive
Vancouver, B.C. Canada



DIWALI GREETINGS

PHONE: 327—0295

DIWALI SPECIAL SALE

MILK ਦੁੱਧ 3.27	NABOB ਨਵਾਬ ਚਾਹ 3.99 120's	ATTA ਆਟਾ 2x10 kg. 8.99
ALMOND ਬਦਾਮ lb. 1.79	SUGAR ਖੰਡ 10 kg. with regular grocery 3.99	CORNED MUTTON ਕੌਰਨਡ ਮਟਨ tin. 1.37
LONG GRAIN RICE ਲੌਂਗ ਗਰੇਨ ਚਾਵਲ 20 kg. 10.99	BESAN Pea Flour ਬੇਸਣ 2 kg. 1.49	CHICKEN LEGS ਮੁਰਗੇ ਦੀਆਂ ਲੱਤਾਂ lb. 99¢

CHANA FLOUR ਛੋਲਿਆਂ ਦਾ ਆਟਾ 2 kg. 2.89	CHANA DAL ਛੋਲਿਆਂ ਦੀ ਦਾਲ MOONG ਮੂੰਗੀ KALA CHANA ਕਾਲੇ ਛੋਲੇ lb. 37¢

Robin Hood Flour

5.99 with this coupon **75¢ off**

ਹਰੀਆਂ ਤਾਜ਼ੀਆਂ ਸਬਜ਼ੀਆਂ

ਵੀ ਮਿਲ ਸਕਦੀਆਂ ਹਨ

Robin Hood

SAVE 75¢ on your next purchase of…

Robin Hood All Purpose, Unbleached or Whole Wheat Flour (2.5 kg, 3.5 kg, 5 kg or 10 kg)

To The Dealer: Robin Hood Multifoods Inc. will reimburse the face value of the coupon plus our specified handling fee provided you accept it from your customer on purchase of item specified. Other applications constitute fraud. Failure to send in, on request, evidence that sufficient stock was purchased in previous 90 days to cover coupons presented will void coupons. Submitted coupons become our property. Reimbursements will be made only to retail distributors who redeemed coupons or to holders of Robin Hood Multifoods Inc. certificate of authority

For redemption, mail to Robin Hood Multifoods Inc., P. O. Box 3000, Saint John, New Brunswick E2L 4L3.

LIMIT ONE COUPON PER PURCHASE

AMBIKA ENTERPRISES

COUPON EXPIRES November 30, 1985 0937513d

STORE PRICE

Robin Hood Flour — THIS WEEK — WITH COUPON

ਵਿਅੰਗ

ਵਾਰਸ ਸ਼ਾਹ ਜਾਂ ਅੱਗ ਬਝਾਉਣ ਲਗਾ

—ਦਿਓਲ



ਅਗਲੇ ਦਿਨ . ਸਵੇਰ ਹੋਈ ਤਾਂ ਅਸਾਂ ਪ੍ਰੋਫੈਸਰ ਤੋਂ ਛੁੱਟੀ ਲਈ। ਤੇ ਨੇੜੇ ਦੇ ਸ਼ਹਿਰ ਵੱਲ ਨੂੰ ਚੱਲ ਪਏ। ਪੈਦਲ ਤੁਰੇ ਜਾਂਦਿਆਂ ਨੂੰ ਅਸਾਂ ਨੂੰ ਕਈ ਸੱਜਣਾਂ ਨੇ ਟੋਕ ਟਾਕਾਈ ਕੀਤੀ। ਕੋਲੋਂ ਲੰਘਣ ਵਾਲਿਆਂ ਨੇ ਕੁੱਝ ਇਸ ਤਰ੍ਹਾਂ ਸਾਡੇ ਵੱਲ ਵੇਖਿਆ ਜਿਵੇਂ ਅਸੀਂ ਕੋਈ ਬਹੁਤ ਹੀ ਬੁਰਾ ਕੰਮ ਕਰ ਰਹੇ ਹੋਈਏ।

"ਕਿਉਂ ਜੀ, ਪੈਦਲ ਤੁਰੇ ਜਾਂਦੇ ਹੋ ? ਕੋਈ ਸਾਈਕਲ ਸੂਕਲ ਹੈ ਨਹੀਂ ਤੁਹਾਡੇ ਕੋਲ ?..."

"ਨਾ ਜੀ ! ਪਿੱਛੇ ਸਾਢੇ ਸੱਤ ਵਾਲੀ ਬੱਸ ਆਉਣ ਵਾਲੀ ਐ। ਤੁਸੀਂ ਉਹਦੀ ਉਡੀਕ ਕਰ ਲੈਂਦੇ। ਪੈਦਲ ਤੁਰੇ ਜਾਂਦੇ ਓ .."

"ਬੱਸ ਨਹੀਂ ਤਾਂ ਕੋਈ ਟੈਂਪੂ ਹੀ ਉਡੀਕ ਲੈਣਾ ਸੀ। ਪੈਦਲ ਕਾਹਨੂੰ ਤੁਰਨਾ ਸੀ।"

"ਟੈਂਪੂ ਕਾਹਨੂੰ। ਪਿੱਛੇ ਸਿਬੀਆਂ ਵਾਲੇ ਬੋਲੇ ਬਾਬੇ ਦਾ ਤਾਂਗਾ ਆ ਜਾਣਾ ਸੀ ਤੁਸੀਂ ਉਹਦੇ ਉਪਰ ਹੀ ਬੈਠ ਜਾਣਾਂ ਸੀ। ਐਕਣ ਪੈਦਲ ਤੁਰੇ ਜਾਂਦੇ ਤਾਂ ਤੁਸੀਂ ਚੰਗੇ ਨਹੀਂ ਲੱਗਦੇ।"

ਅਸੀਂ ਕਹਿਣਾ ਚਾਹੁੰਦੇ ਸਾਂ, "ਕਿਉਂ ਠੀਕ ਨਹੀਂ ਲਾਗਦੇ ? ਕਿਉਂ ਸਾਡੀਆਂ ਲੱਤਾਂ ਨਹੀਂ ਹਾਨ ਜਾਂ ਕਿ ਪੈਰ ਨਹੀਂ ਹਨ ? ਕੌਣ ਕਹਿੰਦੈ ਬਈ ਪੈਦਲ ਤੁਰਨਾ ਕੋਈ ਬੁਰੀ ਬਾਤ ਹੈ।"

ਪਰ ਅਸੀਂ ਕਿਹਾ ਨਹੀਂ। ਅਸਾਂ ਨੂੰ ਸ਼ੱਕ ਹੋਇਆ ਕਿਤੇ ਏਧਰ.ਪੰਜਾਬ ਵਿਚ ਪੈਦਲ ਤੁਰਨਾ ਕੋਈ ਖਿਲਾਫ਼ੇ ਕਾਨੂੰਨ ਹਰਕਤ ਨਾ ਹੋਵੇ। ਹੋਰ ਨਾ ਨਵਾਂ ਪੁਆੜਾ ਪਾ ਬੈਠੀਏ। ਸੋ ਚੁੱਪ ਚਾਪ ਨੀਵੀਂ ਪਾਈ ਅੱਗੇ ਤੁਰਦੇ ਗਏ।

ਇਕ ਸਿਆਣਾ ਜਿਹਾ ਬੰਦਾ ਸ਼ੱਕ ਦੀਆਂ ਨਜ਼ਰਾਂ ਨਾਲ ਸਾਨੂੰ ਤੱਕਦਾ ਸਾਡੇ ਕੋਲ ਦੀ ਅੱਗੇ ਲੰਘ ਗਿਆ ਜਿਵੇਂ ਉਹਨੂੰ ਸਾਡੀ ਪੈਦਲ ਤੁਰਨ ਵਾਲੀ ਹਰਕਤ ਪਸੰਦ ਨਾ ਆਈ ਹੋਵੇ। ਤੇ ਆਪ ਉਹ ਸਾਈਕਲ ਉਪਰ ਸੀਗਾ। ਉਹਦੇ ਪਿੱਛੇ ਆ ਰਿਹਾ ਦੂਜਾ ਸਾਈਕਲ ਸਵਾਰ ਉਹਨੂੰ ਕਹਿ ਕੇ ਤੇ ਅਸਾਂ ਨੂੰ ਸੁਣਾ ਕੇ ਬੋਲਿਆ, "ਪੁਰਾਣੇ ਜ਼ਮਾਨੇ ਦੇ ਬਜ਼ੁਰਗ ਜਾਪਦੇ ਹਨ। ਤਦੇ ਹੀ ਪੈਦਲ ਤੁਰਨ ਨੂੰ ਚੰਗਾ ਸਮਝਦੇ ਹਨ। ਨਹੀਂ ਤਾਂ ਅੱਜ ਕੱਲ੍ਹ ਦੇ ਸਮੇਂ ਵਿਚ ਪੈਦਲ ਤੁਰਾਨ ਵਲਿਆਂ ਨੂੰ ਮੂਰਖ ਜਾਂ ਪਾਗਲ ਸਮਝਿਆ ਜਾਂਦਾ ਹੈ।"

"ਲਓ ਜੀ ! ਹੁਣ ਅਸੀਂ ਪਾਗਲ ਵੀ ਹੋ ਗਏ ...।"

ਅਸਾਂ ਮਨ ਹੀ ਮਨ ਆਪਣੇ ਆਪ ਨੂੰ ਸੁਣਾ ਕੇ ਕਿਹਾ ਤੇ ਉਨ੍ਹਾਂ ਪਾਸੋਂ ਖਿਸਕਦੇ ਹੋਏ।

ਪ੍ਰੋਫੈਸਰ ਦੇ ਘਰੋਂ ਤੁਰਨ ਵੇਲੇ ਸੋਚਿਆ ਸੀ ਕਿ ਪਹੁ ਫੁਟਾਲੇ ਦੀ ਠੰਢੀ ਰੌਸ਼ਨੀ ਅੱਖਾਂ ਵਿਚ ਭਰਾਂਗੇ। "ਪਈਆਂ ਚਾਟੀਆਂ ਵਿਚ ਮਧਾਣੀਆਂ ਨੀ" ਦੀ ਤੁਕ ਨੂੰ ਮਨ ਹੀ ਮਨ ਗੁਣਗੁਣਾਂਦੇ ਤੁਰੀ ਜਾਵਾਂਗੇ। ਠੰਢੀ ਤੇ ਤਾਜ਼ੀ ਹਵਾ ਫੇਫੜਿਆਂ ਵਿਚ ਭਰੇਗੀ ਤਾਂ ਪੰਜਾਬ ਵਿਚ ਮੁੜ ਕੇ ਆਉਣਾ ਸਫਲ ਹੋ ਗਿਆ ਪ੍ਰਤੀਤ ਹੋਵੇਗਾ। ਪਰ ਕੋਲੋਂ ਦੀ ਲੰਘਦੇ ਦੁੱਧ ਦੇ ਢੋਲਾਂ ਨਾਲ ਲੱਦੇ ਚੌਪਹੀਏ ਟੈਂਪੂ ਵੱਲ ਵੇਖ ਕੇ ਖਿਆਲ ਆਇਆ ਕਿ ਦੁੱਧ ਤਾਂ ਡੇਰੀਆਂ ਵਾਲੇ ਨਚੋੜ ਕੇ ਲੈ ਜਾਂਦੇ ਹਨ। ਤੇ ਮਧਾਣੀਆਂ ਜੇ ਕਿਧਰੇ ਚਲਦੀਆਂ ਵੀ ਹਨ ਤਾਂ ਬਿਜਲੀ ਨਾਲ। ਉਹ ਕੁੜ ਤੇ ਨੇਤਰੇ ਦੇ ਵਿਚਕਾਰ ਚੱਲਣ ਘੁੰਮਣ ਵਾਲੀਆਂ ਮਧਾਣੀਆਂ ਤਾਂ ਕਿਧਰੇ ਪਿਛਾਂਹ ਰਹਿ ਗਈਆਂ।

ਖੈਰ ਜੀ ! ਅਸੀਂ ਰਵਾਂ ਰਵੀਂ ਤੁਰਦੇ ਸ਼ਹਿਰ ਦੀ ਜੂਹ ਅੰਦਰ ਦਾਖਲ ਹੋ ਗਏ ਮਨ ਵਿਚ ਇੱਛਾ ਹੋਈ ਕਿ ਤਾਜ਼ੀ ਚਿਲਮ ਦੇ ਦੋ ਕਸ਼ ਕਿਤੋਂ ਖਿਚੀਏ ਤੇ ਤਬੀਅਤ ਰਾਸ ਕਰੀਏ।

ਸੋ ਇਹ ਸੋਚ ਕੇ ਅਸੀਂ ਨੇੜੇ ਹੀ ਦਿਸਦੇ ਇਕ ਬਰਾਂਡੇ ਵੱਲ ਤੁਰ ਪਏ। ਨੇੜੇ ਜਾ ਕੇ ਅਸਾਂ ਵੇਖਿਆ ਕਿ ਬਰਾਂਡੇ ਦੇ ਬਾਹਰਵਾਰ ਉਹਦੇ ਵਾਧਰੇ ਉਪਰ ਇਕ ਫੱਟਾ ਲੱਗਾ ਹੋਇਆ ਸੀ। ਜਿਸ ਉਪਰ ਲਿਖਿਆ ਹੋਇਆ ਸੀ 'ਅੱਗ ਲਾਉਣ ਵਾਲੇ'। ਏਨੀ ਕੁ ਇਬਾਰਤ ਤਾਂ ਮੋਟੇ ਅੱਖਰਾਂ ਵਿਚ ਲਿਖੀ ਹੋਈ ਸੀ। ਤੇ ਉਹਦੇ ਹੇਠਾਂ ਕਰਕੇ ਉਸ ਤੋਂ ਕੁੱਝ ਕੁ ਬਰੀਕ ਅੱਖਰਾਂ ਵਿਚ ਜ਼ਰਾ ਖੋਲ੍ਹ ਕੇ ਲਿਖਿਆ ਹੋਇਆ ਸੀ।

'ਏਥੇ ਹਰ ਤਰ੍ਹਾਂ ਦੀ ਅੱਗ ਲਾਉਣ ਵਾਲੇ ਮਿਲ ਸਕਦੇ ਹਨ। ਮਸਲਨ — ਜਾਤਪਾਤ ਦੀ ਅੱਗ, ਛੂਤਛਾਤ ਦੀ ਅੱਗ, ਫਿਰਕਾਪ੍ਰਸਤੀ ਦੀ ਅੱਗ, ਜਨਤਾ ਦੇ ਤੇ ਸਰਕਾਰ ਵਿਚਾਲੇ ਅੱਗ, ਊਚਨੀਚ ਦੀ ਅੱਗ, ਕੇਂਦਰ ਤੇ ਪ੍ਰਾਂਤ ਵਿਚਾਲੇ ਅੱਗ, ਨੌਕਰ ਤੇ ਮਾਲਕ ਵਿਚਾਲੇ ਅੱਗ, ਮਹਿਕਮਾ ਅਤੇ ਮੁਲਾਜ਼ਮ ਵਿਚਾਲ਼ੇ ਅੱਗ, ਗੱਲ ਕੀ ਹਰ ਤਰ੍ਹਾਂ ਦੀ ਅੱਗ ਲਾਉਣ ਵਾਲੇ ਤੇ ਉਹਨੂੰ ਭੜਕੌਣ ਵਾਲੇ ਏਥੋਂ ਮਿਲ ਸਕਦੇ ਹਨ।'

ਅਸਾਂ ਦੇ ਮਨ 'ਚ ਬੜੀ ਤਾਂਘ ਜਾਗੀ ਉਸ ਬਰਾਂਡੇ ਦੇ ਅੰਦਰ ਜਾ ਕੇ ਵੇਖਣ ਦੀ। ਇਹ ਅੱਗ ਲੌਣ ਵਾਲੇ ਕੌਣ ਮਹਾਂਪੁਰਸ਼ ਹਨ ? ...

ਬਰਾਂਡੇ ਵਿਚ ਦਾਖਲ ਹੁੰਦਿਆਂ ਅਸਾਂ ਨੂੰ ਪਟੇ ਸੰਵਾਰਦਾ ਤੇ ਪਾਨ ਥੁੱਕ ਦਾ ਇਕ ਅੱਖੋਂ ਕਾਣਾ ਨੌਜਵਾਨ ਬੜੇ ਹੀ ਤਪਾਕ ਨਾਲ ਮਿਲਿਆ।

"ਹਾਂ ਜੀ ! ਆਓ ਜੀ ਸ਼ੇਖ ਸ੍ਹਾਬ। ਕਿਹੜਾ ਅਖਬਾਰ ਚਾਹੀਦਾ ਹੈ ?..."

ਅਸੀਂ ਅਜੇ ਉਤਰ ਦੇਣ ਦਾ ਮਨ ਬਣਾ ਹੀ ਰਹੇ ਸੀ ਕਿ ਉਹਨੇ ਫੱਟੇ ਉਤੇ ਪਏ ਸਾਰੇ ਅਖਬਾਰਾਂ ਵਿਚੋਂ ਇਕ ਅਖਬਾਰ ਚੁੱਕ ਕੇ ਅਸਾਡੇ ਅੱਗੇ ਕਰ ਦਿੱਤਾ।

ਅਖਬਾਰ ਉਰਦੂ ਵਿਚ ਛਪਿਆ ਹੋਇਆ ਸੀ। ਪਹਿਲੀ ਸੁਰਖੀ ਸੀ :

"ਪੰਜਾਬੀਓਂ ਸੇ ਵਿਦੇਸ਼ ਵਾਲੇ ਭੀ ਤੰਗ ਆ ਗਏ। ਬੈਨਲਕੁਆਮੀ ਤੌਰ ਪਰ ਏਕ ਮੁਹਿਮ ਜੇਰੇਗੌਰ ਹੈ। ਜਿਸ ਮੇਂ ਬਾਹਰ ਦੇਸੋਂ ਮੇਂ ਰਹਿ ਰਹੇ ਪੰਜਾਬੀਓਂ ਕੋ ਖਦੇੜ ਬਾਹਰ ਕੀਆ ਜਾਏਗਾ।"

ਇਕ ਹੋਰ ਅਖਬਾਰ ਉਹਨੇ ਸਾਨੂੰ ਵਖਾਇਆ ਜੋ ਹਿੰਦੀ ਵਿਚ ਛਪਿਆ ਹੋਇਆ ਸੀ। ਉਸ ਦੀ ਮੋਟੀ ਸੁਰਖੀ ਸੀ —

"ਪੰਜਾਬ ਮੇਂ ਆਤੰਕਵਾਦ ਫਿਰ ਕਰਵਟੇਂ ਲੇਨੇ ਲਗਾ। ਏਕ ਖਾਸ ਫਿਰਕੇ ਕੇ ਲੋਗ ਇਸ ਕਾਮ ਮੇਂ ਵਿਅਸਤ ਹੈਂ। ਕੁੱਛ ਦੇਸ਼ ਧਰੋਹੀ ਅਨਸਰ ਇਨ ਕੇ ਪੀਛੇ ਹੈਂ।"

ਇਕ ਹੋਰ ਅਖਬਾਰ ਦੀ ਮੋਟੀ ਸੁਰਖੀ ਸੀ —

"ਪਿਛਲੇ ਦਿਨੋਂ ਜਗਾਹ ਜਗਾਹ ਪਰ ਹੂਏ ਬੰਬ ਧਮਾਕੋਂ ਮੇਂ ਪੰਜਾਬ ਕੇ ਉਗਰਵਾਦੀਓਂ ਕਾ ਹਾਥ। ਅਬ ਉਗਰਵਾਦੀਓਂ ਕੀ ਯਹ ਦੇਸ਼ ਧਰੋਹੀ ਕਾਰਵਾਈ ਬਰਦਾਸ਼ਤ ਨਹੀਂ ਕੀ ਜਾਏਗੀ।"

ਉਸੇ ਹੀ ਅਖਬਾਰ ਦੇ ਹੇਠਾਂ ' ਕਰਕੇ ਇਕ ਖੂੰਜੇ ਜਿਹੇ ਖਬਰ, ਬਰੀਕ ਅੱਖਰਾਂ ਵਿਚ ਛਪੀ ਹੋਈ ਸੀ —

"ਜਾਸੂਸੀ ਕਾ ਏਕ ਕੇਸ ਪਕੜਾ ਗਇਆ। ਰਾਸ਼ਟਰਪਤੀ ਭਵਨ ਕਾ ਏਕ ਕਰਮਚਾਰੀ ਔਰ ਪ੍ਰਧਾਨ ਮੰਤਰੀ ਕਾਰਿਆਲਿਆ ਕਾ ਏਕ ਕਰਮਚਾਰੀ ਇਸ ਮੇਂ ਸ਼ਾਂਮਲ ਬਤਾਏ ਜਾਤੇ ਹੈਂ। ਇਸ਼ ਗਰੋਹ ਮੇਂ ਕੁੱਲ ਅਠਾਰਾਂ ਆਦਮੀ ਸ਼ਾਂਮਲ ਹੈਂ। ਜਿਨ ਕੀ ਅਭੀ ਪੂਰੀ ਸ਼ਨਾਖਤ ਨਹੀਂ ਹੋ ਪਾਈ। ਕਹਾ ਜਾਤਾ ਹੈ ਕਿ ਯਹ ਗ੍ਰੋਹ ਬਾਹਰ ਕੇ ਦੇਸੋਂ ਕੋ ਅਪਨੇ ਦੇਸ ਕੇ ਅਹਮ ਰਾਜ਼ ਬੇਚਾ ਕਰਤਾ ਥਾ ....।"

ਇਕ ਹੋਰ ਅਖਬਾਰ ਉਸ ਨੌਜਵਾਨ ਨੇ ਅਸਾਡੇ ਅੱਗੇ ਕਰ ਦਿਤਾ। ਉਸ ਅਖਬਾਰ ਦੀ ਮੋਟੀ ਸੁਰਖੀ ਸੀ —

" ਆਤੰਕਵਾਦ ਤੇ ਉਗਰਵਾਦ ਦੀ ਅੱਗ ਵਿਚ ਸੜ ਰਿਹਾ ਪੰਜਾਬ ..."

ਅਖਬਾਰ ਤਾਂ ਪੰਜਾਬੀ ਅੱਖਰਾਂ ਵਿਚ ਛਪਿਆ ਸੀ ਪਰ ਅਸਾਂ ਨੂੰ ਹੈਰਾਨੀ ਹੋਈ ਕਿ ਇਹ ਕੌਣ ਭਲਾਮਾਣਸ ਪੰਜਾਬੀ ਹੈ ਜੋ ਪੰਜਾਬ ਦੇ ਅਖਬਾਰ ਵਿਚ ਹੀ ਪੰਜਾਬ ਉਪਰ ਝੂਠੀਆਂ ਤੋਹਮਤਾਂ ਛਾਪੀ ਜਾਂਦਾ ਹੈ। ਗਹੁ ਨਾਲ ਵੇਖਣ ਤੋਂ ਪਤਾ ਲਗਾ ਇਹ ਉਸੇ ਖਾਨਦਾਨ ਦਾ ਅਖਬਾਰ ਸੀ ਜਿਸ ਖਾਨਦਾਨ ਦਾ ਉਰਦੂ ਅਖਬਾਰ ਉਸ ਇਕ ਅੱਖੇ ਨੌਜਵਾਨ ਨੇ ਸਭ ਤੋਂ ਪਹਿਲਾਂ ਅਸਾਂ ਨੂੰ ਪੜ੍ਹਨ ਲਈ ਦਿਤਾ ਸੀ।

ਅਸਾਂ ਉਸ ਕਾਣੇ ਨੌਜਵਾਨ ਨੂੰ ਪੁੱਛਿਆ —

"ਭਾਈ ! ਫੱਟਾ ਤਾਂ ਇਸ ਬਰਾਂਡੇ ਦੇ ਅੱਗੇ ਤੁਸਾਂ ਲਾਇਆ ਹੈ ਕਿ ਏਥੇ ਹਰ ਤਰ੍ਹਾਂ ਦੀ ਅੱਗ ਲਾਉਣ ਵਾਲੇ ਮਿਲ ਸਕਦੇ ਹਨ — ਪਰ ਵੇਚਦਾ ਤੂੰ ਅਖਬਾਰ ਏਂ ... ਉਹ ਅੱਗ ਲਾਉਣ ਵਾਲੇ ਕਿੱਥੇ ਹਨ ? ..."

ਹਰਭਜਨ ਸਿੰਘ ਮਾਂਗਟ

ਆਪਣੀ ਹੀ ਅੱਖ ਵਿਚ ਅੱਜ ਮੈਂ ਸਮੁੰਦਰ ਦੇਖਿਆ।
ਡੁੱਬਦਾ ਜਿਸ ਵਿਚ ਮੈਂ ਅਪਣੇ ਜਿਸਮ ਦਾ ਘਰ ਦੇਖਿਆ।

ਜ਼ਿੰਦਗੀ ਜੋ ਬਖ਼ਸ਼ਦਾ ਸੀ, ਕਲ੍ਹ ਤਕ, ਐ ਦੋਸਤੋ,
ਜ਼ਹਿਰ ਬਣਿਆ ਅੱਜ ਕਿਉਂ ਓਹੀ ਸਰੋਵਰ ਦੇਖਿਆ।

ਹੱਸਦੇ ਸਨ ਫੁੱਲ ਜਿੱਥੇ, ਮਹਿਕਦੀ ਸੀ ਹਰ ਦਿਸ਼ਾ,
ਮੌਤ ਦਾ ਓਸੇ ਚਮਨ ਵਿਚ ਅੱਜ ਮੰਜ਼ਰ ਦੇਖਿਆ।

ਉਂਜ ਖੁਦਾ ਦੀ ਬੰਦਗੀ ਕੀਤੀ ਹਮੇਸ਼ਾਂ ਬੰਦਿਆਂ,
ਬੰਦਿਆਂ ਦੇ ਹੱਥ ਵਿਚ ਹੀ ਪਰ ਮੈਂ ਖੰਜ਼ਰ ਦੇਖਿਆ।

ਜ਼ਿੰਦਗੀ ਸੀ ਇਕ ਕਿਤਾਬੇ-ਇਸ਼ਕ ਜੋ ਸੁੰਦਰ ਬੜੀ,
ਡੁੱਬਿਆ ਮੈਂ ਤਾਂ ਲਹੂ ਵਿਚ ਹਰ ਹੀ ਅੱਖਰ ਦੇਖਿਆ।

ਫਿਲਮ ਦਰਪਣ

ਨੂਤਨ : ਆਦਰਸ਼ ਭਾਰਤੀ ਨਾਰੀ ਦਾ ਬਿੰਬ



ਨੂਤਨ ਜਿਸ ਨੂੰ ਸੰਗ ਤੇ ਸ਼ਰਮ, ਇਕ ਗਹਿਣੇ ਵਾਂਗ ਫਬਦੀ ਹੈ। ਜਵਾਨੀ ਵੇਲੇ ਦਾ ਇਹ ਸਕੈੱਚ ਉਹਦੇ ਡਰਾਇੰਗ ਰੂਮ 'ਚ ਸਜਿਆ ਹੋਇਆ ਹੈ।

ਨੂਤਨ ਨੇ ਭਾਰਤੀ ਨਾਰੀ ਦੇ ਅੰਦਰਲੀ ਪੀੜਾ, ਹੌਕਿਆਂ-ਹਾਵਿਆਂ, ਸੰਗ-ਸ਼ਰਮ ਅਤੇ ਮਾਨਸਿਕਤਾ ਦੀਆਂ ਸੂਖਮ ਪਰਤਾਂ ਨੂੰ ਸਿਨੇਮਾ ਦੀ ਸਕਰੀਨ 'ਤੇ ਇੰਝ ਰੂਪਮਾਨ ਕੀਤਾ ਕਿ ਉਹ ਇਕ ਮਿਸਾਲ ਬਣ ਗਈ। ਭਾਵੇਂ ਉਹਨੇ ਅਜਿਹਾ ਦਾਅਵਾ ਕਦੀ ਨਹੀਂ ਕੀਤਾ ਪਰ ਆਦਰਸ਼ ਭਾਰਤੀ ਨਾਰੀ ਦੀ ਗੱਲ ਉਹਦੇ ਨਾਲ ਭਲੀਭਾਂਤ ਜੁੜ ਗਈ।

"'ਬੰਦਨੀ' ਅਤੇ 'ਸੁਜਾਤਾ' ਫਿਲਮਾਂ ਵਿਚਲੇ ਭਾਰਤੀ ਨਾਰੀ ਦੇ ਰੋਲ ਨੂੰ ਨੂਤਨ ਨੇ ਏਨੀ ਪੁਖਤਮੀ ਨਾਲ ਨਿਭਾਇਆ ਕਿ ਉਹਦੇ ਕੋਲ ਇਹੋ ਜਿਹੇ ਰੋਲਾਂ ਦੇ ਢੇਰ ਲੱਗ ਗਏ। ਨੂਤਨ ਨੇ ਦਰਜਨਾਂ ਫਿਲਮਾਂ 'ਚ ਰੁਮਾਂਟਿਕ ਰੋਲ ਕੀਤੇ ਪਰ ਉਹਦੇ ਰੁਮਾਂਸ ਵਿਚ ਕਿਧਰੇ ਵੀ ਭੜਕੀਲਾਪਣ ਦਿਖਾਈ ਨਹੀਂ ਦੇਵੇਗਾ। ਸਹਿਜ ਤੇ ਸੂਹਜ ਦਾ ਬੋਲ ਬਾਲਾ ਹੋਵੇਗਾ। ਉਦਾਹਰਣ ਵਜੋਂ ਉਹਦੀਆਂ ਬਹੁਤ ਪੁਰਾਣੀਆਂ ਫਿਲਮਾਂ 'ਸੀਮਾਂ' ਤੇ 'ਬਾਰਿਸ਼' ਦੀ ਗੱਲ ਕੀਤੀ ਜਾ ਸਕਦੀ ਹੈ। 'ਸੀਮਾ' 'ਚ ਜਦੋਂ ਬਲਰਾਜ ਸਾਹਨੀ ਹੀਰੋ ਉਸਨੂੰ ਆਖਦਾ ਹੈ ਕਿ ਤੂੰ ਆਪਣੇ ਆਪ ਲਈ ਜਿਊਣ ਦਾ ਵੱਲ ਸਿੱਖ ਲੈ ਤਾਂ ਨੂਤਨ ਜਵਾਬ 'ਚ ਕਹਿੰਦੀ ਹੈ ਕਿ ਮੈਨੂੰ ਪਤੈ ਮੈਂ ਕੀਹਦੇ ਲਈ ਜਿਊਣਾ ਹੈ। ਸੰਵਾਦ ਨੂੰ ਉਚਾਰਨ ਵੇਲੇ ਨੂਤਨ ਦੀਆਂ ਅੱਖਾਂ 'ਚ ਜਿਸ ਤਰ੍ਹਾਂ ਅੱਖਾਂ ਪਾਈਆਂ ਜਾਪਦਾ ਸੀ ਕਿ ਕਿ ਉਹਦੇ ਬੁਲ੍ਹ ਨਹੀਂ ਅੱਖਾਂ ਬੋਲ ਰਹੀਆਂ ਨੇ। ਇਸੇ ਤਰ੍ਹਾਂ 'ਬਾਰਿਸ਼' ਵਿਚ ਦੇਵ ਆਨੰਦ ਉਸ ਦਾ ਹੀਰੋ ਹੁੰਦਾ ਹੈ। ਨੂਤਨ ਨੇ ਸੰਗਦਿਆਂ ਝਿਜਕਦਿਆਂ ਜਿਸ ਲਹਿਜੇ ਵਿਚ ਮੁੰਡੇ ਅੱਗੇ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ ਵਰਨਣਯੋਗ ਹੈ।

ਪਿਛਲੇ ਦੌਰ ਅਤੇ ਨਵੇਂ ਦੌਰ ਦੀਆਂ ਅਭਿਨੇਤਰੀਆਂ ਵਿਚ ਫਰਕ ਦਰਸਾਉਂਦਿਆਂ ਨੂਤਨ ਆਖਦੀ ਹੈ

"ਸਾਡੇ ਸਮਿਆਂ 'ਚ ਅਭਿਨੇਤਰੀਆਂ ਆਪਣੇ ਹਾਵ-ਭਾਵ ਪ੍ਰਗਟਾਉਣ ਤੇ ਚੱਲਣ ਫਿਰਨ ਦਾ ਇਕ ਖਾਸ ਤੌਰ ਤਰੀਕਾ ਆਪਣਾ ਲੈਂਦੀਆਂ ਸਨ। ਉਦੋਂ ਔਰਤ ਦੀ ਸ਼ਰਮ ਹੀ ਉਸ ਦਾ ਗਹਿਣਾ ਮੰਨੀ ਜਾਂਦੀ ਸੀ ਤੇ ਇਹੋ ਸੰਗ ਅਭਿਨੇਤਰੀਆਂ 'ਚ 'ਨਜ਼ਾਕਤ' ਅਤੇ "ਅਦਾ' ਦੇ ਰੂਪ 'ਚ ਪ੍ਰਤਿਬਿੰਬ ਹੁੰਦੀ ਸੀ। ਹੁਣ ਜਦੋਂ ਕਿ ਸਹਿਜ ਅਭਿਨੈ ਦਾ ਦੌਰ ਚੱਲਿਆ ਹੈ ਤਾਂ ਇਸਦਾ ਮਤਲਬ ਹੈ ਖੁਲ੍ਹਾ, ਆਜ਼ਾਦ ਵਾਤਾਵਰਣ। ਸਾਡੇ ਸਮਿਆਂ ਦੀਆਂ ਅਭਿਨੇਤਰੀਆਂ ਵਿਚ ਕੰਮ ਪ੍ਰਤੀ ਲਗਨ ਅੱਜ ਦੀਆਂ ਦੇ ਮੁਕਾਬਲਤਣ ਵੱਧ ਸੀ।

ਨੂਤਨ ਨੂੰ ਫਿਲਮ ਲਾਈਨ 'ਚ ਉਸਦੀ ਮਾਂ ਸ਼ੋਭਨਾ ਸਮਰਥ ਨੇ ਲਿਆਂਦਾ। ਸੰਨ 1951 ਵਿਚ ਸ੍ਰੀਮਤੀ ਸਮਰਥ ਨੇ 'ਹਮਾਰੀ ਬੇਟੀ' ਫਿਲਮ ਬਣਾਈ ਤੇ ਉਦੋਂ ਨੂਤਨ 15 ਵਰ੍ਹਿਆਂ ਦੀ ਸੀ। ਪਹਿਲੀ ਫਿਲਮ ਨਾਲ ਹੀ ਨੂਤਨ ਦਾ ਨਾਂ ਚੁਪਾਸੀ ਫੈਲਣਾ ਸ਼ੁਰੂ ਹੋ ਗਿਆ। ਇਸ ਤੋਂ ਇਕ ਸਾਲ ਬਾਅਦ ਦਲਸੁਖ ਪੰਚੋਲੀ ਨੇ ਉਸ ਨੂੰ 'ਨਗੀਨਾ' ਲਈ ਹੀਰੋਇਨ ਚੁਣ ਲਿਆ। ਇਥੋਂ ਆ ਕੇ ਨੂਤਨ ਦੀ ਅਭਿਨੈ-ਕਲਾ ਆਪਣੀ ਪਛਾਣ ਬਨਾਉਣ ਲੱਗੀ। ਫਿਰ ਚੱਲ ਸੋ ਚੱਲ। 'ਹਮਲੋਗ' 'ਨਿਰਮੋਹੀ', 'ਸ਼ੀਸ਼ਮ', 'ਮਾਲਕਿਨ', 'ਪੇਇੰਗ ਗੈਸਟ',, 'ਸੁਜਾਤਾ' ਤੇ 'ਕਭੀ-ਅੰਧੇਰਾ ਕਭੀ ਉਜਾਲਾ' ਆਦਿ ਮੀਲ-ਪੱਥਰ ਵਿਚ ਫਿਲਮਾਂ 'ਚ ਨੂਤਨ ਹੀਰੋਇਨ ਬਣ ਕੇ ਆਈ।

ਉਹਦੀਆਂ ਦੂਜੇ ਦੌਰ ਦੀਆਂ ਫਿਲਮਾਂ 'ਚੋਂ ਸੁਨੀਤ ਦੱਤ ਨਾਲ 'ਮਿਲਨ' ਅਤੇ ਧਰਮਿੰਦਰ ਨਾਲ 'ਦਿਲ ਨੇ ਫਿਰ ਯਾਦ ਕਿਆ' ਸਦਾ ਸਦਾ ਚੇਤੇ ਰਹਿਣਗੀਆਂ। 'ਯਾਦਗਾਰ' ਵੀ ਯਾਦ ਰਹੇਗੀ।

ਨੂਤਨ ਦੇ ਫਿਲਮੀ-ਸਫਰ ਦਾ ਤੀਜਾ ਦੌਰ 'ਮੈਂ ਤੁਲਸੀ ਤੇਰੇ ਆਂਗਨ ਕੀ' ਤੋਂ ਮਿਥਿਆ ਜਾ ਸਕਦਾ ਹੈ। ਅਜੇ ਕੱਲ੍ਹ ਦੀ ਗੱਲ ਹੈ ਕਿ ਉਹ 'ਯੁੱਧ' ਫਿਲਮ 'ਚ ਹੀਰੋ ਦੀ ਮਾਂ ਬਣ ਕੇ ਆਈ। ਇਹਨੀਂ ਦਿਨੀ ਘਈ ਦੀ 'ਮੇਰੀ ਜੰਗ' ਫਿਲਮ ਵਿਚ ਨੂਤਨ ਧਿਆਨ ਖਿਚਦੀ ਹੈ ਤੇ ਲਗਭਗ ਇਕ ਦਰਜਨ ਫਿਲਮਾਂ ਅਜੇ ਉਹਦੇ ਹੱਥ ਵਿਚ ਹਨ।

ਢਲ੍ਹ ਉਮਰ ਹੋਣ ਦੇ ਬਾਵਜੂਦ ਨੂਤਨ ਵੀਹ ਸਾਲ ਪਹਿਲਾਂ ਵਰਗੀ ਪਤਲੀ-ਪਤੰਗ ਤੇ ਫੁਰਤੀਲੀ ਹੈ। ਜਿਵੇਂ ਐਕਟਰਾਂ ਵਿਚੋਂ ਅਸ਼ੋਕ ਕੁਮਾਰ ਅਤੇ ਦੇਵ ਆਨੰਦ ਨੂੰ ਸਦਾ ਬਹਾਰ ਐਕਟਰ ਗਿਣਿਆ ਜਾਂਦਾ ਹੈ ਉਸੇ ਤਰ੍ਹਾਂ ਐਕਟਰਸਾਂ ਵਿਚੋਂ ਕੇਵਲ ਨੂਤਨ ਹੀ ਹੈ ਜਿਸ ਨੂੰ ਸਦਾ ਬਹਾਰ ਐਕਟਰਸ ਕਰਾਰ ਦਿਤਾ ਜਾ ਸਕਦਾ ਹੈ। ਨੂਤਨ ਦੀ ਡੀਲਡੌਲ ਨੂੰ ਤੱਕਦਿਆਂ ਪਿਛੋਂ ਜਿਹੇ ਸਬੋਧ ਮੁਕਰਜੀ ਨੇ ਕਿਹਾ ਸੀ, "ਨੂਤਨ ਤੇ ਦੇਵ ਆਨੰਦ ਨੂੰ ਲੈ ਕੇ ਮੈਂ ਦੁਬਾਰਾ 'ਪੇਇੰਗ ਗੈਸਟ' ਬਣਾਂ ਸਕਦਾ ਹਾਂ।" ਨੂਤਨ ਦੀਆਂ ਸਮਕਾਲੀ ਐਕਟਰਸਾਂ ਮੀਨਾ ਕੁਮਾਰੀ ਤੇ ਨਰਗਿਸ ਤਾਂ ਚਲੋ ਜਹਾਨ ਤੇ ਹੈ ਹੀ ਨਹੀਂ ਪਰ ਉਹਦੀਆਂ ਹਾਨਣਾਂ ਨਿੰਮੀ ਤੇ ਸਾਧਨਾ ਇਸ ਵੇਲੇ ਪਰਦੇ ਉਪਰ ਕਦੇ ਨਜ਼ਰੀ ਨਹੀਂ ਪਈਆਂ। ਇਥੋਂ ਤਕ ਕਿ ਨੂਤਨ ਤੋਂ ਬਾਅਦ ਉਭਰੀਆਂ ਮਾਲਾ ਸਿਨਹਾ, ਨੰਦਾ ਅਤੇ ਆਸ਼ਾ ਪਾਰਿਖ ਵੀ ਇਸ ਸਮੇਂ 'ਬੀਤੇ ਦੀਆਂ ਗੱਲਾਂ' ਬਣ ਕੇ ਰਹਿ ਗਈਆਂ ਹਨ। ਪਰ ਨੂਤਨ 'ਚ ਅਜੇ ਦਮ-ਖਮ ਹੈ।

ਕਿੰਨੀ ਦਿਲਚਸਪੀ ਦੀ ਗੱਲ ਹੈ ਕਿ ਬਲਰਾਜ ਸਾਹਨੀ ਨਾਲ ਨੂਤਨ 'ਸੋਨੇ ਦੀ ਚਿੜੀਆ' ਤੇ ਕਈ ਹੋਰ ਫਿਲਮਾਂ 'ਚ ਹੀਰੋਇਨ ਆਈ। ਫਿਰ ਸਾਹਨੀ ਦੇ ਬੇਟੇ ਪ੍ਰਿਕਸ਼ਤ ਸਾਹਨੀ ਨਾਲ ਵੀ 'ਹਮਾਰਾ ਨਸੀਬ' ਤੇ ਕਈ ਹੋਰ ਫਿਲਮਾਂ 'ਚ ਬਤੌਰ ਹੀਰੋਇਨ ਆਈ।

4 ਜੂਨ 1936 ਨੂੰ ਜਨਮੀ ਨੂਤਨ ਦੇਖਣੀ-ਦਾਖਣੀ ਤੋਂ ਜਾਪਦਾ ਨਹੀਂ ਕਿ ਪੰਜਾਹਾਂ ਨੂੰ ਢੁਕਣ ਵਾਲੀ ਹੈ। ਉਹ ਮਸੀਂ ਪੈਂਤੀਆਂ ਦੀ ਲਗਦੀ ਹੈ।

ਕਈਆਂ ਲਈ ਇਹ ਗੱਲ ਹੈਰਾਨੀ ਵਾਲੀ ਹੋਵੇਗੀ ਕਿ ਨੂਤਨ ਨੇ ਭਾਰਤੀ ਫਿਲਮਾਂ 'ਚ ਸਭ ਤੋਂ ਪਹਿਲਾਂ ਸਵਿਮਿੰਗਡਰੈਸ ਵਾਲੇ ਸੀਨ ਦਿਤੇ ਸਨ। 'ਦਿੱਲੀ ਕਾ ਠੱਗ' ਫਿਲਮ 'ਚ ਉਹਦੇ ਕੁਝ ਖੁਲ੍ਹੇ ਸੀਨਾਂ ਨੂੰ ਤੱਕਦਿਆਂ ਕਈਆਂ ਨੇ ਨੱਕ-ਬੁਲ੍ਹ ਵੱਟੇ ਸਨ ਤੇ ਕਿਹਾ ਸੀ ਕਿ 'ਭਾਰਤੀ ਨਾਰੀ' ਵਜੋਂ ਜਾਣੀ ਜਾਂਦੀ ਨੂਤਨ ਨੂੰ ਅਜਿਹੇ ਸੀਨ ਦੇਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਉਂਝ ਤਾਂ ਨੂਤਨ ਆਰਥਿਕ ਪੱਖੋਂ ਕਾਫੀ ਤਕੜੀ ਹੈ ਤੇ ਉਹਦੇ ਪਤੀ ਬਹਿਲ ਦਾ ਕਰੋੜਾਂ ਦਾ ਬਿਜ਼ਨਿਸ ਹੈ "ਪਰ ਪੈਸਾ ਸਭੋ ਕੁਝ ਨਹੀਂ ਹੁੰਦਾ ਤੇ ਉਦਾਸ ਪਲਾਂ 'ਚ ਮੈਂ ਕਵਿਤਾ ਲਿਖਦੀ ਹਾਂ। ਸੰਗੀਤ ਦਾ ਮੈਨੂੰ ਬੇਹੱਦ ਸ਼ੌਕ ਹੈ।" 'ਹਮਾਰੀ ਬੇਟੀ', 'ਛਬੀਲੀ', 'ਮਾਯੂਰੀ' ਤੇ ਕਈ ਹੋਰ ਫਿਲਮਾਂ ਵਿਚ ਨੂਤਨ ਨੇ ਗਾਣੇ ਵੀ ਗਾਏ ਸਨ। ਬਤੌਰ ਗਾਇਕਾ ਨੂਤਨ ਨੇ ਕਈ ਸਟੇਜ-ਪ੍ਰੋਗਰਾਮ ਦਿੱਤੇ ਹਨ।

ਐਕਟਰੈਸਾਂ 'ਚੋਂ ਉਹ ਨੂੰ ਮਧੂ ਬਾਲਾ, ਡਾਇਰੈਕਟਰਾਂ ਵਿਚੋਂ ਅਰਪਨਾ ਸੈਨ ਤੇ ਐਕਟਰਾਂ 'ਚੋਂ ਅਸ਼ੋਕ ਕੁਮਾਰ, ਦੇਵ ਆਨੰਦ ਨੂੰ ਉਹ ਸਰਵੋਤਮ ਮੰਨਦੀ ਹੈ। ਰਾਜਿੰਦਰ ਕੁਮਾਰ ਨੂੰ ਤਾਂ ਨੂਤਨ ਐਕਟਰ ਮੰਨਣ ਨੂੰ ਵੀ ਤਿਆਰ ਨਹੀਂ।

ਨੂਤਨ ਨੂੰ 'ਸਰਵੋਤਮ ਅਭਿਨੇਤਰੀ' ਦਾ ਹੁਣ ਤੱਕ ਪੰਜ ਵਾਰ ਐਵਾਰਡ ਮਿਲ ਚੁੱਕਾ ਹੈ।

ਸ਼ਮਸ਼ੇਰ ਸਿੰਘ ਸੰਧੂ

ਕਰੁਣਾ ਦੀ ਛੁਹ ਤੋਂ ਮਗਰੋਂ

ਡਾ: ਜਸਵੰਤ ਸਿੰਘ ਨੇਕੀ

ਅਚਾਨਕ ਕਲ੍ਹ ਮੇਰੇ ਆਕਾਸ਼ 'ਤੇ
ਤਾਰਾ 'ਅਸ਼ੁਭ' ਚੜ੍ਹਿਆ—
ਕਿਤੋਂ ਪੀੜਾ ਦਾ ਇਕ ਕਿਣਕਾ
ਮੇਰੀ ਮਿੱਟੀ 'ਚ ਆ ਵੜਿਆ।

ਮਹਾਂ ਵਿਸਫੋਟ ਹੋਇਆ, ਅੰਗ ਉੱਡੇ,
ਮੱਟ-ਘੜੀ ਛੁੱਟੀ,
ਤੇ ਠੀਕਰ 'ਚੋਂ ਜਿਵੇਂ ਚਿਣਗਾਂ ਦੀ
ਕੋਈ ਫੁੱਲਝੜੀ ਫੁੱਟੀ।

ਤਤੀਹਰਾਂ ਮਾਰਦਾ ਵਗਿਆ ਲਹੂ
ਦੇਹੀ ਦੇ ਬਾਰਾਂ 'ਚੋਂ,
ਉੜੇ ਇੰਦ੍ਰੇ ਚੱਟਕ ਕੇ
ਤ੍ਰੇੜੀਆਂ ਹੋਈਆਂ ਦੀਵਾਰਾਂ 'ਚੋਂ।

ਜਿਗਰ ਵਿਚ ਲੱਥ ਗਿਆ ਡੂੰਘਾ
ਹਨੇਰੀ ਰਾਤ ਦਾ ਭਾਲਾ;
ਪਈ ਚਿੰਤਨ 'ਤੇ ਬਿਜਲੀ,
ਚੇਤਨੀ ਦੀ ਟੁੱਟ ਗਈ ਮਾਲਾ।

ਮੇਰੀ ਸੰਵੇਦਨਾ 'ਤੇ ਭੂਰੀਆਂ
ਛਾਵਾਂ ਉਤਰ ਪਈਆਂ;
ਕੋਈ ਖ਼ਾਮੋਸ਼ੀਆਂ, ਸਾਹ-ਤੋੜਦੀ
ਮਿੱਟੀ ਨੂੰ ਡੱਸ ਗਈਆਂ!

ਲਹੂ ਦੇ ਛੰਭ ਵਿਚ, ਫਿਰ, ਮਾਸ ਦਾ
ਇਕ ਢੇਰ ਬਾਕੀ ਸੀ।
ਸੁਆਸਾਂ ਦੇ ਵਿਦਾ ਹੋਵਣ 'ਚ
ਪਲ ਭਰ ਦੇਰ ਬਾਕੀ ਸੀ।

**ਉਡਾਰੂ ਕੂੰਜ ਬੈਠੀ ਬਾਰ 'ਤੇ
ਪਰ ਤੋਲਦੀ ਹੋਈ—
ਕਿ ਸੁਰਤੀ ਸਾਗਰਾਂ ਦੇ ਪਾਰ
ਤੁਰ ਗਈ ਟਹਿਲਦੀ ਹੋਈ।**



ਸ਼ਬਾਨਾ - ਬਹੁਤੀਆਂ ਫਿਲਮਾਂ ਨੇ ਇਨਾਮ ਦਿਤੇ।

ਵਕਤ ਰੁਖਸਤ ਦੇ ਤੂੰ ਨਹੀਂ, ਨਾ ਸਹੀ,
ਰੌਸ਼ਨੀ ਦੂਰ ਤੋਂ ਬੁਲਾਏਗੀ।

ਤੂੰ ਚਲਾ ਆਏਂ ਫਿਰ ਨਾ ਕੋਲ ਮਿਰੇ,
ਨੀਂਦ ਜਦ ਤੈਨੂੰ ਫੜ ਸੁਲਾਏਗੀ।

ਚੰਨ ਸਿਖਰੀਂ ਜਦੋਂ ਪਹੁੰਚੇਗਾ,
ਚਾਨਣੀ ਦਰ੍ਯਾ ਵਿਚ ਨਹਾਏਗੀ।

ਕਬਰ ਮੇਰੀ ਤੇ ਜੁਗਨੂੰ ਤੇ ਨਾ ਤਾਰੇ,
ਯਾਦ ਤੇਰੀ ਦੀਏ ਜਗਾਏਗੀ।

ਵਕਤ ਅਜਮੇਰ ਦੋਸਤ ਹੈ ਕਿਸਦਾ,
ਇਹ ਘੜੀ ਪਰਤਕੇ ਨਾ ਆਏਗੀ।

ਦੀਵਾਲੀ ਮੁਬਾਰਕ

Diwali Greetings to all our customers & friends

FURNITURE

EXPLOSION

39" MATTRESS & BASE FROM 119^{95}

4 DR. CHEST 55^{95}



7 PC. DINETE SET

$329^{00}

ਰੌਇਲ ਫਰਨੀਚਰ
ਤੋਂ ਖ੍ਰੀਦਿਆ
ਫਰਨੀਚਰ
ਤੁਹਾਡੇ ਘਰ ਨੂੰ
ਸਦਾ ਚਮਕਾ

ਦੁਕਟ ਦਾ ਕੋਈ ਮੁੱਲ
ਨਹੀਂ, ਗੇੜਾ ਮਾਰਨਾ
ਵਿਅਰਥ ਨਹੀਂ
ਜਾਵੇਗਾ

7 PC KITCHEN SET FROM 198^{95}

3 PC SOFA, CHAIR & LOVE SEAT FROM 449^{95}



4 PC. PINE BEDROOM SUITE

$388^{00}

ROYAL
HIGH IN
QUALITY
LOWEST
IN
PRICES

ROYAL IS
WELL
KNOWN
FOR HIGH
QUALITY
FURNITURE
AND
LOWEST
PRICES!
THIS IS WHAT
OUR
CUSTOMERS
SAY



3 PC. DANISH DESIGN
HIGH BACK LIVING ROOM GROUP
ONLY $487^{00}

HOT HOT PRICES EVERYDAY 7 DAYS A WEEK

'ROYAL'

2607 MAIN ST., (at 10th. Ave.), Vancouver, B.C.
Ph. 874-9525

SOLID PINE BEDROOM SUITE
449^{95}

GREYFRIARS REALTY LTD.

15090 Fraser Highway Surrey, B.C. V3R 3P4

Ph. (604) 588-0131



Surinder[Suzie] Ahuja
Res. 581-6546
Off. 588-0131
Direct Pager 735-6616





3 BDRM BSMT (Surrey)
1 yr. old New Subdiv.



A Very Happy Diwali to All

NO! YOU DON'T HAVE TO GIVE YOUR HOME AWAY .....




I receive calls from buyers constantly and I am always in need of good saleable homes.



ਘਰ ਖ੍ਰੀਦਣ, ਵੇਚਣ ਜਾਂ ਘਰ ਸਬੰਧੀ ਹੋਰ ਸਲਾਹ ਲੈਣ ਲਈ ਮਿਲੋ ਜਾਂ ਫੋਨ ਕਰੋ। ਪੰਜਾਬੀ ਵਿਚ ਵੀ ਗੱਲਬਾਤ ਕਰ ਸਕਦੇ ਹੋ

NORTH AMERICAN LIFE ASSURANCE CO.



Sunil Ahuja

SUNIL AHUJA
representative

- ☐ Life Insurance
- ☐ Mortgage Insurance
- ☐ Children's Educational Plans
- ☐ R R S P

Bus. 685-9335
Res. 581-6546
320, 815 West Hasting St.
VANCOUVER, B.C. V6C 2W1